
PUNJAB VIDHAN SABHA

DEBATES

Friday, the 15th March, 2013

Vol. IV-No.4

OFFICIAL REPORT



CONTENTS

Punjab Vidhan Sabha Secretariat, Chandigarh

Price : Rs..................

ਪੰਜਾਬ ਸਰਕਾਰ ਦੇ ਮੰਤਰੀ ਮੰਡਲ ਦੀ ਸੂਚੀ

ਕ੍ਰਮ ਨੰ:	ਨਾਮ	ਵਿਭਾਗ
1.	ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ	ਨਿਆਂ, ਪ੍ਰਸੋਨਲ, ਬਿਜਲੀ, ਖੇਤੀਬਾੜੀ, ਵਿਜੀਲੈਂਸ, ਸਾਇੰਸ ਤਕਨਾਲੋਜੀ ਵਾਤਾਵਰਨ, ਸਹਿਕਾਰਤਾ, ਆਮ ਪ੍ਰਸ਼ਾਸਨ, ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ, ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ।
2.	ਸਰਦਾਰ ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ	ਗ੍ਰਹਿ, ਪ੍ਰਸ਼ਾਸਨਿਕ ਸੁਧਾਰ, ਮਕਾਨ ਉਸਾਰੀ, ਕਰ ਤੇ ਆਬਕਾਰੀ, ਪੂੰਜੀ ਨਿਵੇਸ਼ ਪ੍ਰੋਤਸ਼ਾਹਨ, ਖੇਡਾਂ ਅਤੇ ਯੁਵਕ ਸੇਵਾਵਾਂ ਭਲਾਈ ਅਤੇ ਸ਼ਹਿਰੀ ਹਵਾਬਾਜ਼ੀ।
3.	ਸ਼੍ਰੀ ਚੂਨੀ ਲਾਲ ਭਗਤ	ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ।
4.	ਸਰਦਾਰ ਸਰਵਣ ਸਿੰਘ ਫਿਲੌਰ	ਜੇਲ੍ਹਾਂ, ਸੈਰ-ਸਪਾਟਾ, ਸੱਭਿਆਚਾਰਕ ਮਾਮਲੇ, ਛਪਾਈ ਤੇ ਲਿਖਣ ਸਮੱਗਰੀ ਮੰਤਰੀ।
5.	ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ	ਖੁਰਾਕ ਤੇ ਸਿਵਲ ਸਪਲਾਈ, ਖਪਤਕਾਰ ਮਾਮਲੇ, ਫੂਡ ਪ੍ਰੋਸੈਸਿੰਗ ਅਤੇ ਸੂਚਨਾ ਤਕਨਾਲੋਜੀ ਮੰਤਰੀ।
6.	ਸਰਦਾਰ ਅਜੀਤ ਸਿੰਘ ਕੋਹਾੜ	ਟਰਾਂਸਪੋਰਟ, ਕਾਨੂੰਨੀ ਅਤੇ ਵਿਧਾਨਕ ਮਾਮਲੇ, ਚੋਣਾਂ ਅਤੇ ਰੋਜ਼ਗਾਰ ਉਤਪਤੀ ਮੰਤਰੀ।

7.	ਸਰਦਾਰ ਪਰਮਿੰਦਰ ਸਿੰਘ ਢੀਂਡਸਾ	ਵਿੱਤ ਤੇ ਯੋਜਨਾ, ਸੰਸਥਾਈ ਵਿੱਤ, ਬੈਂਕਿੰਗ ਤੇ ਪ੍ਰੋਗਰਾਮ ਲਾਗੂਕਰਨ ਮੰਤਰੀ।
8.	ਸ਼੍ਰੀ ਮਦਨ ਮੋਹਨ ਮਿੱਤਲ	ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ ਤੇ ਮਹਿਲਾ ਤੇ ਬਾਲ ਵਿਕਾਸ ਅਤੇ ਸੰਸਦੀ ਮਾਮਲੇ ਮੰਤਰੀ।
9.	ਸਰਦਾਰ ਸਿਕੰਦਰ ਸਿੰਘ ਮਲੂਕਾ	ਸਿੱਖਿਆ, ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ।
10.	ਸ਼੍ਰੀ ਸੁਰਜੀਤ ਕੁਮਾਰ ਜਿਆਣੀ	ਵਣ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ।
11.	ਸਰਦਾਰ ਬਿਕਰਮ ਸਿੰਘ ਮਜੀਠੀਆ	ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਪ੍ਰਵਾਸੀ ਭਾਰਤੀ ਮਾਮਲੇ ਅਤੇ ਗੈਰ ਰਵਾਇਤੀ ਊਰਜਾ ਮੰਤਰੀ।
12.	ਸਰਦਾਰ ਸੁਰਜੀਤ ਸਿੰਘ ਰੱਖੜਾ	ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ।
13.	ਸਰਦਾਰ ਸ਼ਰਨਜੀਤ ਸਿੰਘ ਢਿੱਲੋਂ	ਲੋਕ ਨਿਰਮਾਣ (ਭ ਤੇ ਮ) ਮੰਤਰੀ।
14.	ਸਰਦਾਰ ਜਨਮੇਜਾ ਸਿੰਘ ਸੇਖੋਂ	ਸਿੰਚਾਈ ਮੰਤਰੀ।
15.	ਸ਼੍ਰੀ ਅਨਿਲ ਜੋਸ਼ੀ	ਸਨਅਤਾਂ ਤੇ ਵਣਜ ਅਤੇ ਤਕਨੀਕੀ ਸਿੱਖਿਆ ਤੇ ਸਨਅਤੀ ਸਿਖਲਾਈ ਮੰਤਰੀ।
16.	ਸਰਦਾਰ ਗੁਲਜ਼ਾਰ ਸਿੰਘ ਰਣੀਕੇ	ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ।

ਮੁੱਖ ਸੰਸਦੀ ਸਕੱਤਰਾਂ ਦੀ ਸੂਚੀ

ਕ੍ਰਮ ਨੰ:	ਨਾਮ	ਅਹੁਦਾ
1.	ਸਰਦਾਰ ਸੋਹਣ ਸਿੰਘ ਠੰਡਲ	ਸਿੰਚਾਈ
2.	ਚੌਧਰੀ ਨੰਦ ਲਾਲ	ਜੰਗਲਾਤ, ਜੰਗਲੀ ਜੀਵ ਸੁਰੱਖਿਆ ਅਤੇ ਕਿਰਤ
3.	ਸਰਦਾਰ ਬਲਬੀਰ ਸਿੰਘ ਘੁੰਨਸ	ਜੇਲ੍ਹਾਂ, ਸੈਰ-ਸਪਾਟਾ, ਸੱਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ
4.	ਸ੍ਰੀ ਦੇਸ ਰਾਜ ਧੁੱਗਾ	ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ
5.	ਸਰਦਾਰ ਹਰਮੀਤ ਸਿੰਘ ਸੰਧੂ	ਲੋਕ ਨਿਰਮਾਣ (ਭ. ਤੇ ਮ.)
6.	ਸਰਦਾਰ ਮਨਤਾਰ ਸਿੰਘ ਬਰਾੜ	ਪੇਂਡੂ ਵਿਕਾਸ ਅਤੇ ਪੰਚਾਇਤਾਂ
7.	ਸ੍ਰੀਮਤੀ ਮਹਿੰਦਰ ਕੌਰ ਜੋਸ਼	ਡਾਕਟਰੀ ਸਿੱਖਿਆ ਅਤੇ ਖੋਜ
8.	ਸ੍ਰੀ ਅਵਿਨਾਸ਼ ਚੰਦਰ	ਉਚੇਰੀ ਸਿੱਖਿਆ
9.	ਸ੍ਰੀ ਕੇ.ਡੀ.ਭੰਡਾਰੀ	ਸਹਿਕਾਰਤਾ
10.	ਸਰਦਾਰ ਇੰਦਰਬੀਰ ਸਿੰਘ ਬੁਲਾਰੀਆ	ਸਿੱਖਿਆ
11.	ਸਰਦਾਰ ਅਮਰਪਾਲ ਸਿੰਘ ਅਜਨਾਲਾ	ਤਕਨੀਕੀ ਸਿੱਖਿਆ ਅਤੇ ਸਨਅਤੀ ਸਿਖਲਾਈ ਸੰਸਥਾਵਾਂ
12.	ਸਰਦਾਰ ਗੁਰਬਚਨ ਸਿੰਘ ਬੱਬੇਹਾਲੀ	ਖੇਤੀਬਾੜੀ
13.	ਸਰਦਾਰ ਵਿਰਸਾ ਸਿੰਘ ਵਲਟੋਹਾ	ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਰੱਖਿਆ ਸੇਵਾਵਾਂ ਭਲਾਈ
14.	ਸ੍ਰੀ ਐਨ.ਕੇ. ਸ਼ਰਮਾ	ਸਨਅਤ ਅਤੇ ਵਣਜ
15.	ਸ੍ਰੀਮਤੀ ਐਫ. ਨਿਸਾਰਾ ਖਾਤੂਨ (ਸ੍ਰੀਮਤੀ ਫਰਜ਼ਾਨਾ ਆਲਮ)	ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ
16.	ਡਾਕਟਰ ਨਵਜੋਤ ਕੌਰ ਸਿੱਧੂ	ਸਿਹਤ ਅਤੇ ਪਰਿਵਾਰ ਭਲਾਈ
17.	ਸ੍ਰੀ ਪ੍ਰਕਾਸ਼ ਚੰਦ ਗਰਗ	ਖੁਰਾਕ ਅਤੇ ਸਿਵਲ ਸਪਲਾਈ
18.	ਸ੍ਰੀ ਪਵਨ ਕੁਮਾਰ ਟੀਨੂੰ	ਖੇਡਾਂ ਅਤੇ ਯੁਵਕ ਸੇਵਾਵਾਂ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਭਲਾਈ
19.	ਸ੍ਰੀ ਸਰੂਪ ਚੰਦ ਸਿੰਗਲਾ	ਆਬਕਾਰੀ ਅਤੇ ਕਰ
20.	ਸ੍ਰੀ ਸੋਮ ਪ੍ਰਕਾਸ਼	ਸਥਾਨਕ ਸਰਕਾਰ

PUNJAB VIDHAN SABHA

Friday, the 15th March, 2013

The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Doctor Charnjit Singh Atwal) in the Chair.

STARRED QUESTIONS AND ANSWERS

ਮਾਨਯੋਗ ਸਪੀਕਰ: ਪ੍ਰਸ਼ਨ, ਸ਼੍ਰੀਮਤੀ ਚਰਨਜੀਤ ਕੌਰ ਬਾਜਵਾ।

ਸ਼੍ਰੀ ਸੁਨੀਲ ਜਾਖੜ: ਸਪੀਕਰ ਸਾਹਿਬ, ਮੈਂ ਪਹਿਲਾਂ ਕੁਝ ਕਹਿਣਾ ਚਾਹੁੰਦਾ ਹਾਂ।

ਮਾਨਯੋਗ ਸਪੀਕਰ: ਨਹੀਂ ਜੀ, ਅਜੇ ਨਹੀਂ। ....(ਵਿਘਨ)

ਸ਼੍ਰੀ ਸੁਨੀਲ ਜਾਖੜ: ਸਪੀਕਰ ਸਾਹਿਬ, ਬੜਾ ਇੰਪਾਰਟੈਂਟ ਮੈਟਰ ਹੈ। ਕੱਲ੍ਹ ਜਿਹੜੀ ਸਾਡੇ ਮੈਂਬਰਾਂ ਦੀ ਐਕਸਪਲਸ਼ਨ ਕੀਤੀ ਹੈ.....(ਵਿਘਨ)

ਮਾਨਯੋਗ ਸਪੀਕਰ : ਤੁਸੀਂ ਕੁਐਸਚਨ ਆਵਰ ਤੋਂ ਬਾਅਦ ਗੱਲ ਕਰ ਲੈਣਾ।

ਸ਼੍ਰੀ ਸੁਨੀਲ ਜਾਖੜ: ਪਹਿਲਾਂ ਸਾਡੀ ਗੱਲ ਸੁਣ ਲਵੋ।

ਮਾਨਯੋਗ ਸਪੀਕਰ: ਪਹਿਲਾਂ ਕੁਐਸਚਨ ਆਵਰ ਹੋ ਲੈਣ ਦਿਉ। ਮੈਂ ਤੁਹਾਨੂੰ ਐਸ਼ਿਓਰ ਕਰਦਾ ਹਾਂ ਕਿ ਮੈਂ ਤੁਹਾਨੂੰ ਟਾਈਮ ਦੇਵਾਂਗਾ। ਮੈਂ ਤੁਹਾਨੂੰ ਟਾਈਮ ਜ਼ਰੂਰ ਦੇਵਾਂਗਾ।

ਸ਼੍ਰੀ ਸੁਨੀਲ ਜਾਖੜ: ਸਪੀਕਰ ਸਾਹਿਬ, ਬੜਾ ਹੀ ਇੰਪਾਰਟੈਂਟ ਮਸਲਾ ਹੈ.... (ਵਿਘਨ)

ਮਾਨਯੋਗ ਸਪੀਕਰ: ਨਹੀਂ, ਨਹੀਂ, ਪਹਿਲਾਂ ਕੁਐਸਚਨ ਆਵਰ ਹੋ ਲੈਣ ਦਿਉ। ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਤੁਹਾਨੂੰ ਟਾਈਮ ਜ਼ਰੂਰ ਦਿਆਂਗਾ। ਜੇਕਰ ਨਾ ਦਿਆਂ ਤਾਂ ਤੁਸੀਂ ਕਹਿਣਾ।

ਸ਼੍ਰੀ ਸੁਨੀਲ ਜਾਖੜ : ਦੋ ਮਿੰਟ ਦੀ ਤਾਂ ਗੱਲ ਹੈ, ਸਪੀਕਰ ਸਾਹਿਬ, ਆਪਾਂ ਐਵੇਂ ਬਿਨਾਂ ਮਤਲਬ ਤੋਂ ਤਕਰਾਰ ਵੱਲ ਜਾ ਰਹੇ ਹਾਂ। (ਵਿਘਨ)

ਮਾਨਯੋਗ ਸਪੀਕਰ: ਨਹੀਂ, ਜਾਖੜ ਸਾਹਿਬ, ਆਪਾਂ according to rules ਚੱਲੀਏ। ਰੂਲਜ਼ ਪਰਮਿਟ ਨਹੀਂ ਕਰਦੇ, ਅਦਰਵਾਈਜ਼ ਕਰ ਦਿੰਦੇ।

ਸ਼੍ਰੀ ਸੁਨੀਲ ਜਾਖੜ: ਰੂਲ ਤੁਹਾਡਾ ਆਪਣਾ ਹੀ ਬਣਾਇਆ ਹੋਇਆ ਹੈ। ਕੱਲ੍ਹ ਨਹੀਂ ਹੋਇਆ।

ਮਾਨਯੋਗ ਸਪੀਕਰ: ਕੁਐਸਚਨ ਆਵਰ ਤੋਂ ਪਹਿਲਾਂ ਘੱਟ ਹੀ ਹੋਇਆ ਹੈ। ਐਸੀ ਕੋਈ ਗੱਲ ਨਹੀਂ।

ਸ਼੍ਰੀ ਸੁਨੀਲ ਜਾਖੜ: ਤੁਸੀਂ ਆਪ ਹੀ ਕਿਹਾ ਹੈ ਕਿ ਘੱਟ ਹੀ ਹੋਇਆ ਹੈ। ਇਸ ਦਾ ਮਤਲਬ ਇਹ ਹੈ ਕਿ ਪ੍ਰੈਸੀਡੈਂਟ ਤਾਂ ਹੈ।

ਮਾਨਯੋਗ ਸਪੀਕਰ: ਮੈਂ ਤੁਹਾਡਾ ਰਿਗਾਰਡ ਕਰਦਾ ਹਾਂ। ਮੈਂ ਕਹਿ ਰਿਹਾ ਹਾਂ ਕਿ ਅਕਾਰਡਿੰਗ ਟੂ ਰੂਲਜ਼ ਮੈਨੂੰ ਕੰਮ ਕਰਨ ਦਿਉ। ਮੈਂ ਤੁਹਾਨੂੰ ਜ਼ਰੂਰ ਟਾਈਮ ਦਿਆਂਗਾ। I assure you ਪਰ ਪਹਿਲਾਂ ਕੁਐਸਚਨ ਆਵਰ ਹੋ ਲੈਣ ਦਿਉ। ਮੈਂ ਹਰ ਹਾਲਤ ਵਿਚ ਤੁਹਾਨੂੰ ਟਾਈਮ ਦਿਆਂਗਾ।

ਸ਼੍ਰੀ ਸੁਨੀਲ ਜਾਖੜ: ਚਲੋ, ਕਰ ਲਵੋ। (ਸ਼ੋਰ....ਵਿਘਨ....)

ਮਾਨਯੋਗ ਸਪੀਕਰ: ਸ਼੍ਰੀਮਤੀ ਚਰਨਜੀਤ ਕੌਰ ਬਾਜਵਾ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 788

(ਇਸ ਸਮੇਂ ਸਬੰਧਤ ਮੈਂਬਰ ਵਲੋਂ ਸਦਨ ਵਿਚ ਹਾਜ਼ਰ ਹੋਣ ਦੇ ਬਾਵਜੂਦ ਆਪਣਾ ਪ੍ਰਸ਼ਨ ਪੇਸ਼ ਨਹੀਂ ਕੀਤਾ ਗਿਆ।)

ਮਾਨਯੋਗ ਸਪੀਕਰ: ਨਹੀਂ ਪੇਸ਼ ਕਰਨਾ ਚਾਹੁੰਦੇ ਤਾਂ ਮੈਂ ਕੀ ਕਰ ਸਕਦਾ ਹਾਂ। ਅਗਲਾ ਪ੍ਰਸ਼ਨ। ਸ਼੍ਰੀਮਤੀ ਅਰੁਨਾ ਚੌਧਰੀ ਜੀ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 747

(ਇਸ ਸਮੇਂ ਸਬੰਧਤ ਮੈਂਬਰ ਵਲੋਂ ਸਦਨ ਵਿੱਚ ਹਾਜ਼ਰ ਹੋਣ ਦੇ ਬਾਵਜੂਦ ਆਪਣਾ ਪ੍ਰਸ਼ਨ ਪੇਸ਼ ਨਹੀਂ ਕੀਤਾ ਗਿਆ।)

ਮਾਨਯੋਗ ਸਪੀਕਰ: ਅਗਲਾ ਪ੍ਰਸ਼ਨ ਸਰਦਾਰ ਹਰਪ੍ਰੀਤ ਸਿੰਘ ਜੀ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 724

(ਸਬੰਧਤ ਮੈਂਬਰ ਦੇ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 817

(ਸਬੰਧਤ ਮੈਂਬਰ ਦੇ ਸਦਨ ਵਿਚੋਂ ਸਸਪੈਂਡ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

ਮਾਨਯੋਗ ਸਪੀਕਰ : ਅਗਲਾ ਪ੍ਰਸ਼ਨ ਸਰਦਾਰ ਬਲਵਿੰਦਰ ਸਿੰਘ ਬੈਂਸ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 750

(ਸਬੰਧਤ ਮੈਂਬਰ ਦੇ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

ਮਾਨਯੋਗ ਸਪੀਕਰ: ਅਗਲਾ ਪ੍ਰਸ਼ਨ ਰਾਣਾ ਗੁਰਮੀਤ ਸਿੰਘ ਸੋਢੀ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 761

(ਇਸ ਸਮੇਂ ਸਬੰਧਤ ਮੈਂਬਰ ਨੇ ਸਦਨ ਵਿਚ ਹਾਜ਼ਰ ਹੋਣ ਦੇ ਬਾਵਜੂਦ ਉਸ ਵਲੋਂ ਆਪਣਾ ਪ੍ਰਸ਼ਨ ਪੇਸ਼ ਨਹੀਂ ਕੀਤਾ ਗਿਆ।)

Mr. Speaker: Thank You...... (ਵਿਘਨ....ਸ਼ੋਰ.) ਅਗਲਾ ਪ੍ਰਸ਼ਨ, ਸ੍ਰੀਮਤੀ ਚਰਨਜੀਤ ਕੌਰ ਬਾਜਵਾ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 793

(ਇਸ ਸਮੇਂ ਸਬੰਧਤ ਮੈਂਬਰ ਵੱਲੋਂ ਸਦਨ ਵਿਚ ਹਾਜ਼ਰ ਹੋਣ ਦੇ ਬਾਵਜੂਦ ਉਸ ਵੱਲੋਂ ਆਪਣਾ ਪ੍ਰਸ਼ਨ ਪੇਸ਼ ਨਹੀਂ ਕੀਤਾ ਗਿਆ।)

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 725

(ਸਬੰਧਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

ਸਰਦਾਰ ਲਾਲ ਸਿੰਘ (ਬੈਠੇ-ਬੈਠੇ) ਇਹ ਵੀ ਸਾਡੇ ਨਾਲ ਹੀ ਰਲ ਗਿਆ ਹੈ।

ਪਿੰਡ ਗੋਲੇਵਾਲਾ, ਜ਼ਿਲ੍ਹਾ ਫਰੀਦਕੋਟ ਵਿਚ ਕਾਲਜ ਖੋਲਣਾ

***796. ਸ੍ਰੀ ਦੀਪ ਮਲਹੋਤਰਾ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਸੱਚ ਹੈ ਕਿ ਪਿੰਡ ਗੋਲੇਵਾਲਾ, ਜ਼ਿਲ੍ਹਾ ਫਰੀਦਕੋਟ ਦੀ ਗ੍ਰਾਮ ਪੰਚਾਇਤ ਨੇ ਪਿੰਡ ਵਿਚ ਲੜਕੀਆਂ ਦਾ ਕਾਲਜ ਖੋਲ੍ਹਣ ਲਈ ਜ਼ਮੀਨ ਦੇਣ ਲਈ ਮਤਾ ਪਾਸ ਕਰਕੇ ਦੇ ਦਿੱਤਾ ਹੈ, ਜੇਕਰ ਅਜਿਹਾ ਹੋਵੇ ਤਾਂ ਉਥੇ ਕਾਲਜ ਕਦੋਂ ਤੱਕ ਖੋਲ੍ਹਣ ਦੀ ਸੰਭਾਵਨਾ ਹੈ?

ਸਰਦਾਰ ਸਿਕੰਦਰ ਸਿੰਘ ਮਲੂਕਾ: ਨਹੀਂ ਜੀ।

ਸ੍ਰੀ ਦੀਪ ਮਲਹੋਤਰਾ: ਮੇਰੀ ਇਕ ਅਰਜ਼ ਹੈ ਕਿ ਸਾਡੇ ਫਰੀਦਕੋਟ ਵਿਖੇ ਇਕੋ ਹੀ ਕਾਲਜ ਹੈ ਜਿਸ ਦੀ ਕੈਪੇਸਿਟੀ 500 ਤੋਂ 600 ਬੱਚਿਆਂ ਦੀ ਹੈ। 800 ਤੱਕ ਬੱਚੇ ਉਥੇ ਦਾਖਲ ਹੁੰਦੇ ਹਨ। ਸਾਡੇ ਇਕ ਪਿੰਡ ਗੋਲੇਵਾਲਾ ਦੀ ਗ੍ਰਾਮ ਪੰਚਾਇਤ ਨੇ ਜ਼ਮੀਨ ਦੇਣ ਲਈ ਮਤਾ ਪਾਸ ਕੀਤਾ ਸੀ। ਅਸੀਂ ਸਾਲ 1997 ਵਿਚ ਰਿਕੁਐਸਟ ਵੀ ਕੀਤੀ ਸੀ। 1997 ਵਿੱਚ ਵੀ ਸੀ. ਐਮ. ਸਾਹਿਬ ਨੇ ਕਿਹਾ ਸੀ ਕਿ ਕਾਲਜ ਖੁਲ੍ਹਣਾ ਚਾਹੀਦਾ ਸੀ। ਉਸ ਸਮੇਂ ਦਸ ਲੱਖ ਰੁਪਏ ਦੀ ਇੱਕ ਗ੍ਰਾਂਟ ਵੀ ਗਈ ਸੀ ਕਿ ਇਸ ਪਿੰਡ ਵਿੱਚ ਕਾਲਜ ਖੁਲ੍ਹਣਾ ਚਾਹੀਦਾ ਸੀ। ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਸਾਡੀ ਜ਼ੁੰਮੇਵਾਰੀ ਬਣਦੀ ਹੈ ਕਿਉਂਕਿ ਅਸੀਂ ਸਿੱਖਿਆ ਦਾ ਮਿਆਰ ਉੱਚਾ ਚੁੱਕਣ ਵਾਸਤੇ ਗੱਲ ਕਰਦੇ ਹਾਂ ਤੇ ਸਕੂਲਾਂ ਤੋਂ ਬਾਅਦ ਬੱਚੇ ਜਿਹੜੇ ਹਨ, ਉਹ ਐਜੂਕੇਸ਼ਨ ਲੈਣ ਲਈ ਕਿੱਥੇ ਜਾਣਗੇ?

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਐਮ.ਐਲ.ਏ. ਨੂੰ ਦੱਸਣਾ ਚਾਹੁੰਦਾ ਹਾਂ ਕਿ ਫਰੀਦਕੋਟ ਵਿੱਚ ਦੋ ਸਰਕਾਰੀ ਕਾਲਜ ਹਨ। ਨਾਲ ਹੀ ਕੋਟਕਪੂਰਾ ਹੈ, ਉੱਥੇ ਇੱਕ ਸਰਕਾਰੀ ਕਾਲਜ ਹੈ ਪਰ ਫਿਰ ਵੀ ਜੇ ਕੋਈ ਠੋਸ ਪ੍ਰਸਤਾਵ ਲੈ ਕੇ ਆਉਣਗੇ ਤਾਂ ਅਸੀਂ ਉਸ ਤੇ ਜ਼ਰੂਰ ਵਿਚਾਰ ਕਰਾਂਗੇ।

ਸ਼੍ਰੀ ਦੀਪ ਮਲਹੋਤਰਾ: ਸਪੀਕਰ ਸਾਹਿਬ, ਪੰਚਾਇਤ ਨੇ ਜਗ੍ਹਾ ਵਾਸਤੇ ਰੈਜ਼ੋਲਿਊਸ਼ਨ ਦਿੱਤਾ ਹੋਇਆ ਹੈ। ਉਸ ਤੋਂ ਇਲਾਵਾ ਵੀ ਜੋ ਕੋਈ ਹੋਰ ਚੀਜ਼ ਚਾਹੀਦੀ ਹੈ ਤਾਂ ਅਸੀਂ ਦੇਣ ਵਾਸਤੇ ਤਿਆਰ ਹਾਂ। ਮੇਰੀ ਰਿਕੁਐਸਟ ਹੈ ਕਿ ਆਸ਼ਵਾਸਨ ਦਿੱਤਾ ਜਾਵੇ ਕਿਉਂਕਿ 1997 ਤੋਂ ਇਹ ਗੱਲ ਚੱਲ ਰਹੀ ਹੈ ਕਿ ਗੋਲੇਵਾਲੇ ਕਾਲਜ ਖੋਲ੍ਹਣਾ ਚਾਹੀਦਾ ਹੈ। ਆਰਟਸ ਕਾਲਜ ਹੀ ਖੁੱਲ੍ਹ ਜਾਵੇ ਤਾਂ ਕਿ ਸਾਡੇ ਬੱਚੇ ਪੜ੍ਹਾਈ ਕਰ ਸਕਣ।

ਮਾਨਯੋਗ ਸਪੀਕਰ : ਮੰਤਰੀ ਜੀ, ਕੋਈ ਐਸ਼ਿਓਰੈਂਸ ਹੋ ਸਕਦੀ ਹੈ।

ਮੰਤਰੀ: ਸਪੀਕਰ ਸਾਹਿਬ, ਪੰਚਾਇਤ ਨੇ ਕੋਈ ਰੈਜ਼ੋਲਿਊਸ਼ਨ ਨਹੀਂ ਪਾਇਆ। ਇੱਕ ਸਿੰਪਲ ਐਪਲੀਕੇਸ਼ਨ ਮਾਨਯੋਗ ਮੁੱਖ ਮੰਤਰੀ ਜੀ ਨੂੰ ਦਿੱਤੀ ਗਈ ਸੀ। ਮੈਂ ਕਿਹਾ ਸੀ ਕਿ ਜੇ ਇਹ ਠੋਸ ਪ੍ਰਸਤਾਵ ਲੈ ਕੇ ਆਉਣਗੇ, ਜ਼ਮੀਨ ਬਾਰੇ ਮਤਾ ਪਾਸ ਕਰਕੇ ਲੈ ਕੇ ਆਉਣਗੇ ਤਾਂ ਇਸ ਤੇ ਜ਼ਰੂਰ ਵਿਚਾਰ ਕਰਾਂਗੇ।

ਮਾਨਯੋਗ ਸਪੀਕਰ: ਤੁਸੀਂ ਮਤਾ ਪਾ ਕੇ ਮੰਤਰੀ ਜੀ ਕੋਲ ਲੈ ਕੇ ਆਓ।

ਸ਼੍ਰੀ ਦੀਪ ਮਲਹੋਤਰਾ: ਅਸੀਂ ਦੁਬਾਰਾ ਮਤਾ ਪਾ ਕੇ ਲੈ ਆਉਂਦੇ ਹਾਂ।

ਸਰਕਾਰੀ ਕਬਜ਼ੇ ਅਧੀਨ ਵਿਅਰਥ ਪਈ ਜ਼ਮੀਨ ਸਬੰਧੀ

***797. ਸ਼੍ਰੀ ਦੀਪ ਮਲਹੋਤਰਾ :** ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਫਰੀਦਕੋਟ ਨੇੜੇ ਸਰਕਾਰੀ ਕਬਜ਼ੇ ਹੇਠ ਲਗਭਗ 4800 ਏਕੜ ਵਿਅਰਥ ਜ਼ਮੀਨ ਉੱਤੇ ਉਦਯੋਗ ਸਥਾਪਿਤ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਸ ਦੇ ਵੇਰਵੇ ਕੀ ਹਨ?

ਸ਼੍ਰੀ ਅਨਿਲ ਜੋਸ਼ੀ : ਨਹੀਂ ਜੀ। ਫਰੀਦਕੋਟ ਨੇੜੇ ਅਜਿਹੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਸ਼੍ਰੀ ਦੀਪ ਮਲਹੋਤਰਾ: ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇੱਕ ਫੋਕਲ ਪੁਆਇੰਟ ਵਾਸਤੇ ਫਰੀਦਕੋਟ ਵਿੱਚ 1997 ਵਿੱਚ ਵੀ 100 ਏਕੜ ਜਗ੍ਹਾ ਐਕੁਆਇਰ ਹੋਈ ਸੀ। ਉਸ ਦਾ ਸੈਕਸ਼ਨ-4 ਅਤੇ ਸੈਕਸ਼ਨ-6 ਦਾ ਕੰਮ ਵੀ ਹੋ ਚੁੱਕਾ ਸੀ। ਪ੍ਰਾਈਸ ਵਾਸਤੇ ਕਮੇਟੀ ਬਣ ਗਈ ਸੀ, ਪਰ ਉਸ ਤੋਂ ਬਾਅਦ ਅੱਜ ਤੱਕ ਇਸ ਬਾਰੇ

ਕੋਈ ਧਿਆਨ ਨਹੀਂ ਦਿੱਤਾ ਗਿਆ। ਫਰੀਦਕੋਟ ਵਿੱਚ ਜਗ੍ਹਾ ਅਵੇਲੇਬਲ ਹੈ। ਅਸੀਂ ਫੋਕਲ ਪੁਆਇੰਟ ਵਾਸਤੇ 200 ਏਕੜ ਜ਼ਮੀਨ ਹੋਰ ਦੇਣ ਨੂੰ ਤਿਆਰ ਹਾਂ। ਸਰਕਾਰ ਕੋਲ ਜਗ੍ਹਾ ਪਈ ਹੈ। ਜਦੋਂ ਤੱਕ ਉਸ ਇਲਾਕੇ ਵਿੱਚ ਇੰਡਸਟਰੀ ਨਹੀਂ ਆਵੇਗੀ, ਉਥੇ ਇੰਪਲਾਇਮੈਂਟ ਜੈਨਰੇਸ਼ਨ ਦਾ ਹੱਲ ਕਿਸ ਤਰ੍ਹਾਂ ਬਣੇਗਾ? ਉਥੇ ਕੋਈ ਵੀ ਇੰਡਸਟਰੀ ਨਹੀਂ ਹੈ। ਫੋਕਲ ਪੁਆਇੰਟ ਵਾਸਤੇ ਜਗ੍ਹਾ ਸਰਕਾਰ ਕੋਲ ਹੈ ਤੇ ਮਿਹਰਬਾਨੀ ਕਰਕੇ ਤੁਸੀਂ ਇਸ ਪਾਸੇ ਧਿਆਨ ਦਿਓ ਤਾਂ ਕਿ ਉਸ ਇਲਾਕੇ ਦੀ ਤਰੱਕੀ ਹੋ ਸਕੇ।

ਮਾਨਯੋਗ ਸਪੀਕਰ: ਤੁਸੀਂ ਕੋਈ ਕੁਐਸਚਨ ਵੀ ਪੁੱਛ ਲਓ ਕਿ ਤੁਸੀਂ ਕਰਨਾ ਕੀ ਚਾਹੁੰਦੇ ਹੋ?

ਸ਼੍ਰੀ ਦੀਪ ਮਲਹੋਤਰਾ: ਸਪੀਕਰ ਸਾਹਿਬ, ਫਰੀਦਕੋਟ ਵਿਖੇ ਫੋਕਲ ਪੁਆਇੰਟ ਦਿੱਤਾ ਜਾਵੇ। ਜ਼ਮੀਨ ਸਰਕਾਰ ਕੋਲ ਪਈ ਹੈ। ਜੇ ਇਸ ਤੋਂ ਇਲਾਵਾ ਸਰਕਾਰ ਕੋਈ ਟੈਕਸਟਾਈਲ ਪਾਰਕ ਜਾਂ ਕੋਈ ਹੋਰ ਪਾਰਕ ਖੋਲ੍ਹਣਾ ਚਾਹੁੰਦੀ ਹੈ ਤਾਂ ਸਾਡੇ ਕੋਲ ਜਗ੍ਹਾ ਅਵੇਲੇਬਲ ਹੈ। ਇੰਡਸਟਰੀਲਾਈਜ਼ੇਸ਼ਨ ਜੇ ਤੁਸੀਂ ਕਰੋਗੇ ਤਾਂ ਸਾਡੇ ਇਲਾਕੇ ਵਿੱਚ ਇੰਡਸਟਰੀ ਆਵੇਗੀ।

ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਦੀ ਗੱਲ ਠੀਕ ਹੈ ਪਰ ਇਨ੍ਹਾਂ ਨੇ ਜਿਹੜੀ ਜਗ੍ਹਾ ਦੀ ਗੱਲ ਕੀਤੀ ਹੈ, ਉਸ ਬਾਰੇ ਕੁਝ ਵੀ ਮੈਨਸ਼ਨ ਨਹੀਂ ਹੈ। ਇਨ੍ਹਾਂ ਨੇ ਸਵਾਲ ਵਿੱਚ 4800 ਏਕੜ ਵਿਅਰਥ ਜ਼ਮੀਨ ਦੱਸੀ ਸੀ ਜਿਸ ਦਾ ਵੇਰਵਾ ਮੇਰੇ ਕੋਲ ਹੈ। 4660 ਏਕੜ ਜ਼ਮੀਨ ਪਿੰਡ ਬੀੜ ਗੁਨਿਆਣਾ ਵਿਖੇ ਉਪਲਬਧ ਹੈ ਜਿਸ ਦੀ ਮਾਲਕੀ ਮਿਹਰਵਾਲ ਖੇਵਾ ਜੀ ਟਰੱਸਟ, ਫਰੀਦਕੋਟ ਪਾਸ ਹੈ ਪਰ ਇਹ ਜ਼ਮੀਨ ਸਾਲ 2020 ਤੱਕ ਭਾਰਤੀ ਫੌਜ ਪਾਸ ਲੀਜ਼ ਤੇ ਹੈ। ਇਨ੍ਹਾਂ ਨੇ ਸਵਾਲ ਵਿੱਚ ਇਹੀ ਜ਼ਿਕਰ ਕੀਤਾ ਹੈ ਕਿ ਇਹ 4800 ਏਕੜ ਵਿਅਰਥ ਜ਼ਮੀਨ ਹੈ, ਉਹ ਮੈਂ ਦੱਸਿਆ ਹੈ ਕਿ ਉਹ ਭਾਰਤੀ ਫੌਜ ਕੋਲ ਸਾਲ 2020 ਤੱਕ ਲੀਜ਼ ਤੇ ਹੈ। ਫਿਲਹਾਲ ਹੋਰ ਜ਼ਮੀਨ ਦੀ ਜਿਹੜੀ ਇਹ ਗੱਲ ਕਰ ਰਹੇ ਹਨ, 200 ਏਕੜ ਜਾਂ ਜਿਹੜੀ ਇਹ ਕਹਿ ਰਹੇ ਹਨ ਕਿ ਸਰਕਾਰ ਨੇ ਐਕੁਆਇਰ ਕੀਤੀ ਹੈ ਜਾਂ ਕੁਝ ਹੋਰ ਜਿਹੜੀ ਇਹ ਕਹਿ ਰਹੇ ਹਨ ਕਿ ਸਾਡੇ ਕੋਲ ਹੈ, ਮੈਂ 15 ਦਿਨਾਂ ਵਿੱਚ ਪੀ.ਐਸ.ਆਈ.ਸੀ. ਦੇ ਅਫਸਰ ਇਨ੍ਹਾਂ ਕੋਲ ਭੇਜ ਦੇਵਾਂਗਾ। ਇਹ ਪੂਰੀ ਜ਼ਮੀਨ ਵੀ ਦਿਖਾ ਦੇਣ। ਹੋਰ ਵੀ ਕੋਈ ਕਾਰਵਾਈ ਜਿਹੜੀ ਕਰਨ ਵਾਲੀ ਹੈ, ਉਹ ਅਫਸਰ ਇਨ੍ਹਾਂ ਕੋਲ ਜਾ ਕੇ ਕਰਨਗੇ। ਮੈਂ ਐਸ਼ਿਓਰ ਕਰਦਾ ਹਾਂ ਕਿ ਜੇ ਉਥੇ ਇੰਡਸਟਰੀ ਲਗਾਉਣ ਲਈ ਵਾਇਬਿਲਟੀ ਹੋਈ ਔਰ

[ਉਦਯੋਗ ਮੰਤਰੀ]

ਲੋਕ ਇੰਡਸਟਰੀ ਲਗਾਉਣ ਲਈ ਇੰਟਰੈਸਟਿਡ ਹੋਏ ਤਾਂ ਜ਼ਰੂਰ ਲਗਾਈ ਜਾਵੇਗੀ। ਜੇ ਇਹ ਇਨਵੈਸਟਮੈਂਟ ਲੈ ਕੇ ਆਉਂਦੇ ਹਨ ਜਾਂ ਕਿਸੇ ਹੋਰ ਇਨਵੈਸਟਰ ਨੂੰ ਵੀ ਲਿਆਉਂਦੇ ਹਨ ਤਾਂ ਪਾਜ਼ੇਟਿਵਲੀ ਉਥੇ ਜੋ ਵੀ ਕਹਿਣਗੇ, ਇੰਡਸਟਰੀ ਪਾਰਕ ਜਾਂ ਫੋਕਲ ਪੁਆਇੰਟ, ਉਹ ਅਸੀਂ ਸਥਾਪਿਤ ਕਰਾਂਗੇ।

ਸ਼੍ਰੀ ਦੀਪ ਮਲਹੋਤਰਾ : ਧੰਨਵਾਦ ਜੀ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 736

(ਸਬੰਧਤ ਮੈਂਬਰ ਵੱਲੋਂ ਇਹ ਸਵਾਲ ਪੇਸ਼ ਨਹੀਂ ਕੀਤਾ ਗਿਆ।)

ਨਿਸ਼ਾਨ ਵਾਲਾ ਪ੍ਰਸ਼ਨ ਨੰ: 737*

ਮਾਨਯੋਗ ਸਪੀਕਰ: ਇਸ ਸਵਾਲ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 752

(ਸਬੰਧਤ ਮੈਂਬਰ ਵੱਲੋਂ ਸਦਨ ਵਿੱਚ ਹਾਜ਼ਰ ਹੋਣ ਦੇ ਬਾਵਜੂਦ ਇਹ ਸਵਾਲ ਪੇਸ਼ ਨਹੀਂ ਕੀਤਾ ਗਿਆ।)

ਨਿਸ਼ਾਨ ਵਾਲਾ ਪ੍ਰਸ਼ਨ ਨੰ: 818

(ਸਬੰਧਤ ਮੈਂਬਰ ਦੇ ਮੁਅੱਤਲ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ।)

ਨਿਸ਼ਾਨ ਵਾਲਾ ਪ੍ਰਸ਼ਨ ਨੰ: 753

(ਸਬੰਧਤ ਮੈਂਬਰ ਵਲੋਂ ਸਦਨ ਵਿੱਚ ਹਾਜ਼ਰ ਹੋਣ ਦੇ ਬਾਵਜੂਦ ਇਹ ਸਵਾਲ ਪੇਸ਼ ਨਹੀਂ ਕੀਤਾ ਗਿਆ।)

ਨਿਸ਼ਾਨ ਵਾਲਾ ਪ੍ਰਸ਼ਨ ਨੰ: 775

(ਸਬੰਧਤ ਮੈਂਬਰ ਦੇ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ।)

ਨਿਸ਼ਾਨ ਵਾਲਾ ਪ੍ਰਸ਼ਨ ਨੰ: 805

(ਸਬੰਧਤ ਮੈਂਬਰ ਦੇ ਮੁਅੱਤਲ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ।)

ਨਿਸ਼ਾਨ ਵਾਲਾ ਪ੍ਰਸ਼ਨ ਨੰ: 745

(ਸਬੰਧਤ ਮੈਂਬਰ ਵਲੋਂ ਸਦਨ ਵਿੱਚ ਹਾਜ਼ਰ ਹੋਣ ਦੇ ਬਾਵਜੂਦ ਇਹ ਸਵਾਲ ਪੇਸ਼ ਨਹੀਂ ਕੀਤਾ ਗਿਆ।)

ਨਿਸ਼ਾਨ ਵਾਲਾ ਪ੍ਰਸ਼ਨ ਨੰ: 776

(ਸਬੰਧਤ ਮੈਂਬਰ ਦੇ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ।)

*For Starred Question No. 737 and reply thereto, pl. see Appendix to this Debates

ਸ੍ਰੀ ਸੁਨੀਲ ਜਾਖੜ: ਸਪੀਕਰ ਸਾਹਿਬ . .

ਮਾਨਯੋਗ ਸਪੀਕਰ: ਮੈਨੂੰ ਸਵਾਲ ਖਤਮ ਕਰ ਲੈਣ ਦਿਓ, ਬੱਸ ਇੱਕ ਦੋ ਸਵਾਲ ਹੀ ਰਹਿ ਗਏ ਹਨ

ਨਿਸ਼ਾਨ ਵਾਲਾ ਪ੍ਰਸ਼ਨ ਨੰ: 566

(ਸਬੰਧਤ ਮੈਂਬਰ ਦੇ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ)
(ਵਿਘਨ) . .

ਮਾਨਯੋਗ ਸਪੀਕਰ: ਮੈਨੂੰ ਆਪਣਾ ਕੰਮ ਨਿਬੇੜ ਲੈਣ ਦਿਓ, ਫਿਰ ਗੱਲ ਕਰ ਲਿਓ।

ਸਰਦਾਰ ਹਰਪ੍ਰੀਤ ਸਿੰਘ: ਮਾਨਯੋਗ ਸਪੀਕਰ ਸਾਹਿਬ, ਮੇਰੇ ਦੋ ਕਐਸਚਨ ਰਹਿ ਗਏ ਹਨ

ਮਾਨਯੋਗ ਸਪੀਕਰ: ਸਰਦਾਰ ਹਰਪ੍ਰੀਤ ਸਿੰਘ ਜੀ, ਕਿਰਪਾ ਕਰਕੇ 10.00 ਵਜੇ ਤੋਂ ਪਹਿਲਾਂ ਸੀਟ ਤੇ ਆਇਆ ਕਰੋ ਅੱਜ ਤਾਂ ਮੈਂ ਅਲਾਓ ਕਰ ਦਿੰਦਾ ਹਾਂ। ਅੱਗੇ ਤੋਂ ਇਸ ਤਰ੍ਹਾਂ ਨਾ ਕਰਿਆ ਕਰੋ। ਟਾਈਮ ਸਿਰ ਆਇਆ ਕਰੋ ਸਰਦਾਰ ਹਰਪ੍ਰੀਤ ਸਿੰਘ

ਰਾਜ ਵਿਚ ਨਵੇਂ ਪਸ਼ੂ-ਚਿਕਿਤਸਾ ਡਾਕਟਰਾ ਦੀ ਭਰਤੀ

***724. ਸਰਦਾਰ ਹਰਪ੍ਰੀਤ ਸਿੰਘ:** ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿੱਚ ਨਵੇਂ ਪਸ਼ੂ ਚਿਕਿਤਸਾ ਡਾਕਟਰ ਭਰਤੀ ਕੀਤੇ ਜਾਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਜੇਕਰ ਅਜਿਹਾ ਹੋਵੇ ਤਾਂ ਕਦ ਤੱਕ?

ਸਰਦਾਰ ਗੁਲਜ਼ਾਰ ਸਿੰਘ ਰਣੀਕੇ: ਪਸ਼ੂ ਪਾਲਣ ਵਿਭਾਗ, ਪੰਜਾਬ ਵਿਚ ਪਸ਼ੂ ਚਿਕਿਤਸਾ ਡਾਕਟਰ ਭਰਤੀ ਕਰਨ ਲਈ 170 ਵੈਟੀ ਅਫਸਰਾਂ ਦੀਆਂ ਖਾਲੀ ਪਈਆਂ ਅਸਾਮੀਆਂ ਨੂੰ ਮੁੜ ਸੁਰਜੀਤ ਕਰਵਾਕੇ ਭਰਨ ਲਈ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ। ਇਨ੍ਹਾਂ ਡਾਕਟਰਾਂ ਦੀ ਭਰਤੀ ਅਸਾਮੀਆਂ ਦੇ ਮੁੜ ਸੁਰਜੀਤ ਹੋਣ ਉਪਰੰਤ ਮੰਗ ਪੱਤਰ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਨੂੰ ਭੇਜ ਦਿੱਤਾ ਜਾਵੇਗਾ

ਸਰਦਾਰ ਹਰਪ੍ਰੀਤ ਸਿੰਘ: ਮਾਨਯੋਗ ਸਪੀਕਰ ਸਾਹਿਬ, ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੋਣ ਕਰਕੇ ਖੇਤੀ ਦੇ ਨਾਲ ਸਹਾਇਕ ਧੰਦੇ ਵਜੋਂ ਪਸ਼ੂ ਵੀ ਪੰਜਾਬ ਵਿੱਚ ਬੜੀ ਵੱਡੀ ਗਿਣਤੀ ਵਿੱਚ ਰੱਖੇ ਜਾਂਦੇ ਹਨ ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਲੋਕਾਂ ਦੇ ਹਿਤ ਨੂੰ ਧਿਆਨ ਵਿੱਚ ਰੱਖਦੇ ਹੋਏ ਕਦੋਂ ਤੱਕ ਇਹ ਪ੍ਰੋਸੈਸ ਕੰਪਲੀਟ ਕਰ ਲਿਆ ਜਾਵੇਗਾ?

ਮੰਤਰੀ: ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਸਾਡਾ ਪ੍ਰੋਸੈਸ ਹੈ, ਇਹ ਚੱਲ ਰਿਹਾ ਹੈ ਚੀਫ ਸੈਕ੍ਰੇਟਰੀ ਸਾਹਿਬ ਕੱਲ ਇੱਕ ਮੀਟਿੰਗ ਵੀ ਹੋਈ ਹੈ ਪਰ ਅਜ ਤੱਕ ਉਸ ਦਾ ਹੱਲ ਨਹੀਂ ਹੋ ਸਕਿਆ ਜਲਦੀ ਉਸ ਦੀ ਪੈਰਵੀ ਕਰਕੇ, ਜਦੋਂ ਵੀ ਸਾਨੂੰ ਆਗਿਆ ਮਿਲ ਗਈ, ਮੈਂਬਰ ਸਾਹਿਬ ਦੀ ਭਾਵਨਾ ਬੜੀ ਵਧੀਆ ਹੈ, ਇਸ ਦੀ ਲੋੜ ਵੀ ਹੈ, ਅਸੀਂ ਜਲਦੀ ਕਰਵਾਉਣ ਦੀ ਕੋਸ਼ਿਸ਼ ਕਰਾਂਗੇ।

ਸਰਦਾਰ ਹਰਪ੍ਰੀਤ ਸਿੰਘ: ਧੰਨਵਾਦ ਜੀ।

ਅਧਿਆਪਕਾਂ ਦੀਆਂ ਖਾਲੀ ਪਈਆਂ ਅਸਾਮੀਆਂ ਦੀ ਗਿਣਤੀ

***725. ਸਰਦਾਰ ਹਰਪ੍ਰੀਤ ਸਿੰਘ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਵੱਖ-ਵੱਖ ਕੈਟੇਗਰੀਆ ਦੇ ਅਧਿਆਪਕਾਂ ਦੀਆ ਖਾਲੀ ਪਈਆਂ ਅਸਾਮੀਆਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਹੈ ਅਤੇ ਉਕਤ ਅਸਾਮੀਆਂ ਕਦ ਤੱਕ ਭਰੀਆਂ ਜਾਣਗੀਆਂ ਅਤੇ ਭਰਤੀ ਲਈ ਕੀ ਕਸੌਟੀ ਅਪਣਾਈ ਗਈ ਹੈ।

ਸਰਦਾਰ ਸਿਕੰਦਰ ਸਿੰਘ ਮਲੂਕਾ: ਸ਼੍ਰੀਮਾਨ ਜੀ, ਸਿੱਖਿਆ ਵਿਭਾਗ, ਪੰਜਾਬ ਵਿਚ ਇਸ ਸਮੇਂ ਅਧਿਆਪਕਾਂ ਦੀਆ ਖਾਲੀ ਅਸਾਮੀਆਂ ਦੀ ਕੈਟਾਗਰੀ ਵਾਈਜ਼ ਜ਼ਿਲ੍ਹਾ ਵਾਰ ਗਿਣਤੀ ਅਨਲੱਗ 'ੳ' ਅਨੁਸਾਰ ਹੈ। ਇਨ੍ਹਾਂ ਅਸਾਮੀਆਂ ਨੂੰ ਵਿਭਾਗੀ ਰੂਲਾਂ ਅਨੁਸਾਰ ਜਲਦ ਹੀ ਭਰਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ।

ਅਨਲੱਗ 'ੳ'

ਵਿਸ਼ਾ ਜ਼ਿਲ੍ਹਾ ਵਾਈਜ਼/ਕੈਟਾਗਰੀ ਵਾਈਜ਼ ਟੀਚਰਾ ਦੀਆ ਖਾਲੀ ਅਸਾਮੀਆਂ ਸਬੰਧੀ।

ਲੜੀ ਨੰ	ਜ਼ਿਲ੍ਹਾ	ਪ੍ਰਿੰਸੀਪਲ	ਮੁੱਖ ਅਧਿਆਪਕ	ਲੈਕਚਰਾਰ	ਮਾਸਟਰ	ਵੋਕੇਸ਼ਨਲ ਟੀਚਰ	ਸੀ.ਐਂਡ ਵੀ.	ਸੈਂਟਰ ਹੈੱਡ ਟੀਚਰ	ਹੈੱਡ ਟੀਚਰ	ਜ ਬੀ ਟੀ/ ਈ ਟੀ ਟੀ
	ਅੰਮ੍ਰਿਤਸਰ		36	[illegible]	994	44		[illegible]	158	795
2	ਗੁਰਦਾਸਪੁਰ	49	2[illegible]	[illegible]	[illegible]			65	05	47
3	ਹੁਸ਼ਿਆਰਪੁਰ	55		782	[illegible]	[illegible]	76	[illegible]	206	44
4	ਜਲੰਧਰ	4	[illegible]	[illegible]	007	29	11		[illegible]	74
5	ਕਪੂਰਥਲਾ	[illegible]	48	45	[illegible]	[illegible]	6	26	[illegible]	84
6	S.B.S ਨਗਰ			5		[illegible]		[illegible]	[illegible]	[illegible]
7	ਤਰਨ ਤਾਰਨ	[illegible]	[illegible]	[illegible]	[illegible]	[illegible]	[illegible]	[illegible]	34	[illegible]
8	ਫਰੀਦਕੋਟ	[illegible]		83	149	40	36	[illegible]	36	[illegible]
9	ਫਤਿਹਗੜ੍ਹ ਸਾਹਿਬ	[illegible]	2	48	[illegible]	40	78		54	[illegible]
10	ਪਟਿਆਲਾ	6	40	[illegible]	[illegible]	14	9[illegible]	76	8	400

	ਸੰਗਰੂਰ			47	607	[illegible]		9	8	
	ਬਰਨਾਲਾ			[illegible]	6		[illegible]		[illegible]	
	ਲੁਧਿਆਣਾ			[illegible]	[illegible]	6	4	[illegible]		[illegible]
4	ਰੂਪਨਗਰ		9	[illegible]		[illegible]	4		[illegible]	[illegible]
5	SAS ਨਗਰ	0	5	6	43	45	[illegible]	[illegible]	[illegible]	[illegible]
6	ਫਰੀਦਕੋਟ	[illegible]	2	[illegible]	[illegible]		[illegible]	[illegible]	[illegible]	[illegible]
	ਫਾਜ਼ਿਲਕਾ	[illegible]			[illegible]	[illegible]		4	6	
[illegible]	ਬਠਿੰਡਾ	[illegible]		[illegible]	[illegible]	[illegible]	[illegible]	[illegible]	[illegible]	[illegible]
[illegible]	ਮਾਨਸਾ	[illegible]	[illegible]	[illegible]	[illegible]	6	[illegible]	[illegible]	[illegible]	[illegible]
[illegible]	ਅੰਮ੍ਰਿਤਸਰ	[illegible]		8	[illegible]		6		[illegible]	[illegible]
	ਮੋਗਾ	[illegible]	[illegible]	[illegible]	[illegible]		[illegible]		[illegible]	
[illegible]	ਫਿਰੋਜ਼ਪੁਰ	[illegible]		[illegible]		[illegible]		[illegible]		[illegible]
	ਕੁੱਲ	522	706	[illegible]	[illegible]	[illegible]	[illegible]	500	1958	[illegible]

ਸਰਦਾਰ ਹਰਪ੍ਰੀਤ ਸਿੰਘ: ਮਾਨਯੋਗ ਸਪੀਕਰ ਸਾਹਿਬ, ਪਿਛਲੀ ਸਰਕਾਰ ਸੀ ਜਿਸ ਦੀ ਅਗਵਾਈ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਅਤੇ ਡਿਪਟੀ ਮੁੱਖ ਮੰਤਰੀ, ਸਰਦਾਰ ਸੁਖਬੀਰ ਸਿੰਘ ਜੀ ਬਾਦਲ ਦੀ ਯੋਗ ਅਗਵਾਈ ਹੇਠ ਬੜੇ ਵੱਡੇ ਪੱਧਰ ਤੇ ਸਿੱਖਿਆ ਵਿਭਾਗ ਵਿੱਚ ਭਰਤੀ ਕੀਤੀ ਗਈ ਸੀ ਪਰ ਅਜੇ ਵੀ ਜਿਵੇਂ ਡਾਟਾ ਆਇਆ ਹੈ, ਕਾਫੀ ਵੱਡੀ ਗਿਣਤੀ ਵਿੱਚ ਵੱਖ ਵੱਖ ਸਬਜੈਕਟਾ ਦੇ ਟੀਚਰਾਂ ਦੀ ਲੋੜ ਹੈ ਮੈਂ ਬੇਨਤੀ ਕਰਦਾ ਹਾਂ ਕਿ ਇਹ ਸਾਰਾ ਪ੍ਰੋਸੈਸ ਛੇਤੀ ਤੋਂ ਛੇਤੀ ਕਦੋਂ ਤੱਕ ਕੰਪਲੀਟ ਕਰ ਲਿਆ ਜਾਵੇਗਾ?

ਮੰਤਰੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿੰਨੀਆਂ ਪੋਸਟਾਂ ਖਾਲੀ ਹਨ, 3400 ਟੀਚਰਾਂ ਨੂੰ ਅਸੀਂ ਕੱਲ੍ਹ ਤੇ ਪਰਸੋਂ ਆਰਡਰ ਦਿੱਤੇ ਹਨ

ਪੰਜ ਹਜ਼ਾਰ ਬੰਦਿਆਂ ਸਬੰਧੀ ਅਸੀਂ ਸਾਰੀ ਕੌਂਸਲਿੰਗ ਕਰ ਲਈ ਹੈ ਉਨ੍ਹਾਂ ਦਾ ਮਾਨਯੋਗ ਹਾਈਕੋਰਟ ਦਾ ਸਟੇਅ ਹੋਣ ਕਾਰਨ ਉਹ ਕੰਮ ਰੁਕਿਆ ਹੋਇਆ ਹੈ ਉਸ ਤੋਂ

[ਸਿੱਖਿਆ ਮੰਤਰੀ]

ਬਾਅਦ ਜਿਨ੍ਹਾਂ ਨੇ ਟੀਚਰ ਲਈ ਇਲੀਜੀਬਿਲਟੀ ਟੈਸਟ ਪਾਸ ਕੀਤਾ ਹੋਇਆ ਹੈ ਉਹ ਸਾਰੇ ਟੀਚਰਾਂ ਦਾ ਪ੍ਰਾਸੈਸ ਮੁਕੰਮਲ ਹੋ ਜਾਵੇਗਾ ਅਤੇ ਅਗਲਾ ਟੈਸਟ ਅਸੀਂ ਅਪ੍ਰੈਲ ਵਿਚ ਲੈ ਕੇ ਮੈਨੂੰ ਲੱਗਦਾ ਹੈ ਕਿ ਅਗਲੇ ਪੰਜ ਛੇ ਮਹੀਨਿਆਂ ਤੱਕ ਸਾਰੇ ਪੰਜਾਬ ਵਿਚ ਸਕੂਲਾਂ ਦੀਆਂ ਜਿਹੜੀਆਂ ਅਸਾਮੀਆਂ ਖਾਲੀ ਪਈਆਂ ਹਨ ਉਹ ਭਰ ਦਿੱਤੀਆਂ ਜਾਣਗੀਆਂ। (ਥੰਪਿੰਗ)

ਮਾਨਯੋਗ ਸਪੀਕਰ: ਪ੍ਰਸ਼ਨ ਖਤਮ ਹੁੰਦੇ ਹਨ। ਹੁਣ ਜ਼ੀਰੋ ਆਵਰ। ਹਾਂ ਜੀ, ਜਾਖੜ ਸਾਹਿਬ ਜੀ।

MATTERS RAISED DURING ZERO HOUR AND THE STATEMENTS BY THE DEPUTY CHIEF MINISTER AND THE MINISTERS THEREON

ਸ੍ਰੀ ਸੁਨੀਲ ਜਾਖੜ: ਮਾਨਯੋਗ ਸਪੀਕਰ ਸਾਹਿਬ, ਪਿਛਲੇ ਦੋ ਦਿਨਾਂ ਵਿਚ ਸਦਨ ਦੇ ਵਿਚ ਜੋ ਹੋਇਆ, ਉਹ ਬਹੁਤ ਮੰਦਭਾਗਾ ਹੈ and is very unfortunate. ਸਪੀਕਰ ਸਾਹਿਬ, ਜਿਨ੍ਹਾਂ ਹਾਲਾਤਾਂ ਦੇ ਵਿਚ ਉਹ ਸਾਰਾ ਕੁਝ ਹੋਇਆ ਉਹ ਤੁਹਾਡੇ ਤੋਂ ਲੁਕੇ ਨਹੀਂ, ਸਾਰੇ ਸਦਨ ਤੋਂ ਲੁਕੇ ਨਹੀਂ। ਕਿਸ ਕਿਸਮ ਦੇ ਇਸ਼ੂ ਸਨ ਜਿਨ੍ਹਾਂ ਨੂੰ ਇਥੇ ਸਦਨ ਵਿਚ ਬਤੌਰ ਲੀਡਰ ਆਫ ਦੀ ਆਪੋਜ਼ੀਸ਼ਨ, ਬਤੌਰ ਮੈਂਬਰ ਆਪੋਜ਼ੀਸ਼ਨ ਪਾਰਟੀ ਸਾਡੇ ਲੋਕ ਇਥੇ ਰੱਖਣਾ ਚਾਹੁੰਦੇ ਸੀ। ਜਿਸ ਮੁੱਦੇ ਕਰਕੇ ਇਹ ਸਾਰਾ ਹੰਗਾਮਾ ਚਾਲੂ ਹੋਇਆ। ਸਪੀਕਰ ਸਾਹਿਬ, ਸੁਪਰੀਮ ਕੋਰਟ ਨੇ ਉਸ ਮਸਲੇ ਨੂੰ ਜਲ੍ਹਿਆਂ ਵਾਲੇ ਬਾਗ ਦੇ ਬਰਾਬਰ ਕੰਪੇਅਰ ਕੀਤਾ ਹੈ ਕਿ ਜਲ੍ਹਿਆਂ ਵਾਲੇ ਬਾਗ ਵਿਚ ਜਿਸ ਕਿਸਮ ਦਾ ਅੱਤਿਆਚਾਰ ਹੋਇਆ ਸੀ ਉਸ ਤਰ੍ਹਾਂ ਇਸ ਪੰਜਾਬ ਦੀ ਬੇਟੀ ਨੂੰ ਸੜਕਾਂ ਦੇ ਉਤੇ ਕੁੱਟਿਆ ਗਿਆ। ਉਸ ਬੱਚੀ ਦੇ ਉਤੇ ਪੁਲਿਸ ਦੇ ਅੱਤਿਆਚਾਰ ਨੂੰ ਲੈ ਕੇ ਉਸ ਦੀ ਗੱਲ ਨੂੰ ਵਿਧਾਨ ਸਭਾ ਵਿਚ ਰੱਖਣ ਵਾਸਤੇ, ਉਸ ਨੂੰ ਇਥੇ ਲੈ ਕੇ ਆਉਣ ਦਾ ਉਪਰਾਲਾ ਮੈਂ ਕੀਤਾ ਹੈ। I am responsible. I take responsibility of all what has happened in this House.

ਮਾਨਯੋਗ ਸਪੀਕਰ: ਜਾਖੜ ਜੀ, ਮੈਂ ਇਕ ਚੀਜ਼ ਇਸ ਦੇ ਨਾਲ ਤੁਹਾਡੇ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਕੱਲ੍ਹ ਕਿਤੇ ਬਾਹਰ ਕੋਈ ਕਤਲ ਹੋ ਜਾਵੇ ਤਾਂ ਕੀ ਉਸ ਲਾਸ਼ ਨੂੰ

ਤੁਸੀਂ ਅਸੈਂਬਲੀ ਵਿਚ ਲੈ ਆਵਗੇ?

ਸ਼੍ਰੀ ਸੁਨੀਲ ਜਾਖੜ: ਸਪੀਕਰ ਸਾਹਿਬ, ਗੱਲ ਸੁਣ ਲਵੋ ਤੁਸੀਂ ਟੋਕਦੇ ਹੋ let me say (ਰੂਲਿੰਗ ਪਾਰਟੀ ਵੱਲੋਂ ਸ਼ੇਮ.. ਸ਼ੇਮ. ਦੀਆ ਅਵਾਜ਼ਾਂ) (ਵਿਘਨ) ਸਰ ਸਪੀਕਰ ਸਾਹਿਬ, ਸੁਪਰੀਮ ਕੋਰਟ ਦੀ ਨਿਗਰਾਨੀ ਦੇ ਵਿਚ ਵਿਘਨ) ਤੁਸੀ ਇਕ ਗਲਤ ਪ੍ਰਥਾ ਪਾ ਰਹੇ ਹੋ (ਵਿਘਨ) . (ਸ਼ੋਰ).

Mr. Speaker : No comments, no comments ਉਨ੍ਹਾਂ ਦੀ ਵਾਰੀ ਹੈ ਉਨ੍ਹਾਂ ਨੂੰ ਬੋਲਣ ਦਿਉ।

ਸ਼੍ਰੀ ਸੁਨੀਲ ਜਾਖੜ : ਜਲ੍ਹਿਆਂ ਵਾਲੇ ਬਾਗ਼ ਦੇ ਬਰਾਬਰ ਦਾ ਅੱਤਿਆਚਾਰ ਹੋਇਆ ਹਵੇ (ਵਿਘਨ) ਇਕ ਗਰੀਬ, (ਵਿਘਨ) ਸੁਪਰੀਮ ਕੋਰਟ ਦੀ ਸਟਰਿਕਚਰ ਹੈ। (ਵਿਘਨ) (ਸ਼ੋਰ) ਸੁਪਰੀਮ ਕੋਰਟ ਨੇ ਜਿਸ ਨੂੰ ਕੰਪੇਅਰ ਕੀਤਾ ਹੈ (ਵਿਘਨ) (ਸ਼ੋਰ)

ਮਾਲ ਤੇ ਮੁੜ ਵਸੇਬਾ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠਿਆ) : ਸਪੀਕਰ ਸਾਹਿਬ, ਮੈਨੂੰ ਇਕ ਬੜਾ ਅਫਸੋਸ ਹੈ ਕਿ ਜਾਖੜ ਸਾਹਿਬ ਵਰਗੇ ਆਲ੍ਹਾ ਲੀਡਰ ਜਿਨ੍ਹਾਂ ਦੀ ਇਥੇ ਵੀ ਬੜੇ ਲੋਕ ਕਦਰ ਕਰਦੇ ਹਨ I want to make a point I just want to understand, is he trying to justify what has happened ਸੁਪਰੀਮ ਕੋਰਟ ਕੀ ਫੈਸਲਾ ਕਰਦੀ ਹੈ, ਸੁਪਰੀਮ ਕੋਰਟ ਨੂੰ ਕਿਸੇ ਫੈਸਲੇ ਤੇ ਅੱਪੜ ਲੈਣ ਦਿਉ ਫਿਰ ਗੱਲ ਕਰ ਲਵੋ, ਆਪਾਂ ਤਾਂ ਗੱਲ ਕਰ ਰਹੇ ਹਾਂ ਕਿ ਜੋ ਕੁਝ ਹਾਊਸ ਵਿਚ ਹੋਇਆ (ਵਿਘਨ) ਜੋ ਕੁਝ ਜਨਾਬ ਦੀ ਕੁਰਸੀ ਤੇ ਚੜ੍ਹ ਕੇ ਹੋਇਆ ਜੋ ਕੁਝ ਜਨਾਬ ਨੂੰ ਹਾਰਮ ਪਹੁੰਚਾਉਣ ਲਈ ਹੋਇਆ, ਉਸ ਦੇ ਬਾਰੇ ਦੱਸਣ ਨਾ ਕਿ ਅੱਗਾ ਪਿੱਛਾ ਜਿਹੜੀ ਗੱਲ ਨਾਲ ਹਾਊਸ ਵਿੱਚ ਇਹ ਸਭ ਕੁਝ ਵਾਪਰਿਆ, ਉਸ ਬਾਰੇ ਗੱਲ ਕਰ ਅਸੀਂ ਐਸ਼ਅਰ ਕਰਦੇ ਹਾਂ, ਅਸੀਂ ਵੀ ਕੋਆਪਰੇਸ਼ਨ ਚਾਹੁੰਦੇ ਹਾਂ, ਅਸੀਂ ਵੀ ਕੋਆਪਰੇਟ ਕਰਨਾ ਚਾਹੁੰਦੇ ਹਾਂ ਮਗਰ ਗੱਲ ਮੁੱਦੇ ਦੇ ਉਤੇ ਆਵੇ ਸੱਜੇ ਖੱਬੇ ਉਸ ਨੂੰ ਡਿਰੇਲ ਨਾ ਕੀਤਾ ਜਾਵੇ। ਸਾਰਾ ਦੇਸ਼ ਦੇਖ ਰਿਹਾ ਹੈ, ਸਾਰੀ ਦੁਨੀਆਂ ਦੇਖ ਰਹੀ ਹੈ ਕਿ ਪੰਜਾਬ ਵਿਧਾਨ ਸਭਾ ਵਿਚ ਦੋ ਦਿਨ ਪਹਿਲਾ ਕੀ ਹੋਇਆ ਹੈ?

ਸ਼੍ਰੀ ਸੁਨੀਲ ਜਾਖੜ: ਪੁਲਿਸ ਦੇ ਅੱਤਿਆਚਾਰ ਨੂੰ ਲੈ ਕੇ ਉਸ ਦੀ ਗੱਲ ਵਿਧਾਨ ਸਭਾ ਵਿਚ ਜੇ ਆਪਾਂ ਨਹੀਂ ਰੱਖ ਸਕਦੇ, ਸਪੀਕਰ ਸਾਹਿਬ, ਬਾਣੀ ਵਿਚ ਲਿਖਿਆ ਹੈ

ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ।

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ਸਪੀਕਰ ਸਾਹਿਬ ਮੈ ਕੁਝ ਕਹਿਣਾ ਚਾਹੁੰਦਾ ਹਾਂ (ਵਿਘਨ, ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਰਾਣਾ ਗੁਰਮੀਤ ਸਿੰਘ ਸੋਢੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਗੈਰ ਆਗਿਆ ਤੋਂ ਬੋਲ ਰਹੇ ਸਨ।)

ਮਾਨਯੋਗ ਸਪੀਕਰ: ਸੋਢੀ ਸਾਹਿਬ, ਤੁਹਾਡੇ ਲੀਡਰ ਸਾਹਿਬ ਬੋਲ ਰਹੇ ਹਨ ਤੁਸੀ ਤਾਂ ਨਾ ਬੋਲੋ। (ਵਿਘਨ) ਸ਼ੋਰ ਜੇ ਤੁਹਾਡੇ ਲੀਡਰ ਬੋਲ ਰਹੇ ਹਨ ਤਾਂ ਤੁਸੀ ਕਿਉਂ ਬੋਲ ਰਹੇ ਹੋ?

ਸ਼੍ਰੀ ਸੁਨੀਲ ਜਾਖੜ: ਸਪੀਕਰ ਸਾਹਿਬ, ਬਾਣੀ ਵਿਚ ਲਿਖਿਆ ਹੈ ਜੇ ਸਕਤਾ ਸਕਤੇ ਕਉ ਮਾਰੇ (ਵਿਘਨ) ਸਪੀਕਰ ਸਾਹਿਬ, ਉਹ ਗਰੀਬਾਂ ਦਾ ਜਿਹੜਾ ਰਖਵਾਲਾ ਹੈ, Shepherd is answerable ਵੇਖ, the Government is answerable (ਵਿਘਨ) ਸ਼ੋਰ

(ਇਸ ਸਮੇਂ ਵਿਰੋਧੀ ਧਿਰ ਦੇ ਕੁਝ ਮੈਂਬਰ ਸਾਹਿਬਾਨ ਅਤੇ ਰੂਲਿੰਗ ਪਾਰਟੀ ਦੇ ਮੈਂਬਰ ਸਾਹਿਬਾਨ ਖੜ੍ਹੇ ਹੋ ਕੇ ਬੋਲ ਰਹੇ ਸਨ ਤੇ ਹਾਊਸ ਵਿਚ ਕਾਫੀ ਸ਼ੋਰ ਸੀ।)

ਮਾਨਯੋਗ ਸਪੀਕਰ: ਤੁਸੀ ਸਾਰੇ ਬੈਠ ਜਾਓ। Please sit down ਮੇਰੀ ਪਰਮਿਸ਼ਨ ਤੋਂ ਬਗੈਰ ਜੋ ਕੁਝ ਵੀ ਬੋਲਿਆ ਜਾ ਰਿਹਾ ਹੈ ਉਹ ਰਿਕਾਰਡ ਨਾ ਹੋਵੇ। ਤੁਸੀ ਪਲੀਜ਼ ਬੈਠ ਜਾਓ Sit down please

ਸ਼੍ਰੀ ਸੁਨੀਲ ਜਾਖੜ: ਉਸ ਗਰੀਬ ਦੀ ਅਵਾਜ਼ ਰੱਖਣ ਵਾਸਤੇ ਕਿਉਂਕਿ ਬਾਣੀ ਵਿੱਚ ਲਿਖਿਆ ਹੈ ਜੇ ਸਕਤਾ ਸਕਤੇ ਕਉ ਮਾਰੇ ਤਾਂ good shepherd is answerable (Interruptions) ਉਸ ਤੇ ਵੀ ਉਹੀ ਰੂਲ ਲਾਗੂ ਹੋਵੇਗਾ ਅਤੇ ਇਸ ਵਾਸਤੇ I am responsible

(ਇਸ ਸਮੇ ਟਰੈਜ਼ਰੀ ਬੈਂਚਿਜ਼ ਤੋਂ ਕੁਝ ਮੈਂਬਰ ਸਾਹਿਬਾਨ ਖੜ੍ਹੇ ਹੋ ਕੇ ਉੱਚੀ ਉੱਚੀ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

ਮਾਨਯੋਗ ਸਪੀਕਰ : ਮੈਂ ਕਿਹਾ ਜੀ ਸਾਰੇ ਬੈਠ ਜਾਓ। ਠੰਡਲ ਸਾਹਿਬ, ਮੈਂ ਇਨ੍ਹਾਂ ਨੂੰ ਟਾਈਮ ਦਿੱਤਾ ਹੈ, ਇਨ੍ਹਾਂ ਨੂੰ ਬੋਲ ਲੈਣ ਦਿਓ (ਵਿਘਨ, ਸ਼ੋਰ)

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਅਸੀਂ ਸੈਸ਼ਨ ਚਲਾਉਣ ਦੀ ਗੱਲ ਕਰ ਰਹੇ ਹਾਂ (ਵਿਘਨ ਸ਼ੋਰ)

ਮਾਨਯੋਗ ਸਪੀਕਰ: ਮੈਂ ਕਿਹਾ ਜੀ, ਇੱਕ ਮਿੰਟ ਸੁਣੋ। ਪਹਿਲੀ ਗੱਲ ਤਾਂ ਇਹ ਹੈ ਕਿ ਜਿਸ ਕਿਸੇ ਨੇ ਬੋਲਣਾ ਹੈ, (ਵਿਘਨ) ਮੇਰੀ ਬੇਨਤੀ ਸੁਣੋ। ਤੁਸੀਂ ਮੇਰੀ ਗੱਲ ਤਾਂ ਸੁਣ ਲਓ। (ਵਿਘਨ ਅਤੇ ਸ਼ੋਰ) ਮੰਡਲ ਸਾਹਿਬ ਬੈਠ ਜਾਓ। ਮੈਂ ਤੁਹਾਡਾ ਨਾਂ ਲਿਆ ਹੈ, ਬੈਠ ਜਾਓ। ਪਹਿਲੀ ਮੇਰੀ ਬੇਨਤੀ ਇਹ ਹੈ ਕਿ ਜਿਸ ਸੱਜਣ, ਆਨਰੇਬਲ ਮੈਂਬਰ ਨੇ ਬੋਲਣਾ ਹੈ ਉਹ ਆਪਣੀ ਸੀਟ ਤੇ ਹੀ ਜਾ ਕੇ ਬੋਲੇ, ਦੂਸਰੀ ਸੀਟ ਤੋਂ ਨਾ ਬੋਲੇ। ਦੂਜੀ ਗੱਲ, ਜਿਸ ਨੇ ਵੀ ਬੋਲਣਾ ਹੈ ਉਹ ਟਾਈਮ ਲੈ ਕੇ ਬੋਲੇ। ਹਾਂ ਜੀ, ਜਾਖੜ ਸਾਹਿਬ।

ਸ਼੍ਰੀ ਸੁਨੀਲ ਜਾਖੜ: ਉਸ ਲੜਕੀ ਦੀ ਆਵਾਜ਼ ਰੱਖਣ ਵਾਸਤੇ ਬ੍ਰੀਚ ਆਫ ਰੂਲਜ਼ ਜਾਂ ਪ੍ਰੋਸੀਜ਼ਰ ਲੈਪਸ ਹੋਇਆ ਹੈ ਤਾਂ ਉਸ ਵਾਸਤੇ ਮੈਂ ਜ਼ਿੰਮੇਵਾਰ ਹਾਂ। ਉਸ ਵਾਸਤੇ ਮੈਂ ਗੁਨਾਹਗਾਰ ਹਾਂ, ਉਸ ਵਾਸਤੇ ਮੈਨੂੰ ਫਾਂਸੀ ਟੰਗ। I am not even asking you ਕਿ ਕਿਉਂ ਮੈਂ ਉਸ ਗੱਲ ਵਾਸਤੇ, ਉਸ ਦੀ ਆਵਾਜ਼ ਇੱਥੇ ਰੱਖਣ ਵਾਸਤੇ ਉਸ ਨੂੰ ਇੱਥੇ ਲੈ ਕੇ ਆਇਆ ਸੀ। I am at fault for procedural laps. ਇਸ ਪ੍ਰਸੀਜ਼ਰ ਲੈਪਸ ਵਾਸਤੇ ਮੈਨੂੰ ਫਾਂਸੀ ਟੰਗੋ। I am not even defending this censure motion. ਜਿਹੜਾ ਮੇਰੇ ਖਿਲਾਫ ਸੈਂਸ਼ਿਓਰ ਮੋਸ਼ਨ ਲੈ ਕੇ ਆਏ ਹੋ, ਮੈਨੂੰ ਸਸਪੈਂਡ ਕਰਨ ਦੀ ਗੱਲ ਕਰ ਰਹੇ ਹੋ, ਉਸ ਮਸਲੇ ਵਾਸਤੇ you can disqualify me. I will honour your judgement, ਪਰ, ਸਪੀਕਰ ਸਾਹਿਬ, ਜਿੱਥੇ ਉਸ ਮਸਲੇ ਨੂੰ ਲੈ ਕੇ ਜਿਸ ਸਬੰਧ ਵਿੱਚ ਬਾਣੀ ਵਿੱਚ ਲਿਖਿਆ ਹੈ ਕਿ

ਜਬੈ ਬਾਣ ਲਾਗਯੋ ॥ ਤਬੈ ਰਸ ਜਾਗਯੋ ॥

ਗੁਰੂਆਂ ਨੇ ਕਿਹਾ ਹੈ। ਜੋ ਇੱਥੇ ਕਾਰਵਾਈ ਹੋਈ ਹੈ ਉਸਨੂੰ ਮੈਂ, ਸਪੀਕਰ ਸਾਹਿਬ ਬਿਲਕੁਲ ਵੀ ਡਿਫੈਂਡ ਨਹੀਂ ਕਰਦਾ। ਮੈਂ ਇਹ ਵੀ ਨਹੀਂ ਕਹਿਣਾ ਚਾਹੁੰਦਾ ਕਿ ਇਸੇ ਸਦਨ ਵਿੱਚ ਸਾਡੇ ਕਿਹੜੇ ਸਾਥੀਆਂ ਨੇ ਸਪੀਕਰਾਂ ਦੀਆਂ ਪੱਗਾਂ ਲਾਹੀਆਂ ਹਨ, that is not an excuse. I have no excuse and I am not looking for any excuse. ਉਸ ਨੂੰ ਮੈਂ ਡਿਫੈਂਡ ਨਹੀਂ ਕਰ ਸਕਦਾ। There are no excuses, ਪਰ ਜਿਸ ਦਾ ਕਾਰਨ ਹੈ। ਜੋ ਲੋਕ ਸਭਾ ਵਿੱਚ ਹੰਗਾਮਾ ਹੋਇਆ ਹੈ, ਕਾਗਜ਼ ਸੁੱਟੇ ਗਏ ਹਨ, ਚਾਹੇ ਕਿਸੇ ਹੋਰ ਸਟੇਟ ਵਿੱਚ ਹੋਇਆ ਹੈ। That is not defensible but what has led to that thing? ਤੁਸੀਂ ਆਪਣਾ ਤਾਂ ਕੋਈ ਸਟੈਂਡ ਰੱਖੋ। ਜਦ ਉਸ ਬੱਚੀ ਨੂੰ ਸੁਪਰੀਮ ਕੋਰਟ ਦੀ ਪ੍ਰੋਟੈਕਸ਼ਨ ਪ੍ਰਾਪਤ ਹੈ ...

ਮਾਨਯੋਗ ਸਪੀਕਰ: ਤੁਸੀਂ ਇਸ ਬਾਰੇ ਹਾਊਸ ਵਿੱਚ ਗੱਲ ਨਹੀਂ ਕਰ ਸਕਦੇ। You cannot present her in the House. ਹਾਊਸ ਦੇ ਅੰਦਰ ਉਸ ਨੂੰ ਬਗੈਰ

[ਮਾਨਯੋਗ ਸਪੀਕਰ]

ਪਰਮਿਸ਼ਨ ਤੋਂ ਲਿਆਉਣਾ that is totally illegal and I cannot authorise it

Shri Sunil Jakhar : I am at fault for that, Speaker Sahib.

ਮਾਨਯੋਗ ਸਪੀਕਰ: ਜਾਖੜ ਸਾਹਿਬ, ਕੱਲ੍ਹ ਨੂੰ ਕੋਈ ਹੋਰ ਅਨਆਈਡੈਂਟੀਫਾਈਡ ਬੰਦਾ ਵੀ ਅੰਦਰ ਆ ਸਕਦਾ ਹੈ।

ਸ਼੍ਰੀ ਸੁਨੀਲ ਜਾਖੜ: ਸਪੀਕਰ ਸਾਹਿਬ, ਮੈਂ ਉਸ ਗੱਲ ਦੀ . (ਵਿਘਨ) ਮਲੂਕਾ ਸਾਹਿਬ, ਇੱਕ ਮਿੰਟ ਮੇਰੀ ਗੱਲ ਸੁਣ ਲਓ। ਕੱਲ੍ਹ ਤੁਸੀਂ ਇਸ ਵਾਸਤੇ ਪੂਰੇ ਚਾਰ ਘੰਟੇ ਲਗਾਏ ਹਨ ਹੁਣ ਪੰਜ ਮਿੰਟ ਸਾਡੀ ਗੱਲ ਸੁਣ ਲਓ ਅਗਰ ਉਹ ਬੱਚੀ ਵਿਘਨ ਕਾਲੀਆ ਸਾਹਿਬ, ਤੁਸੀਂ ਆਪ ਕੱਲ੍ਹ ਮੰਨਿਆ ਹੈ, ਕਾਲੀਆ ਸਾਹਿਬ ਦੀ ਆਪਣੀ ਸਪੀਚ ਰਿਕਾਰਡ ਤੇ ਹੈ, ਉਨ੍ਹਾਂ ਨੇ ਮੰਨਿਆ ਹੈ ਕਿ ਅਸੀਂ ਮੈਂਬਰਜ਼ ਆਪਣੇ ਨਾਲ ਵਿਜ਼ਟਰਜ਼ ਨੂੰ ਲੈ ਆਉਂਦੇ ਹਾਂ, ਤੁਸੀਂ ਆਪਣੀ ਸਿਕਿਉਰਿਟੀ ਟਾਈਟ ਕਰੋ This is a practice but also that is not an excuse I am not even looking for excuses (interruption)

ਮਾਨਯੋਗ ਸਪੀਕਰ: ਇੱਕ ਮਿੰਟ ਇਨ੍ਹਾਂ ਦੀ ਗੱਲ ਸੁਣ ਲਓ। ਬੱਸ ਮਰਨ ਹੀ ਵਾਲੀ ਹੈ

Shri Sunil Jakhar : How can he forget it?

ਮਾਨਯੋਗ ਸਪੀਕਰ: ਤੁਸੀਂ ਹੁਣ ਆਪਣੀ ਗੱਲ ਨਿਬੇੜ ਕੇ ਕਾਹਣਾ ਚਾਹੁੰਦੇ ਹੋ। ਅੱਗੇ ਦੱਸ

ਸ਼੍ਰੀ ਸੁਨੀਲ ਜਾਖੜ: ਜੇ ਉਸ ਬੱਚੀ ਨੂੰ ਇਹ ਟੈਰਰਿਸਟ ਸਮਝਦੇ ਹਨ ਹੋਮ ਮਨਿਸਟਰ ਸਾਹਿਬ ਇੱਕ ਅਬਲਾ ਲੜਕੀ ਨੂੰ ਕਹਿ ਰਹੇ ਹਨ ਕਿ ਟੈਰੋਰਿਸਟ ਹੈ (ਵਿਘਨ) ਸ਼ੋਰ

ਮਾਨਯੋਗ ਸਪੀਕਰ: ਡਿਪਟੀ ਸੀ ਐਮ. ਸਾਹਿਬ ਕਝ ਕਹਿਣਾ ਚਾਹੁੰਦੇ ਹਨ ਜਾਖੜ ਸਾਹਿਬ please sit down

ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ): ਜਾਖੜ ਸਾਹਿਬ ਨੇ ਮੇਰਾ ਨਾਂ ਲਿਆ ਹੈ। ਜਾਖੜ ਸਾਹਿਬ, ਬੜਾ ਅਫ਼ਸੋਸ ਹੈ ਕਿ ਤੁਸੀਂ ਕਿਹਾ ਕਿ ਮੈਂ ਕਿਹਾ ਹੈ ਕਿ ਉਹ ਲੜਕੀ ਟੈਰਰਿਸਟ ਹੈ। ਇਸ ਦਾ ਮਤਲਬ ਹੈ ਕਿ rather than solving the issue, you want to justify everything ਜਦੋਂ ਇਹ ਇੰਸੀਡੈਂਟ ਹੋਇਆ ਹੈ ਤੁਸੀਂ ਖੜ੍ਹੇ ਹੋ ਗਏ ਮੈਂ ਕਿਹਾ ਸੀ ਕਿ ਮੇਰੀ ਨਾਲਿਜ ਵਿੱਚ ਨਹੀਂ ਹੈ Name once when I said ਕਿ ਉਹ ਲੜਕੀ ਟੈਰਰਿਸਟ ਹੈ

ਸ੍ਰੀ ਸੁਨੀਲ ਜਾਖੜ: ਜਿਹੜਾ ਇਨ੍ਹਾਂ ਦਾ ਬਿਆਨ ਆਇਆ ਹੈ this was a security threat of very serious nature. Let us withdraw that. You did not mention that she is a terrorist. ਪਰ ਸੁਪਰੀਮ ਕੋਰਟ ਨੇ ਪੰਜਾਬ ਪੁਲਿਸ ਨੂੰ ਪੁੱਛਿਆ ਸੀ in very simple terms, "is she a terrorist"? ਉਸ ਨੂੰ ਇਸ ਤਰ੍ਹਾਂ ਟਰੀਟ ਕਰ ਰਹੇ ਹਨ। ਤੁਹਾਨੂੰ ਅਖਬਾਰ ਦੇ ਰਾਹੀਂ ਪਤਾ ਲੱਗਾ ਕਿ ਸਨੀਲ ਜਾਖੜ ਉਸਨੂੰ ਉੱਥੇ ਲੈਕੇ ਆ ਰਿਹਾ ਹੈ। ਅਖ਼ਬਾਰਾ ਵਿਚ ਆਇਆ ਹੈ, ਤੁਸੀਂ ਆਪਣੇ ਬਿਆਨ ਬਦਲੋ। ਤੁਸੀਂ ਆਪ ਕਿਹਾ ਹੈ ਕਿ ਲੈ ਕੇ ਆ ਰਿਹਾ ਸੀ। ਸਾਰੇ ਨੂੰ ਤਾਂ ਤੁਹਾਨੂੰ ਪਤਾ ਲੱਗਿਆ। Could you not have picked up your phone and said that Sunil ਜਿਹੜਾ ਤੁਸੀਂ ਕੰਮ ਕਰ ਰਹੇ ਹੋ, either you regularise it. Then I could have presented my case. You could have said this. ਫਿਰ ਦੇਖੋ, ਰੇਡ ਹੋਈ। ਇੱਥੇ ਪਗਾਂ ਲੱਥੀਆ, ਕਾਗਜ਼ ਚੱਲੇ। ਕਿਸੇ ਸਟੇਟ ਵਿੱਚ (ਵਿਘਨ) ਇਹ ਕੰਮ ਤਾ ਹੋਇਆ ਹੈ but that is no justification. ਕਿਸੇ ਆਪੋਜੀਸ਼ਨ ਦੇ ... (interruption)

ਮਾਨਯੋਗ ਸਪੀਕਰ: ਰੇਡ ਤਾਂ ਹਈ ਹੀ ਨਹੀਂ। This is the internal matter of the security of the House. ਇੱਥੇ ਸਕਿਓਰਟੀ ਹੁੰਦੀ ਹੈ। (ਵਿਘਨ) (ਸ਼ੋਰ) ਕਈ ਐਸੀ ਗੱਲ ਨਹੀਂ ਹੈ। ਕਿਸੇ ਤੇ ਰੇਡ ਹੋਈ ਹੀ ਨਹੀਂ।

ਸ੍ਰੀ ਸੁਨੀਲ ਜਾਖੜ: ਆਪਜ਼ੀਸ਼ਨ ਦੇ ਆਫਿਸ ਦੇ ਉਪਰ (ਵਿਘਨ) ਪੂਰੇ ਹਿੰਦੁਸਤਾਨ ਵਿੱਚ ਅਗਰ ਕਿਸ ਨੇ ਰੇਡ ਕੀਤੀ ਹੋਵੇ (ਵਿਘਨ) ਮੈਂ ਆਪਣੇ ਸਾਰੇ ਦੇ ਸਾਰੇ ਕਾਗਜਾਤ ਵਾਪਸ ਲੈ ਲਵਾਂਗਾ। (ਵਿਘਨ) (ਸ਼ੋਰ)

ਉਪ ਮੁੱਖ ਮੰਤਰੀ: ਸਪੀਕਰ ਸਾਹਿਬ, ਮੈਨੂੰ ਬੜਾ ਅਫ਼ਸੋਸ ਹੈ ਕਿ ਜਾਖੜ ਸਾਹਿਬ ਹਰ ਵਾਰ ਫੈਕਟਸ ਨੂੰ ਹਾਊਸ ਵਿੱਚ ਟਵਿਸਟ ਕਰ ਦਿੰਦੇ ਹਨ। ਜਾਖੜ ਸਾਹਿਬ, on the floor of the House I am saying with responsibility as a Home Minister that neither police was directed by me to take action nor by the Chief Minister nor anybody else from the Government. We had no knowledge about this. ਮੈ ਉਸ ਦਿਨ ਵੀ ਕਿਹਾ ਸੀ ਅਤੇ ਮੈਂ ਹੁਣ ਵੀ ਰੀਟਰੀਟ ਕਰ ਦਿੰਦਾ ਹਾਂ। ਪਹਿਲੀ ਗੱਲ ਹੈ ਕਿ ਆਪ ਜੀ ਜਾਣਦੇ ਹੋ, ਜਿੰਨੀ ਫੋਰਸ ਇੱਥੇ ਹੈ, ਭਾਵੇਂ ਇਹ ਪੰਜਾਬ ਪੁਲਿਸ ਤੋਂ ਪੇਅ ਲੈਂਦੀ ਹੈ ਪਰ they are on deputation with the Assembly and under the direct control of the Speaker. ਜਾਖੜ ਸਾਹਿਬ, ਮੈਂ

[ਉਪ ਮੁਖ ਮੰਤਰੀ

ਨਾ ਸਮਝਿਆ ਸੀ ਕਿ ਤੁਸੀਂ ਇੰਨੇ ਪੁਰਾਣੇ ਸਿਆਸਤਦਾਨ ਹੋ। ਮੇਰੇ ਨਾਲੋਂ ਜ਼ਿਆਦਾ ਤਾਂ ਤੁਸੀਂ ਇਸ ਐਸੰਬਲੀ ਵਿੱਚ ਰਹੇ ਹੋ ਤੁਹਾਨੂੰ ਆਪ ਹੀ ਪਤਾ ਹੈ ਕਿ ਪੰਜਾਬ ਪੁਲਿਸ ਐਵੇਂ ਸਦਨ ਦੇ ਵਿੱਚ ਐਂਟਰ ਨਹੀਂ ਕਰ ਸਕਦੀ, ਆਹ ਸਾਰਾ ਸਟਾਫ ਜਿਨਾ ਵੀ ਬੈਠਾ ਹੈ, ਸਾਰਾ ਹੀ ਡੈਪੂਟੇਸ਼ਨ ਤੇ ਹੈ on requisition by the Hon'ble Speaker and under the direct control of the Speaker ਨਾ ਹੋਮ ਮਨਿਸਟਰ ਅਤੇ ਨਾ ਹੀ ਚੀਫ ਮਨਿਸਟਰ ਵਿੱਚ ਆਏ ਹਨ। ਮੈਂ ਵੀ ਜੇ ਚਾਹਵਾਂ ਤਾਂ ਮੈਂ ਵੀ ਨਹੀਂ ਕਰ ਸਕਦਾ, ਤੁਸੀਂ ਮੈਨੂੰ ਐਕਿਊਜ਼ ਕਰ ਰਹੇ ਹੋ, it is very unfortunate (Interruptions)

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਤੇ ਕਈ ਮੈਂਬਰ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ)

ਸ਼੍ਰੀ ਸੁਨੀਲ ਜਾਖੜ: ਸਪੀਕਰ ਸਾਹਿਬ, ਫਿਰ ਇਨਾਂ ਦਾ ਪੁਆਇੰਟ ਆਫ ਆਰਡਰ ਹੀ ਸੁਣ ਜਾਣਗਾਂ। ਮੇਰੀ ਗੱਲ ਤਾਂ ਖਤਮ ਕਰ ਲੈਣ ਦਿਓ ਜੀ (ਵਿਘਨ)

ਮਾਨਯੋਗ ਸਪੀਕਰ: ਪਹਿਲਾਂ ਇਨ੍ਹਾਂ ਦੀ ਗੱਲ ਸੁਣ ਲੈਣ ਦਿਓ ਜੀ (ਵਿਘਨ)

Shri Sunil Jakhar: We have followed up your process

ਮਾਨਯੋਗ ਸਪੀਕਰ: ਇੱਕ ਸੈਕਿੰਡ ਲਈ ਇਨ੍ਹਾਂ ਦੀ ਗੱਲ ਸੁਣ ਲੈਣ ਦਿਓ ਹਾਂ ਜੀ ਦੱਸੋ

ਮਾਲ ਤੇ ਮੁੜ ਵਸੇਬਾ ਮੰਤਰੀ: ਬੇਨਤੀ ਇਹ ਹੈ ਕਿ ਦੋ ਤਿੰਨ ਦਿਨ ਪਹਿਲਾਂ ਕੀ ਕੁਝ ਹੋਇਆ, ਉਹ ਸਾਰੇ ਹੀ ਨੈਸ਼ਨਲ ਚੈਨਲਾਂ ਤੇ ਚੱਲਿਆ ਹੈ ਅੱਜ ਉਸ ਇਸੂ ਬਾਰੇ ਮੁਆਫੀ ਮੰਗਾਂ ਤੇ ਅੱਗੇ ਚੱਲੋ। ਮੈਂ ਸਮਝ ਸਕਦਾ ਹਾਂ ਮਗਰ ਉਸ ਗੱਲ ਨੂੰ ਤਰੀਕੇ ਨਾਲ ਜਸਟੀਫਾਈ ਕੀਤਾ ਜਾ ਰਿਹਾ ਹੈ ਤੇ ਜਨਾਬ ਸਣੇ ਜਾ ਰਹੇ ਹਨ। ਇਹ ਅਖੀਰ ਵਿੱਚ ਕਹਿਣਗੇ ਕਿ ਜੋ ਕੁਝ ਹੋਇਆ ਠੀਕ ਹੋਇਆ, ਚੰਗਾ ਹੋਇਆ, ਅਗਾਂਹ ਇਸ ਤੋਂ ਵੱਧ ਹੋਣਾ ਚਾਹੀਦਾ ਹੈ। It is a mockery of Parliamentary system ਸਰ, ਮੇਰੀ ਬੇਨਤੀ ਹੈ (ਵਿਘਨ) (ਸ਼ੋਰ

Shri Sunil Jakhar: He is telling you how to run the House (Interruptions) (Noise

ਮਾਨਯੋਗ ਸਪੀਕਰ: ਮੈਨੂੰ ਹਾਊਸ ਚਲਾਉਣ ਲਈ ਸਹਿਣਾ ਪੈਂਦਾ ਹੈ। (ਵਿਘਨ) ਤੁਸੀਂ ਗੱਲ ਸੁਣੋ (ਵਿਘਨ) I Know how to run the House ਮੈਨੂੰ ਹਾਊਸ ਚਲਾਉਣ ਲਈ ਸਹਿਣਾ ਪੈਂਦਾ ਹੈ (ਵਿਘਨ)

ਮਾਲ ਤੇ ਮੁੜ ਵਸੇਬਾ ਮੰਤਰੀ: ਮਰੋ ਬੇਨਤੀ ਹੈ ਕਿ ਇਹ ਪਾਰਲੀਮੈਂਟ ਸਿਸਟਮ ਦੀ ਮੰਕਰੀ ਨਾ ਕਰਨ। ਮੈਂ ਤਾਂ ਕਹਿ ਰਿਹਾ ਹਾਂ ਗਲਤੀ ਮੰਨਣ ਤੇ ਗੱਲ ਅੱਗੇ ਚਲਾਉਣ। ਪਰ ਉਸ ਨੂੰ ਜਸਟੀਫਾਈ ਨਾ ਕਰਨ It is shameful that it is being just fied

Shri Sunil Jakhar: Speaker Sahib, I am saying it time and again that I am not justifying it It is unfortunate, ਮੰਦਭਾਗਾ ਹਇਆ ਹੈ ਬਹੁਤ ਮਾੜਾ ਹਇਆ ਹੈ, ਹੋਰ ਕੀ ਕਹਾਉਣਾ ਚਾਹੁੰਦੇ ਹਨ ਪਰ ਜਦੋਂ ਮੈਂ ਸਪੀਕਰ ਸਾਹਿਬ, ਤੁਹਾਨੂੰ ਪੁੱਛਿਆ ਸੀ ਕਿ why did you not rush to our office? ਜਦੋਂ ਪਤਾ ਲੱਗਿਆ ਕਿ ਪੁਲਿਸ ਆਈ ਹੈ ਤੁਸੀਂ ਕਿਹਾ ਕਿ ਨਹੀਂ, ਮੈਂ ਨਹੀਂ ਭੇਜੀ ਤਿੰਨ ਵਾਰ (ਵਿਘਨ) ਤੀਜੀ ਵਾਰ ਮੈਂ ਤੁਹਾਨੂੰ ..

ਮਾਨਯੋਗ ਸਪੀਕਰ : ਮੇਰੀ ਇੱਕ ਗੱਲ ਸੁਣ ਲਵੋ। ਮੈਂ ਤੁਹਾਨੂੰ ਇੱਕ ਗੱਲ ਦੱਸਾਂ, ਇੱਕ ਹੋਰ ਗੱਲ ਸਮਝ ਲਵੋ ਇਹ ਇੰਟਰਨਲ ਮਾਮਲਾ ਸੀ। ਤੁਸੀਂ ਦੇਖੋ, ਮੈਂ ਕਹਿਣਾ ਨਹੀਂ ਚਾਹੁੰਦਾ, ਕਿਉਂਕਿ ਕਈ ਐਸੀਆਂ ਗੱਲਾਂ ਹੁੰਦੀਆਂ ਹਨ ਜਿਹੜੀਆਂ ਨਹੀਂ ਕਹਿਣ ਵਾਲੀਆਂ ਹੁੰਦੀਆਂ ਹਨ। ਜਿਵੇਂ ਹੋਮ ਮਨਿਸਟਰ ਸਾਹਿਬ ਨੇ ਕਿਹਾ ਹੈ। ਪਰ ਚੱਲੋ, ਮੈਂ ਤੁਹਾਨੂੰ ਦੱਸ ਹੀ ਦਿੰਦਾ ਹਾਂ। ਹੋਮ ਮਨਿਸਟਰ ਸਾਹਿਬ ਨੇ ਜਿਵੇਂ ਕਿਹਾ ਹੈ, ਇਹ ਸਾਡਾ ਹੁਣ ਦਾ ਪ੍ਰੈਸੀਡੈਂਟ ਨਹੀਂ, ਬਲਕਿ ਜਦ ਤੋਂ ਮੈਂ ਸਮਝਦਾ ਹਾਂ ਕਿ ਵਿਧਾਨ ਸਭਾ ਦਾ ਆਪਣਾ ਕਮ ਚੱਲਿਆ ਹੈ, ਉਦੋਂ ਤੋਂ ਹੀ ਸਪੀਕਰ ਜੋ ਹੈ, ਉਹ ਸਕਿਉਰਟੀ ਲਈ ਅਸਿਸਟੈਂਟਸ ਲੈਂਦਾ ਹੈ ਉਨ੍ਹਾਂ ਨੂੰ ਆਪਣੀ ਲੋੜ ਮੁਤਾਬਕ ਮੰਗਵਾਉਂਦਾ ਹੈ ਅੰਰ they are not in uniform ਉਹ ਐਜ਼ ਏ ਗਾਰਡ, ਐਜ਼ ਏ ਸਕਿਓਰਟੀ ਸਾਡੀ ਡਿਸਪਜਲ ਤੇ ਆਉਂਦੇ ਹਨ ਜੇ ਤੁਸੀ ਕਹੋ ਕਿ ਕਿਉਂ ਆਉਂਦੇ ਹਨ ਉਹ ਤਾਂ ਸ਼ੁਰੂ ਤੋਂ ਆ ਰਹੇ ਹਨ ਅਤੇ ਹਰ ਸਪੀਕਰ ਇਨ੍ਹਾਂ ਦੀ ਮੰਗ ਕਰਦਾ ਹੈ This is an internal matter of the Speaker ਇਸ ਕਰਕੇ ਤੁਸੀ ਇਸ ਨੂੰ ਬਹੁਤਾ ਉਛਾਲੋ ਨਾ। (ਵਿਘਨ) ਇਹ ਇੰਟਰਨਲ ਮਾਮਲਾ ਹੈ

Shri Sunil Jakhar : I am not challenging your authority

ਮਾਨਯੋਗ ਸਪੀਕਰ: ਜਾਖੜ ਸਾਹਿਬ, ਮੈਂ ਚਾਹੁੰਦਾ ਨਹੀਂ ਸੀ, ਕਿਉਂਕਿ ਤੁਸੀਂ ਸਭ ਕੁਝ ਜਾਣਦੇ ਹੋਏ ਵੀ ਕਹਿ ਰਹੇ ਹੋ, ਤੁਸੀਂ ਪੁਰਾਣੇ ਸੱਜਣ ਹੋ, ਜਾਣਦੇ ਹੋ ਕਿ ਇਹ ਪੁਲਿਸ ਜਿਹੜੀ ਹੈ, ਜਿੰਨੀ ਕ ਅਸੀਂ ਇਸ ਦੀ ਅਸਿਸਟੈਂਸ ਲਈਏ, ਸਾਨੂੰ ਲੋੜ ਹੈ ਜਦ ਤੋਂ ਹੀ ਹਾਉਸ ਦੀ ਕਾਰਵਾਈ ਚੱਲਣੀ ਸ਼ੁਰੂ ਹੋਈ ਹੈ, ਉਦੋਂ ਤੋਂ ਹੀ ਇਹ ਸਿਸਟਮ ਚੱਲਿਆ ਆ ਰਿਹਾ ਹੈ You know very well ਫਿਰ ਇਸ ਪਾਸੇ ਵੱਲ ਕਿਉਂ ਜਾਂਦੇ ਹੋ? ਇਹ ਕੁਐਸਚਨ ਵਾਚ ਐਂਡ ਵਾਰਡ ਸਟਾਫ ਦਾ ਹੈ ਉਹ ਆਪਣੇ ਕੁਲ ਕੰਮ ਕਰਦੇ ਹਨ।

ਸ਼੍ਰੀ ਸੁਨੀਲ ਜਾਖੜ: ਸਪੀਕਰ ਸਾਹਿਬ, ਪੁਆਇੰਟ ਤਾਂ ਸੁਣ ਲਵੋ ਜੋ ਤੁਹਾਨੂੰ ਪਤਾ ਸੀ ਕਿ ਇਹ ਇੰਟਰਨਲ ਮੈਟਰ ਹੈ।

ਮਾਨਯੋਗ ਸਪੀਕਰ: ਵਾਚ ਐਂਡ ਵਾਰਡ ਆਪਣੇ ਕੋਲ ਕੰਮ ਕਰਦੇ ਹਨ। (ਵਿਘਨ, ਸ਼ੋਰ)

ਸ਼੍ਰੀ ਸੁਨੀਲ ਜਾਖੜ: ਵਿਘਨ, ਸ਼ੋਰ। ਮੇਰੀ ਗੱਲ ਸੁਣ ਲਓ ਸਪੀਕਰ ਸਾਹਿਬ ਪੁਆਇੰਟ ਤਾਂ ਸੁਣ ਲਓ, ਜੋ ਤੁਹਾਨੂੰ ਪਤਾ ਸੀ ਇਹ ਇੰਟਰਨਲ ਮੈਟਰ ਹੈ, ਇਹ ਇਸ ਕਰਕੇ ਕਹਿੰਦੇ ਹਨ ਕਿ ਅਸੀਂ ਸੈਨੂੰ ਬਲਾ ਲੈਂਦੇ ਕਮਰੇ ਵਿਚ ਕਿ ਆਹ ਗੱਲ ਹੈ ਅਸੀਂ ਇਸ ਕਰਕੇ ਪੁਲਿਸ ਤੁਹਾਡੇ ਦਫਤਰ ਵਿਚ ਭੇਜੀ ਹੈ Is it not a serious breach of democratic norms ਕਿ ਅਪੋਜ਼ੀਸ਼ਨ ਦਾ ਆਫਿਸ ਰੇਡ ਹੁੰਦੇ? (ਵਿਘਨ, ਸ਼ੋਰ

ਮਾਨਯੋਗ ਸਪੀਕਰ : ਦੇਖੋ, ਮੈਂ ਪੁਲਿਸ ਨੂੰ ਨਹੀਂ ਕਿਹਾ, ਮੇਰੀ ਗੱਲ ਸੁਣ (ਵਿਘਨ, ਸ਼ੋਰ)

ਸ਼੍ਰੀ ਸੁਨੀਲ ਜਾਖੜ: ਵਿਘਨ ਸ਼ੋਰ ਸਾਡੇ ਸਾਥੀਆਂ ਨੂੰ ਤੁਸੀਂ ਕੱਲ੍ਹ ਸਵੇਰੇ ਸਦਨ ਆਏ ਹਨ, ਤੁਸੀਂ ਉਨ੍ਹਾਂ ਨੂੰ ਬਰਖਾਸਤ ਕਰ ਦਿੱਤਾ ਅਸੀਂ ਸਾਰੇ ਉਠ ਕੇ ਬਾਹਰ ਚਲੇ ਗਏ ਸ਼ਾਮ ਨੂੰ ਤੁਸੀਂ ਉਸ ਸਜ਼ਾ ਨੂੰ ਵਧਾ ਦਿੱਤਾ ਜਿਹੜਾ ਇਹ ਸਟੈਂਡ ਚੱਲ ਹੋ ਰਿਹਾ ਹੈ, ਮੈਂ ਸਪੀਕਰ ਸਾਹਿਬ ਤੁਹਾਨੂੰ with full due regards to the democratic norms, for the interest of Punjab ਦੱਸਣਾ ਚਾਹੁੰਦਾ ਹਾਂ ਕਿ ਜਾਂ ਤਾਂ ਤੁਸੀਂ ਸਾਨੂੰ ਸਾਰਿਆਂ ਨੂੰ ਬਾਹਰ ਕੱਢ ਦਿਓ ਜਾਂ ਉਨ੍ਹਾਂ ਤੇ ਤੁਸੀਂ ਆਪਣੇ ਫੈਸਲੇ ਨੂੰ ਰੀਕੰਸਿਡਰ ਕਰ ਲਓ ਜਦ ਤਕ ਜਸਟਿਸ ਨਹੀਂ ਮਿਲਦਾ (ਵਿਘਨ ਸ਼ੋਰ

ਮਾਨਯੋਗ ਸਪੀਕਰ: ਤੁਸੀਂ ਉਨ੍ਹਾਂ ਦੇ ਕੰਮ ਨੂੰ ਜਸਟੀਫਾਈ ਕਰਦੇ ਹੋ What they have done? (ਵਿਘਨ ਸ਼ੋਰ ਕਿ ਉਨਾਂ ਨੇ ਜੋ ਕੀਤਾ, ਠੀਕ ਕੀਤਾ

ਸ਼੍ਰੀ ਸੁਨੀਲ ਜਾਖੜ: ਅਸੀਂ ਜਸਟੀਫਾਈ ਨਹੀਂ ਕਰਦੇ ਵਿਘਨ ਸ਼ੋਰ

ਮਾਨਯੋਗ ਸਪੀਕਰ: ਫਿਰ ਤੁਸੀਂ ਰਹਿਣ ਦਿਓ। ਵਿਘਨ ਸ਼ੋਰ

ਸ਼੍ਰੀ ਸੁਨੀਲ ਜਾਖੜ: ਬਹੁਤ ਮੰਦਭਾਗਾ ਹੋਇਆ ਸਪੀਕਰ ਸਾਹਿਬ, ਵਿਘਨ , ਸ਼ੋਰ) ਚਾਹੇ ਉਥੇ ਰੇਡ ਹੋਈ ਹੈ ਚਾਹੇ ਇਥੇ ਅਸੀਂ ਜੋ ਕੁਝ ਕੀਤਾ ਹੈ, ਬਹੁਤ ਮੰਦਭਾਗਾ ਹੋਇਆ ਹੈ। As a custodian of this House you are the ultimate authority. Please let this House function for the people of Punjab.

ਮਾਨਯੋਗ ਸਪੀਕਰ: ਇਸ ਨੂੰ ਮੈਂ ਕੰਸਿਡਰ ਕਰ ਲੈਂਦਾ ਹਾਂ।

ਸ੍ਰੀ ਸੁਨੀਲ ਜਾਖੜ: (ਵਿਘਨ ... ਸ਼ੋਰ) ਤੁਸੀਂ ਕੰਸਿਡਰ ਕਰ ਲਓ ਉਨ੍ਹਾਂ ਚਿਰ ਤੱਕ ਅਸੀਂ ਪਾਰਟੀਸੀਪੇਟ ਨਹੀਂ ਕਰਨਾ ਜਦ ਤੱਕ ਤੁਸੀਂ ਸਾਨੂੰ ਆਪਣਾ ਫ਼ੈਸਲਾ ਨਹੀਂ ਸੁਣਾਉਂਦੇ

ਮਾਨਯੋਗ ਸਪੀਕਰ: ਨਹੀਂ ਇਹ ਗਲਤ ਹੈ, ਇਹ ਸ਼ਰਤ ਨਹੀਂ ਰੱਖਣੀ, No No this is wrong (ਵਿਘਨ ... ਸ਼ੋਰ)

ਸ੍ਰੀ ਸੁਨੀਲ ਜਾਖੜ: ਕੋਈ ਸ਼ਰਤ ਨਹੀਂ ਸਾਡੀ (ਵਿਘਨ .. ਸ਼ੋਰ)

WALK-OUT

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ** ** ਨਾਅਰੇ ਲਗਾਉਂਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ ਅਤੇ ਇਸ ਸਮੇਂ ਸਦਨ ਵਿਚ ਕਾਫੀ ਜ਼ਿਆਦਾ ਸ਼ੋਰ ਹੋਣ ਕਾਰਨ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

MATERS RAISED DURING ZERO HOUR AND THE STATEMENTS BY THE DEPUTY CHIEF MINISTER AND THE MINISTERS THEREON *(Resumption)*

ਮਾਲ ਤੇ ਮੁੜ ਵਸੇਬਾ ਮੰਤਰੀ: ਸਪੀਕਰ ਸਾਹਿਬ, ਇਹ ਆਪਣੀ ਗਲਤੀ ਤਾਂ ਮੰਨਣ, (ਵਿਘਨ ... ਸ਼ੋਰ)

ਮਾਨਯੋਗ ਸਪੀਕਰ: They have admitted, ਗਲਤੀ ਉਨ੍ਹਾਂ ਨੇ ਮੰਨ ਲਈ ਹੈ

ਮਾਲ ਤੇ ਮੁੜ ਵਸੇਬਾ ਮੰਤਰੀ: ਸਪੀਕਰ ਸਾਹਿਬ, (ਵਿਘਨ ...ਸ਼ੋਰ)

ਮਾਨਯੋਗ ਸਪੀਕਰ: ਗਲਤੀ ਉਨ੍ਹਾਂ ਨੇ ਮੰਨ ਲਈ ਹੈ (ਵਿਘਨ .. ਸ਼ੋਰ)

ਮਾਲ ਤੇ ਮੁੜ ਵਸੇਬਾ ਮੰਤਰੀ: ਸਪੀਕਰ ਸਾਹਿਬ, ਮੈਂ ਦੋ ਤਿੰਨ ਗੱਲਾਂ ਸਮਝਣਾ ਚਾਹੁੰਦਾ ਹਾਂ, ਕਿ ਇਨ੍ਹਾਂ ਨੇ ਗਲਤੀ ਕਿਹੜੀ ਮੰਨੀ ? ਕੀ ਗਲਤੀ ਇਸ ਗੱਲ ਦੀ ਮੰਨੀ ਹੈ ਕਿ ਜਿਹੜਾ ਕੁਝ ਉਨ੍ਹਾਂ ਨੇ ਚੇਅਰ ਨਾਲ ਕੀਤਾ ਜਾਂ ਕਿ ਇਸ ਗੱਲ ਦੀ ਗਲਤੀ ਮੰਨੀ ਹੈ ਕਿ ਜਿਹੜਾ ਇਕ ਕਰਮਚਾਰੀ ਡਿਊਟੀ ਨਿਭਾ ਰਿਹਾ ਸੀ ਤਾਂ ਕਿ ਕਿਤੇ ਕੋਈ ਇਲਲੀਗਲੀ, ਅਨ ਲਾਅਫੁੱਲੀ ਏਥੇ ਅੰਦਰ ਵੜ ਜਾਂਦਾ ਹੈ ਜਾਂ ਕੱਲ੍ਹ ਨੂੰ ਕੋਈ ਹਾਦਸਾ ਵਾਪਰ ਜਾਂਦਾ ਹੈ ਤਾਂ ਫਿਰ ਕੀ ਤੁਸੀਂ ਜ਼ਿੰਮੇਵਾਰ ਹੁੰਦੇ ? ਗਲਤ ਤਰੀਕੇ ਨਾਲ ਕੋਈ ਅੰਦਰ ਵੜਿਆ ਤੇ ਡਿਊਟੀ ਨਿਭਾਉਂਦਿਆਂ ਉਸ ਕਰਮਚਾਰੀ ਨੇ ਰੋਕਿਆ ਤੁਸੀਂ ਉਸ ਦੀ ਕੁੱਟਮਾਰ ਸ਼ੁਰੂ ਕਰ

** Expunged as per ruling of the Chair dated 13.3.2018

[ਮਾਲ ਤੇ ਮੁੜ ਵਸੇਬਾ ਮੰਤਰੀ]

ਦਿਓ, ਬਾਇਕਾਟ ਕਰ ਤੁਸੀਂ ਉਸ ਨੂੰ ਦਲਿਤ ਸਮਝ ਕੇ ਉਸ ਨੂੰ ਸਿੰਗਲ ਆਊਟ ਕਰ ਉਸ ਦੀ ਖਿੱਚਧੂਹ ਕਰੋ, ਉਸ ਨੂੰ ਵਾਲਾਂ ਤ ਖਿਚ। ਕੀ ਉਹ ਇਸ ਗੱਲ ਦੀ ਮਾਫ਼ੀ ਮੰਗ ਰਹੇ ਹਨ ਕਿ ਨਹੀਂ ਮੰਗ ਰਹੇ? ਮੈਂ ਇਹ ਗੱਲ ਸਮਝਣਾ ਚਾਹੁੰਦਾ ਹਾਂ ਸਪੀਕਰ ਸਾਹਿਬ today the nation is watching, Punjab is watching ਤੁਸੀਂ ਗੱਲ ਕਰਦੇ ਹੋ ਦਲਿਤਾਂ ਦੀ ਅੱਜ ਕਾਂਗਰਸ ਦਾ ਇਸ ਤਰ੍ਹਾਂ ਹਸ਼ਰ ਕਿਉਂ ਹੋਇਆ ਕਾਂਗਰਸ ਦਾ ਹੱਥ ਗਰੀਬ ਦੇ ਨਾਲ ਜੇ ਗਰੀਬ ਨਾਲ ਹੁੰਦਾ ਤਾਂ ਇਨ੍ਹਾਂ ਦੇ ਆਪਣੇ ਨੁਮਾਇੰਦੇ ਕੀ ਦਲਿਤ ਨਾਲ, ਕਿਸੇ ਅਫਸਰ ਨਾਲ ਜਿਹੜਾ ਆਪਣੀ ਡਿਊਟੀ ਨਿਭਾ ਰਿਹਾ ਹੈ, ਉਸ ਨਾਲ ਇਹ ਜਿਹੀ ਹਰਕਤ ਕਰਦੇ? ਸਪੀਕਰ ਸਾਹਿਬ, ਮੈਂ ਸਮਝਣਾ ਚਾਹੁੰਦਾ ਹਾਂ ਕੀ ਇਨ੍ਹਾਂ ਨੇ ਉਸ ਗੱਲ ਦੀ ਵੀ ਮੁਆਫ਼ੀ ਮੰਗੀ ਹੈ ਕਿ ਨਹੀਂ ਮੰਗੀ? ਉਹ ਮੇਰੇ ਨਹੀਂ ਸਮਝ ਲੱਗੀ ਜਾਂ ਤਾਂ ਮੈਨੂੰ ਸਮਝ ਨਹੀਂ ਆਈ ਜਾਂ ਮੈਂ ਅਨਪੜ੍ਹ ਹਾਂ ਕਿਰਪਾ ਕਰਕੇ ਜਨਾਬ ਮੈਨੂੰ ਸਮਝਾ ਦੇਣ ਕਿ ਮੁਆਫ਼ੀ ਮੰਗੀ ਕਿਸ ਗੱਲ ਦੀ ਹੈ? ਫਿਰ ਮੈਂ ਚੁੱਪ ਚਾਪ ਬੈਠ ਜਾਵਾਂਗਾ। ਜਾਖੜ ਸਾਹਿਬ ਨੇ ਜਸਟੀਫਾਈ ਕਰ ਦਿੱਤਾ ਕਿ ਸੁਪਰੀਮ ਕੋਰਟ ਨੇ ਇਹ ਆਖਿਆ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਆਪਾਂ ਸੁਪਰੀਮ ਕੋਰਟ ਵਿਚ ਸਬਜੁਡਿਸ ਮਾਮਲਾ ਇਥੇ ਡਿਸਕਸ ਕਰ ਸਕਦੇ ਹਾਂ

ਮਾਨਯੋਗ ਸਪੀਕਰ: ਨਹੀਂ ਕਰ ਸਕਦੇ

ਮਾਲ ਤੇ ਮੁੜ ਵਸੇਬਾ ਮੰਤਰੀ: ਜੋ ਮੈਨੂੰ ਦੱਸਿਆ ਗਿਆ ਹੈ, ਨਹੀਂ ਕਰ ਸਕਦੇ ਜਸਟੀਫਾਈ ਕੀਤਾ ਗਿਆ ਕਿ ਸਾਨੂੰ ਇਹ ਤਾਂ ਕਰਨਾ ਪਿਆ ਕਿਉਂਕਿ ਗਲਤ ਤਰੀਕੇ ਨਾਲ ਕੁੜੀ ਨੂੰ ਅੰਦਰ ਲਿਆਉਣਾ ਚਾਹੁੰਦਾ ਸੀ ਤੁਸੀਂ ਲਿਆਉਣ ਨਹੀਂ ਦਿੱਤਾ ਤਾਂ ਸਾਨੂੰ ਤੁਹਾਡੀ ਕੁਰਸੀ ਤੱਕ ਚੜ੍ਹਨਾ ਪਿਆ ਤੁਹਾਡਾ ਗਲੇਵਾਂ ਫੜਨਾ ਪਿਆ ਕੱਲ੍ਹ ਕਹਿ ਦੇਣਗੇ ਜੀ ਕਿ ਕਾਲਿੰਗ ਅਟੈਨਸ਼ਨ ਮੋਸ਼ਨ ਦੇ ਵਿਚ ਮਜੀਠੀਏ ਦਾ ਜਵਾਬ ਸਹੀ ਨਹੀਂ ਹੈ। ਕਾਲਿੰਗ ਅਟੈਨਸ਼ਨ ਮੋਸ਼ਨ ਦੇ ਵਿਚ ਮੰਤਰੀ ਨੇ ਜਵਾਬ ਦੇਣਾ ਹੈ ਤੇ ਮੈਂ ਗੋਲੀ ਠੋਕਦਾ ਫਿਰ ਕਹਿਣਗੇ ਕਿ ਸਾਡੀ ਤਾਂ ਮਜਬੂਰੀ ਹੋ ਗਈ ਸੀ ਮਜੀਠੀਆ ਜਵਾਬ ਚੰਗਾ ਨਹੀਂ ਦਿੰਦਾ, ਇਸ ਲਈ ਗੋਲੀ ਠੋਕ ਦਿੱਤੀ। ਸਪੀਕਰ ਸਾਹਿਬ ਇਸ ਤਰ੍ਹਾਂ ਤਾਂ ਹਾਊਸ ਨਹੀਂ ਚਲ ਸਕਦਾ, ਹਾਊਸ ਤਾਂ ਡੈਮੋਕਰੇਟਿਕ ਪਰੋਸੀਜਰ ਨਾਲ ਚਲਦੇ ਹਨ ਮੈਂ ਫਿਰ ਇਹ ਸਮਝਣਾ ਚਾਹੁੰਦਾ ਹਾਂ ਇਨ੍ਹਾਂ ਨੇ ਮੁਆਫ਼ੀ ਜਨਾਬ ਤੋਂ ਇਕੱਲੀ ਹਾਊਸ ਅੰਦਰ ਜੋ ਹੋਇਆ ਉਸ ਦੀ ਮੰਗੀ ਜਾਂ ਇਕ ਅਫਸਰ ਨੂੰ ਵਾਚ ਐਂਡ ਵਾਰਡ ਸਟਾਫ ਨੂੰ ਡਰਾਇਆ ਗਿਆ, ਇਕ ਦਲਿਤ ਨੂੰ ਜਿਸ ਤਰੀਕੇ ਨਾਲ ਜਲੀਲ ਕੀਤਾ ਗਿਆ ਕਿ ਉਹ ਅਜਿਹਾ ਕਰਨ ਤੇ ਪੰਜਾਬ

ਅਤੇ ਦੇਸ ਦੇ ਦਲਿਤਾਂ ਤੋਂ ਵੀ ਮੁਆਫੀ ਮੰਗਦੇ ਹਨ ਜਾਂ ਨਹੀਂ ਮੰਗਦੇ?

ਮਾਨਯੋਗ ਸਪੀਕਰ: ਧੰਨਵਾਦ ਜੀ, ਹੁਣ ਧਿਆਨ ਦਿਵਾਊ ਨੋਟਿਸ

CALL ATTENTION NOTICE UNDER RULE 66

(Sr. No. 8)

(ਸਬੰਧਿਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਧਿਆਨ ਦਿਵਾਊ ਮਤਾ ਪੇਸ਼ ਨਹੀਂ ਹੋਇਆ।)

MATTERS RAISED DURING ZERO HOUR AND THE STATEMENTS BY THE DEPUTY CHIEF MINISTER AND THE MINISTERS THEREON *(Resumption)*

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ): ਸਪੀਕਰ ਸਾਹਿਬ, ਕੱਲ੍ਹ ਦੀ ਮੇਰੀ ਮੋਸ਼ਨ ਪਈ ਹੈ, ਤੁਸੀਂ ਅਲਾਓ ਹੀ ਨਹੀਂ ਕਰ ਰਹੇ। I want to say

ਮਾਨਯੋਗ ਸਪੀਕਰ: ਹਾਂ ਜੀ, ਮਿੱਤਲ ਸਾਹਿਬ, ਤੁਸੀਂ ਕੀ ਕਹਿ ਰਹੇ ਹੋ?

ਸੰਸਦੀ ਮਾਮਲੇ ਮੰਤਰੀ: ਸਪੀਕਰ ਸਾਹਿਬ, I want to say something. ਮੇਰੀ ਮੋਸ਼ਨ ਹੈ ਜੀ, ਕੱਲ੍ਹ ਦੀ ਮੇਰੀ ਮੋਸ਼ਨ ਪਈ ਹੈ ਜੀ, ਮੈਨੂੰ ਤੁਸੀਂ ਅਲਾਓ ਹੀ ਨਹੀਂ ਕਰ ਰਹੇ ਹੋ। ਮੈਂ ਚਾਰ ਵਾਰ ਖੜ੍ਹਾ ਹੋਇਆ ਹਾਂ, ਮੈਨੂੰ ਟਾਈਮ ਹੀ ਨਹੀਂ ਦਿੱਤਾ ਗਿਆ ਹੈ

ਮਾਨਯੋਗ ਸਪੀਕਰ: ਹਾਂ ਜੀ, ਦੱਸੋ

ਸੰਸਦੀ ਮਾਮਲੇ ਮੰਤਰੀ: ਸਪੀਕਰ ਸਾਹਿਬ, ਮੇਰੀ ਕੱਲ੍ਹ ਦੀ ਮੋਸ਼ਨ ਪੈਂਡਿੰਗ ਪਈ ਹੈ। It is very important motion. The member is present today. I want to move that motion. ਜੋ ਉਨ੍ਹਾਂ ਨੇ Breach of Privilege ਕੀਤਾ ਹੈ, ਓਹ ਤੁਹਾਡੇ ਸਾਹਮਣੇ Confess ਕਰਕੇ ਗਏ ਹਨ with authority ਕਿ ਹਾਂ ਜੀ, ਮੈਂ ਉਸ ਲੜਕੀ ਨੂੰ ਆਪਣੇ ਨਾਲ ਲੈ ਕੇ ਆਇਆ ਹਾਂ। ਇਸ ਤੋਂ ਬਾਅਦ ਤੁਸੀਂ ਦੱਸੋ ਕਿ ਮੋਸ਼ਨ ਮੂਵ ਹੋਣ ਵਿੱਚ ਕੀ ਰਹਿ ਗਿਆ। I say it is breach of the Privilege of the House. ਇੱਕ ਮੈਂਬਰ ਅਨਆਥਰਾਈਜ਼ਡ ਬੰਦਿਆਂ ਨੂੰ ਐਂਟਰ ਕਰਵਾ ਰਿਹਾ ਹੈ ਅਤੇ ਨਾਲ ਹੀ ਐਡਮਿਟ ਵੀ ਕਰ ਰਿਹਾ ਹੈ। ਫਿਰ ਜਸਟੀਫਾਈ ਕਰ ਰਿਹਾ ਹੈ। ਕਿਸ ਤਰ੍ਹਾਂ ਉਸ ਨੂੰ ਲੈ ਕੇ ਆਏ ਹਨ ਅਤੇ ਕਹਿ ਰਹੇ ਹਨ ਕਿ ਮੈਂ ਲੈ ਕੇ ਆਇਆ ਹਾਂ ਅਤੇ ਫੇਰ ਤੁਹਾਨੂੰ ਦੱਸ ਰਿਹਾ ਹੈ ਕਿ ਜੇ ਤੁਹਾਨੂੰ ਪਤਾ ਲੱਗ ਗਿਆ ਤਾਂ ਤੁਸੀਂ ਮੇਰੇ ਨਾਲ ਗੱਲ ਕਿਉਂ ਨਹੀਂ ਕੀਤੀ? ਇਸ ਤੋਂ ਬਾਅਦ ਹੋਰ ਤੁਹਾਨੂੰ ਕੀ ਸਬੂਤ ਚਾਹੀਦਾ ਹੈ। I say that Motion should be moved and further proceedings should be allowed.

ਮਾਨਯੋਗ ਸਪੀਕਰ: ਤੁਸੀਂ ਮੋਸ਼ਨ ਦੱਸ ਕਿਹੜਾ ਮੂਵ ਕਰਨਾ ਹੈ। (ਵਿਘਨ) (ਸ਼ੋਰ)

ਸੰਸਦੀ ਮਾਮਲੇ ਮੰਤਰੀ: ਤੁਸੀਂ ਕੱਲ੍ਹ ਕਿਹਾ ਸੀ ਕਿ ਅੱਜ ਅਸੀਂ ਮੋਸ਼ਨ ਮੂਵ ਕਰਾਂਗੇ।

ਮਾਨਯੋਗ ਸਪੀਕਰ: ਕਿਹੜਾ ਮੋਸ਼ਨ ਹੈ, ਆਪਣੇ ਕੋਲ ਦੋ ਮੋਸ਼ਨ ਹਨ।

ਸੰਸਦੀ ਮਾਮਲੇ ਮੰਤਰੀ: ਮੈਂ ਤਾਂ ਮੂਵ ਕਰ ਰਿਹਾ ਹਾਂ ਜੀ, ਇਨ੍ਹਾਂ ਨੇ ਬਰੀਚ ਆਫ ਪ੍ਰਿਵਿਲੇਜ ਕੀਤਾ ਹੈ ਅਤੇ ਅਨਆਥਰਾਈਜ਼ਡ ਬੰਦਿਆਂ ਨੂੰ ਅੰਦਰ ਲਿਆ ਕੇ ਕੀਤਾ ਹੈ, ਵਿਧਾਨ ਸਭਾ ਦੀ ਸਿਕਿਉਰਿਟੀ ਨੂੰ ਬਰੀਚ ਕੀਤਾ ਹੈ ਅਤੇ ਉਨ੍ਹਾਂ ਦਾ ਮੂੰਹ ਬੰਦ ਕਰਕੇ ਜਿਸ ਤਰੀਕੇ ਨਾਲ present ਕੀਤਾ ਅਤੇ ਆਪਣੇ ਕਮਰੇ ਵਿਚ ਲੈ ਕੇ ਗਏ ਹਨ, that is also within your jurisdiction. ਇਸ ਤੋਂ ਵੱਡਾ ਬਰੀਚ ਆਫ ਪ੍ਰਿਵਿਲੇਜ ਕੀ ਹੋ ਸਕਦਾ ਹੈ? So I move the Privilege Motion. ਇਸ ਦੀ ਇਜਾਜ਼ਤ ਦਿਓ ਤਾਂ ਕਿ ਅੱਗੇ ਕੋਈ ਕਾਰਵਾਈ ਹੋਵੇ। (ਵਿਘਨ) (ਸ਼ੋਰ)

ਮਾਨਯੋਗ ਸਪੀਕਰ: ਗੱਲ ਇਹ ਹੈ ਕਿ ਕਿਉਂਕਿ ਹਾਊਸ ਕੱਲ ਐਡਮਿਟ ਕਰ ਗਿਆ ਹੈ ਇਸ ਕਰਕੇ ਮੈਨੂੰ ਦੇਖਣਾ ਪੈਣਾ ਹੈ। ਫਿਰ ਆਪਾਂ ਥੋੜ੍ਹਾ ਬੈਠ ਕੇ ਕਰ ਲਵਾਂਗੇ।

ਸੰਸਦੀ ਮਾਮਲੇ ਮੰਤਰੀ: ਤੁਸੀਂ ਕਾਰਵਾਈ ਤਾਂ ਬਾਅਦ ਵਿੱਚ ਕਰੋਗੇ, ਪਹਿਲਾਂ ਤਾਂ ਮੋਸ਼ਨ ਨੂੰ ਐਡਮਿਟ ਕਰੋਗੇ। ਪਰ ਜਦ ਤੱਕ ਤੁਸੀਂ ਮੋਸ਼ਨ ਨੂੰ ਐਡਮਿਟ ਨਹੀਂ ਕੀਤਾ ਤੁਸੀਂ ਐਕਸ਼ਨ ਕਿਵੇਂ ਲਵੋਗੇ।

ਮਾਨਯੋਗ ਸਪੀਕਰ: ਤੁਸੀਂ ਲੀਵ ਲਵੋਗੇ ਤਾਂ ਹੀ ਮੈਂ ਐਡਮਿਟ ਕਰਾਂਗਾ। (ਵਿਘਨ) (ਸ਼ੋਰ)

ਸੰਸਦੀ ਮਾਮਲੇ ਮੰਤਰੀ: ਦੋ ਦਿਨ ਤੋਂ ਤੁਹਾਡੇ ਕੋਲ ਮੋਸ਼ਨ ਪੈਂਡਿੰਗ ਪਈ ਹੈ। It is pending for the last two days.

ਉਦਯੋਗ ਅਤੇ ਵਣਜ ਮੰਤਰੀ (ਸ਼੍ਰੀ ਅਨਿਲ ਜੋਸ਼ੀ) : ਸਪੀਕਰ ਸਾਹਿਬ, ਜੇ ਕੋਈ ਮੁਜਰਮ ਜੁਰਮ ਐਡਮਿਟ ਕਰ ਜਾਵੇ ਤਾਂ ਕੀ ਉਸ ਨੂੰ ਛੱਡ ਥੋੜ੍ਹੀ ਦਿੱਤਾ ਜਾਂਦਾ ਹੈ। (ਵਿਘਨ) (ਸ਼ੋਰ)

ਮਾਨਯੋਗ ਸਪੀਕਰ: ਕਿਹੜਾ ਮੋਸ਼ਨ ਹੈ, ਪੜ੍ਹੋ। (ਵਿਘਨ) (ਸ਼ੋਰ)

ਮਾਲ ਤੇ ਮੁੜ ਵਸੇਬਾ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ): ਸਪੀਕਰ ਸਾਹਿਬ, ਉਨ੍ਹਾਂ ਨੇ ਕਿਸ ਚੀਜ਼ ਦੀ ਮੁਆਫੀ ਮੰਗੀ ਹੈ। ਜੋ ਉਨ੍ਹਾਂ ਨੇ ਹਾਊਸ ਵਿਚ ਕੀਤਾ, ਉਸ ਦੀ ਮੁਆਫੀ ਮੰਗੀ ਹੈ ਜਾਂ ਜਿਸ ਅਫਸਰ ਨੂੰ ਆਪਣੀ ਜਿੰਮੇਵਾਰੀ ਨਿਭਾਉਣ

ਤੋਂ ਹਟਾਇਆ ਗਿਆ ਹੈ। ਉਸ ਦੀ ਜਿਹੜੀ ਕੁੱਟਮਾਰ ਕੀਤੀ ਹੈ ਉਸ ਦੀ ਮੰਗੀ ਹੈ ਜਾਂ ਇੱਕ ਦਲਿਤ ਨੂੰ ਬੇਇੱਜਤ ਕੀਤਾ ਗਿਆ, ਉਸ ਦੀ ਮਗੀ ਹੈ ਇਹ ਦਸਣ ਕਿ ਕਾਹਦੀ ਮੁਆਫੀ ਮੰਗੀ ਹੈ? Please explain to the Members

ਮਾਨਯੋਗ ਸਪੀਕਰ: ਕੀ ਇਹ ਮੈ ਐਕਸਪਲੇਨ ਕਰਨਾ ਹੈ ਕਿ ਕਿਸ ਗੱਲ ਦੀ ਮੁਆਫੀ ਮੰਗੀ ਹੈ? ਤੁਸੀਂ ਵੀ ਸੁਣ ਲਿਆ ਹੈ ਅਤੇ ਮੈਂ ਵੀ ਸੁਣ ਲਿਆ ਹੈ। (ਵਿਘਨ ਸ਼ੋਰ)

ਮਾਲ ਤੇ ਮੁੜ ਵਸੇਬਾ ਮੰਤਰੀ: ਜਨਾਬ ਸਮਝ ਗਏ ਹਨ ਕਿ ਕਿਸ ਚੀਜ ਦੀ ਮੁਆਫੀ ਮੰਗੀ ਹੈ। ਮੈਨੂੰ ਸਮਝ ਨਹੀ ਲੱਗੀ, Sir that is why I am trying to understand ਕੀ ਤੁਸੀਂ ਸਮਝ ਗਏ ਹ

ਮਾਨਯੋਗ ਸਪੀਕਰ: ਮੈਂ ਸਮਝ ਗਿਆ ਹਾਂ (ਵਿਘਨ ਸ਼ੋਰ)

ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ): ਸਪੀਕਰ ਸਾਹਿਬ, 10 ਵਜੇ ਹਾਊਸ ਸ਼ੁਰੂ ਹੋਇਆ ਹੈ, ਲੀਡਰ ਆਫ ਦਿ ਆਪੋਜੀਸ਼ਨ ਆਪਣੇ ਐਮ ਐਲ ਏਜ਼ ਦੇ ਨਾਲ ਇਥੇ ਪਹੁੰਚੇ ਜਿਥੇ ਖੜ੍ਹੇ ਹੋ ਕੇ ਉਨ੍ਹਾਂ ਨੇ ਗੱਲ ਕੀਤੀ ਸਪੀਕਰ ਸਾਹਿਬ, ਜੇ ਤੁਸੀ ਉਨ੍ਹਾਂ ਦੀ ਗੱਲ ਦਾ ਲਹਿਜਾ ਦੇਖੋ, ਬਾਡੀ ਲੈਂਗਏਜ ਦੇਖ, ਉਹ ਮੁਆਫੀ ਮੰਗਣ ਵਾਸਤੇ ਨਹੀਂ ਆਏ ਸੀ ਪਹਿਲ ਉਨ੍ਹਾਂ ਨੇ ਜੋ ਐਕਟ ਕੀਤਾ, ਫਿਰ ਉਸ ਨੂੰ ਜਸਟੀਫਾਈ ਕੀਤਾ ਕਿ ਕਿਉਂ ਕੀਤਾ ਉਸ ਤੋਂ ਬਾਅਦ ਉਨ੍ਹਾਂ ਨੇ ਹਾਊਸ ਨੂੰ ਫਿਰ ਤੋਂ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਕਿ ਕਿਵੇਂ ਮੈਂ ਐਜ ਏ ਹੋਮ ਮਨਿਸਟਰ ਪਲਿਸ ਚਲਾਈ ਮੈਂ ਐਜ਼ ਹੋਮ ਮਨਿਸਟਰ ਉਸ ਲੜਕੀ ਨੂੰ ਟੈਰੋਰਿਸਟ ਕਿਹਾ ਹੈ। ਜਦ ਮੈਂ ਉਨ੍ਹਾਂ ਨੂੰ ਰਿਬਟ ਕੀਤਾ ਤਾਂ ਫਿਰ ਉਨ੍ਹਾਂ ਨੇ ਵਿਦ ਡਰਾਅ ਕੀਤਾ ਫਿਰ ਇਨ੍ਹਾਂ ਨੇ ਉਸ ਇਸ਼ੂ ਨੂੰ ਮਹਿਲਾਂਆਂਵਾਲਾ ਬਾਗ਼ ਨਾਲ ਜੋੜਨ ਦੀ ਗੱਲ ਕੀਤੀ ਫਿਰ ਉਨ੍ਹਾਂ ਨੇ ਕਿਹਾ ਕਿ ਮੈਂ ਜ਼ਿੰਮੇਵਾਰ ਹਾਂ, ਉਹ ਇਸ ਕਰਕੇ ਇਨ੍ਹਾਂ ਨੇ ਕਿਹਾ ਕਿ ਮੈ ਜ਼ਿੰਮੇਵਾਰ ਹਾਂ ਕਿ ਜਾਂ ਤੁਸੀਂ ਸਾਰਿਆਂ ਨੂੰ ਛੱਡ ਨਹੀ ਤਾ ਸਾਨੂੰ ਕੱਢੋ ਇਹ ਕੋਈ ਉਨ੍ਹਾਂ ਨੇ ਹਾਊਸ ਤੋਂ ਮੁਆਫੀ ਮੰਗੀ ਹੈ? ਜੋ ਇਥੇ ਹੋਇਆ, ਸਪੀਕਰ ਸਾਹਿਬ, ਆਪ ਵੀ ਤੇ ਅਖਬਾਰ ਪੜ੍ਹਦੇ ਹੋਣੇ ਹਨ, ਜੋ ਯੂਨਾਨੀਮਸਲੀ, ਨਹੀ ਤਾਂ ਸਪੀਕਰ ਸਾਹਿਬ ਦੋ ਮਸਲਜ ਆ ਜਾਂਦੇਆ ਹੁੰਦੀਆ ਹਨ, ਕੋਈ ਅਖਬਾਰ ਕਹਿੰਦੇ ਹਨ ਕਿ ਪਾਜ਼ੇਟਿਵ ਹੈ, ਕੋਈ ਅਖਬਾਰ ਕਹਿੰਦੇ ਹਨ ਕਿ ਨੈਗੇਟਿਵ ਹੈ ਪਰ ਜਿੰਨਾ ਯੂਨਾਨੀਮਸਲੀ ਦੇਸ਼ ਦੇ ਮੀਡੀਆ ਨੇ, ਜਿੰਨਾ ਯੂਨਾਨੀਮਸਲੀ ਦੇਸ਼ ਦੀ ਜਨਤਾ ਨੇ ਕੰਡੈਮ ਕੀਤਾ ਹੈ ਅਤੇ ਖਾਸ ਕਰਕੇ ਪੁਲੀਟੀਕਲ ਲੀਡਰਸ਼ਿਪ ਤੇ ਕੁਮੈਂਟ ਕੀਤਾ ਹੈ, ਉਨ੍ਹਾਂ ਦੇ ਬੀਹੇਵੀਅਰ ਤੇ ਕੁਮੈਂਟ ਕੀਤਾ

[ਉਪ ਮੁੱਖ ਮੰਤਰੀ]

ਹੈ, ਕੀ ਇਨ੍ਹਾਂ ਨੇ ਉਸ ਦਾ ਜ਼ਿਕਰ ਕੀਤਾ ਹੈ? ਉਨ੍ਹਾਂ ਨੇ ਕਿਹਾ ਕਿ ਉਹ ਜਿਹੜੇ ਲੋਕ ਜਿਨ੍ਹਾਂ ਨੇ ਇਹ ਸਭ ਕੀਤਾ, ਜਿਹੜੇ ਤੁਹਾਡੀ ਕੁਰਸੀ ਤੇ ਬੈਠੇ ਹਨ, ਜਿਵੇਂ ਉਹ ਦਿਖਾਇਆ ਗਿਆ ਫੁਟ ਵਿੱਚ, ਕਿਵੇਂ ਉਨ੍ਹਾਂ ਨੇ ਆ ਕੇ ਵਾਚ ਐਂਡ ਵਾਰਡ ਸਟਾਫ ਨੂੰ ਕੁੱਟਿਆ, ਉਨ੍ਹਾਂ ਨੇ ਤਾਂ ਇਸ ਦਾ ਜ਼ਿਕਰ ਹੀ ਨਹੀਂ ਕੀਤਾ। ਉਨ੍ਹਾਂ ਨੇ ਕਿਹਾ ਕਿ ਜੋ ਕੁਝ ਹੋਇਆ, ਠੀਕ ਹੈ ਜੀ, ਮੈਂ ਕਸੂਰਵਾਰ ਹਾਂ। ਇਸ ਦਾ ਮਤਲਬ ਜੋ ਕੋਈ ਦਸ ਬੰਦੇ ਕਤਲ ਕਰ ਆਵੇ...

ਮਾਨਯੋਗ ਸਪੀਕਰ: ਉਨ੍ਹਾਂ ਨੇ ਰਿਗਰੇਟ ਵੀ ਕੀਤਾ।

ਉਪ ਮੁੱਖ ਮੰਤਰੀ: ਸਪੀਕਰ ਸਾਹਿਬ, ਰਿਗਰੇਟ ਜਿਸ ਨੇ ਕੀਤਾ ਹੈ we are for the House. ਸਪੀਕਰ ਸਾਹਿਬ, ਆਪ ਜੀ ਜਾਣਦੇ ਹੋ ਜਦੋਂ ਪਹਿਲੇ ਦਿਨ ਤੁਸੀਂ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਸੱਦੀ ਸੀ, ਸਭ ਤੋਂ ਪਹਿਲਾਂ ਮੈਂ ਉਨ੍ਹਾਂ ਨੂੰ ਰਿਕੁਐਸਟ ਕੀਤੀ ਸੀ ਕਿ ਹਾਊਸ ਚੱਲਣਾ ਚਾਹੀਦਾ ਹੈ ਅਤੇ ਡੈਮੋਕਰੇਟਿਕ ਤਰੀਕੇ ਨਾਲ ਚੱਲਣਾ ਚਾਹੀਦਾ ਹੈ। ਮੈਂ ਇਹ ਵੀ ਕਿਹਾ ਸੀ ਕਿ ਤਲਖੀ ਨਹੀਂ ਹੋਣੀ ਚਾਹੀਦੀ। ਮੈਂ ਇਹ ਵੀ ਰਿਕੁਐਸਟ ਕੀਤੀ ਸੀ ਕਿ ਜਿਹੜੀ ਪਰੰਪਰਾ ਆਪਣੇ ਪੰਜਾਬ ਵਿੱਚ ਰਹੀ ਹੈ, ਭਾਈਚਾਰਕ ਸਾਂਝ ਰਹੀ ਹੈ, ਪਹਿਲਾਂ ਕਿਤੇ ਨਹੀਂ ਲੱਗਦਾ ਸੀ ਕਿ ਆਪੋਜ਼ੀਸ਼ਨ ਬੈਂਚ ਹੈ ਕਿ ਰੂਲਿੰਗ ਬੈਂਚ ਹੈ, ਇੰਨਾ ਆਪਸ ਵਿੱਚ ਰਿਲੇਸ਼ਨਸ਼ਿਪ ਸੀ। ਪਿਛਲੇ ਸਾਲਾਂ ਵਿੱਚ ਕਾਂਗਰਸ ਨੇ, ਉਨ੍ਹਾਂ ਦੀ ਲੀਡਰਸ਼ਿਪ ਦੇ ਐਟੀਚਿਊਡ ਨੇ ਇੰਨਾ ਪਾਕਿਸਤਾਨ ਵਰਗਾ ਬਿਹੇਵੀਅਰ ਸ਼ੁਰੂ ਕੀਤਾ ਕਿ ਜਿਵੇਂ ਇਹ ਮੇਰੇ ਦੁਸ਼ਮਣ ਹਨ। ਸਾਡੀ ਕੀ ਦੁਸ਼ਮਣੀ ਹੈ? ਇਨ੍ਹਾਂ ਨਾਲ ਸਾਡੀ ਕੋਈ ਦੁਸ਼ਮਣੀ ਨਹੀਂ ਹੈ। ਅਸੀਂ ਰਿਕੁਐਸਟ ਕੀਤੀ ਸੀ ਕਿ ਅਸੀਂ ਤਲਖੀ ਖਤਮ ਕਰਕੇ ਮੈਂ ਜਾਂ ਮੁੱਖ ਮੰਤਰੀ ਸਾਹਿਬ ਡਿਨਰ ਹੋਸਟ ਕਰਾਂਗੇ। ਤੁਸੀਂ ਆਪਣੇ ਸਾਰੇ ਐਮ.ਐਲ.ਏ. ਲੈ ਕੇ ਸਾਡੇ ਘਰ ਆਉ, ਅਸੀਂ ਇੱਕ ਦੂਜੇ ਨਾਲ ਮਿਲੀਏ, ਕੋਈ ਸਟੇਟ ਦੇ ਮਸਲੇ ਹੋਣ ਜਾਂ ਕੋਈ ਇਸ਼ੂ ਹੋਵੇ, ਅਸੀਂ ਸੁਲਝਾਈਏ। ਸਪੀਕਰ ਸਾਹਿਬ, ਅਸੀਂ ਤੁਹਾਡੀ ਪਰੈਜ਼ੈਂਸ ਵਿੱਚ ਇਹ ਵੀ ਰਿਕੁਐਸਟ ਕੀਤੀ ਸੀ ਕਿ ਜਦ ਵੀ ਕਦੀ ਦਿੱਲੀ ਵਿਚ ਮਸਲਾ ਹੋਵੇ ਤਾਂ ਲੀਡਰ ਆਫ ਦਿ ਆਪੋਜ਼ੀਸ਼ਨ ਵੀ ਸਾਡੇ ਨਾਲ ਚੱਲੇ ਕਿਉਂਕਿ ਤੁਹਾਡੀ ਸਰਕਾਰ ਹੈ ਅਤੇ ਅਸੀਂ ਪੰਜਾਬ ਵਾਸਤੇ ਇਕੱਠੇ ਕੰਮ ਕਰੀਏ। ਮੈਨੂੰ ਯਾਦ ਹੈ ਕਿ ਤੁਹਾਡੇ ਸਾਹਮਣੇ ਉਨ੍ਹਾਂ ਨੇ ਕਿਹਾ ਸੀ ਕਿ ਅਸੀਂ ਇਹ ਫੈਸਲਾ ਨਹੀਂ ਲੈ ਸਕਦੇ। ਅਸੀਂ ਤੁਹਾਨੂੰ ਜੇ ਬੁਲਾਵਾਂਗੇ ਤਾਂ ਸਾਡਾ ਨੁਕਸਾਨ ਹੋ ਜਾਵੇਗਾ। ਕਦੀ ਅਜਿਹੀਆਂ ਗੱਲਾਂ ਕਰਦਾ ਹੁੰਦਾ ਹੈ? ਇਹ ਉਨ੍ਹਾਂ ਦਾ ਐਟੀਚਿਊਡ ਹੈ।

ਜਸੀਂ ਵੀ ਅਖਬਾਰਾ ਵਿੱਚ ਪੜ੍ਹਿਆ ਹੋਣਾ ਹੈ ਉਨ੍ਹਾਂ ਦੇ ਪ੍ਰਧਾਨ ਦਾ ** ** ਬਿਆਨ। ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਮਨਿਸਟਰਾਂ ਦੇ ਘਰ ਨਹੀ ਜਾਣਾ ਕੋਈ ਸਾਥ ਨਹੀਂ ਰੱਖਣੀ, ਇਨ੍ਹਾਂ ਦਾ ਐਟੀਚਿਊਡ ਕੀ ਹੈ? ਸਪੀਕਰ ਸਾਹਿਬ, ਹੁਣ ਵੀ ਅਸੀਂ on the floor of the House ਰਿਕਐਸਟ ਕਰਦੇ ਹਾਂ ਕਿ ਅਸੀ ਚਾਹੁੰਦੇ ਹਾਂ ਕਿ ਉਹ ਇੱਥੇ ਆਉਣ ਸਪੀਕਰ ਸਾਹਿਬ, ਅਸੀਂ ਆਪ ਚਾਹੁੰਦੇ ਹਾਂ ਪਹਿਲਾਂ ਵੀ ਮੁੱਖ ਮੰਤਰੀ ਜੀ ਨੇ ਇਨ੍ਹਾਂ ਨੂੰ ਰਿਕੁਐਸਟ ਕੀਤੀ ਸੀ ਪਿਛਲੀ ਵਾਰ ਜੋ ਕੁਝ ਹਾਊਸ ਵਿੱਚ ਹੋਇਆ, ਮੈਂ ਰਿਪੀਟ ਨਹੀਂ ਕਰਨਾ ਚਾਹੁੰਦਾ ਪਰ ਜੋ ਇਨੀਸੀਏਟਿਵ ਲਿਆ, ਉਹ ਵੀ ਮੁੱਖ ਮੰਤਰੀ ਸਾਹਿਬ ਨੇ ਲਿਆ ਮੈਂ ਬੜੇ ਅਫਸੋਸ ਨਾਲ ਕਹਿ ਰਿਹਾ ਹਾਂ ਕਿ ਲੀਡਰ ਆਫ ਦਿ ਆਪੋਜੀਸਨ ਕਹਿ ਰਿਹਾ ਹੈ ਕਿ ਜੇ ਤੁਹਾਨੂੰ ਪਤਾ ਸੀ ਕਿ ਮੈਂ ਲੜਕੀ ਲੈ ਕੇ ਆ ਰਿਹਾ ਹਾਂ ਤਾਂ Speaker should have called us ਕਿ ਨਾ ਲੈ ਕੇ ਆਉ, ਇਸ ਤਰ੍ਹਾਂ ਕਦੇ ਹੋਇਆ ਕਿ ਕੋਈ ਕਹੇ ਕਿ ਮੈਂ ਹੁਣ ਅਟੈਕ ਕਰਨ ਲੱਗਿਆ ਹਾਂ ਤੇ ਪੁਲਿਸ ਕਹੇਗੀ ਕਿ ਨਾ ਨਾ, ਇਹ ਨਾ ਕਰ। He should have approached the Speaker Did he approach the Hon'ble Speaker ਕਿ ਮੈਂ ਪਰਮਿਸ਼ਨ ਚਾਹੁੰਦਾ ਹਾਂ ਇਸ ਕਰਕੇ, ਸਪੀਕਰ ਸਾਹਿਬ, ਉਹ ਜਸਟੀਫਾਈ ਕਰ ਰਿਹਾ ਹੈ ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ we want the House to run We want them to be here My only request is ਕਿ ਇਹ ਜਿਹੜਾ ਹੋਇਆ ਇਹ ਕੋਈ ਮਾਮੂਲੀ ਨਹੀ ਹੈ, ਇਹ ਛੋਟਾ ਮੋਟਾ ਝਗੜਾ ਨਹੀਂ ਹੈ ਪਰ ਜੋ ਬਿਹੇਵੀਅਰ ਹੋਇਆ ਤੁਹਾਡੀ ਕੁਰਸੀ ਤੇ ਚੜ੍ਹ ਗਏ, ਤੁਹਾਡੇ ਵਾਰ ਐਂਡ ਵਾਰਡ ਸਟਾਫ ਨਾਲ ਜੋ ਹੋਇਆ, ਇਹ ਜਿਹਾ ਅੱਜ ਤੱਕ ਪੰਜਾਬ ਦੀ ਅਸੈਂਬਲੀ ਦੀ ਹਿਸਟਰੀ ਵਿਚ ਨਹੀਂ ਹੋਇਆ। ਸੋ, ਮੈਂ ਬੇਨਤੀ ਕਰਦਾ ਹਾਂ we also want if they really are sincerely interested and regretting what they did ਜਿਨ੍ਹਾਂ ਜਿਨ੍ਹਾਂ ਮੈਂਬਰਜ ਨੇ

ਸਰਦਾਰ ਤੋਤਾ ਸਿੰਘ: ਸਪੀਕਰ ਸਾਹਿਬ ਇਹ ਪਟਿਆਲਾ ਸਾਹਿਬ ਨਾਲ ਹੋਇਆ ਹੈ, ਇਨ੍ਹਾਂ ਨੂੰ ਪੁੱਛੋ

ਮਾਨਯੋਗ ਸਪੀਕਰ : ਤੁਸੀ ਬੈਠ ਜਾਓ।

ਉਪ ਮੁੱਖ ਮੰਤਰੀ: ਇੱਕ ਮਿੰਟ ਇੱਕ ਮਿੰਟ, ਜਥੇਦਾਰ ਜੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਜਿਨ੍ਹਾਂ-ਜਿਨ੍ਹਾਂ ਮੈਂਬਰਜ਼ ਨੇ ਇਹ ਇੰਸੀਡੈਂਟ ਕੀਤਾ ਹੈ, ਜੇ ਉਨ੍ਹਾਂ

** Expunged as ordered by the Chair

[ਉਪ ਮੁਖ ਮੰਤਰੀ,

ਨੇ ਕਾਨੂੰਨ ਤੋੜਿਆ ਹੈ We want them to regret in the House They are most welcome We will consider it But they just cannot say that we will not regret Why can't the Members themselves come up and say ਕਿ ਸਾਥੋਂ ਹਾਊਸ ਵਿੱਚ ਗਲਤੀ ਹੋਈ ਅਤੇ ਅਸੀਂ ਹਾਊਸ ਵਿਚ ਮੁਆਫੀ ਮੰਗਦੇ ਹਾਂ ਇਹ ਇੰਨਾ ਸੀਰੀਅਸ ਮੈਟਰ ਹੈ ਅੱਜ ਸਾਰੇ ਅਖਬਾਰਾਂ ਨੇ ਕਿਹਾ ਹੈ ਕਿ ਜੋ ਪਨਿਸਮੈਂਟ ਦਿੱਤੀ ਹੈ, ਇਹ ਵੀ ਘੱਟ ਹੈ। ਇਹ ਜਿਹਾ ਖਿਆਲ ਯੂਨਾਨੀਮਸਲੀ ਪੰਜਾਬ ਦੀ ਜਨਤਾ ਨੇ ਦਿੱਤਾ ਹੈ ਇਸ ਕਰਕੇ ਮੈਂ ਰਿਕਐਸਟ ਕਰਦਾ ਹਾਂ ਕਿ those people who have committed the crime should come to the House and apologize to the House The House can take the decision (Thumping)

STATEMENT BY THE CHIEF MINISTER

ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਪਰੈਜ਼ੀਡੈਂਟ ਸਾਹਿਬ ਆਏ ਸਨ ਅਤੇ ਉਨ੍ਹਾਂ ਨੂੰ ਰਿਸੀਵ ਕਰਨਾ ਪ੍ਰੋਟੋਕਲ ਬਣਦਾ ਸੀ, ਮੈਂ ਉਥੇ ਗਿਆ ਸੀ ਇਸ ਕਰਕੇ ਲੇਟ ਹੋ ਗਿਆ ਹਾਂ ਕੱਲ੍ਹ ਵੀ ਮੈਂ ਹਾਊਸ ਵਿੱਚ ਨਹੀਂ ਆ ਸਕਿਆ ਕਿਉਂਕਿ ਮੇਰੀ ਪਲੈਨਿੰਗ ਬੋਰਡ ਅਹਿਮ ਮੀਟਿੰਗ ਦਿੱਲੀ ਵਿੱਚ ਸੀ ਲੇਕਿਨ ਦੋ-ਤਿੰਨ ਦਿਨਾਂ ਵਿੱਚ ਜੋ ਇੱਥੇ ਹੋਇਆ ਉਸ ਦੇ ਕਰਨ ਵਾਲਿਆਂ ਦਾ ਪਤਾ ਨਹੀਂ ਪਰ ਮੇਰਾ ਸ਼ਰਮ ਨਾਲ ਸਿਰ ਝੁਕ ਜਾਂਦਾ ਹੈ ਜਿਸਦੇ ਨਾਲ ਸਾਡੇ ਸਮੁੱਚੇ ਪੰਜਾਬੀਆਂ ਦੇ ਅਕਸ ਤੇ ਬਹੁਤ ਵੱਡਾ ਅਸਰ ਪਿਆ ਹੈ। ਬਾਹਰਲੇ ਸੂਬਿਆਂ ਵਿੱਚ ਸੁਣਿਆ ਜਾਂਦਾ ਸੀ ਕਿ ਇਵੇਂ ਹੁੰਦਾ ਹੈ ਤੇ ਅਸੀਂ ਹੱਸਦੇ ਹੁੰਦੇ ਸੀ ਕਿ ਪਤਾ ਨਹੀਂ ਕੀ ਗੱਲ ਹੈ, ਇਹ ਕਿਉਂ ਇਸ ਤਰ੍ਹਾਂ ਹੋ ਰਿਹਾ ਹੈ ਮੇਰਾ ਖਿਆਲ ਹੈ ਕਿ ਉਨ੍ਹਾਂ ਨਾਲੋਂ ਜ਼ਿਆਦਾ ਅੱਜ ਸਾਡੇ ਇਥੇ ਹੋਇਆ ਹੈ ਅਤੇ ਉਹ ਇਹ ਨਹੀਂ ਕਿ ਤੁਸੀਂ ਜਿਨ੍ਹਾਂ ਗੱਲਾਂ ਦਾ ਦੁੱਖ ਮਨਾਉਂਦੇ ਹੋ ਜਾਂ ਅਸੀਂ ਦੁੱਖ ਮਨਾਉਂਦੇ ਹਾਂ ਕੱਲ੍ਹ ਮੈਂ ਦਿੱਲੀ ਗਿਆ ਸਾਂ ਤੇ ਮੈਨੂੰ ਕਈ ਕਾਂਗਰਸ ਦੇ ਲੀਡਰ ਮਿਲ ਗਏ, ਉਹ ਵੀ ਬੜੇ ਦੁਖੀ ਸਨ ਕਿ ਇਨ੍ਹਾਂ ਨੇ ਕੀ ਕੀਤਾ ਹੈ? ਦੇਖੋ ਸਪੀਕਰ ਸਾਹਿਬ, ਇਸ ਨੂੰ ਲਾਈਟਲੀ ਨਹੀਂ ਲੈਣਾ ਚਾਹੀਦਾ ਮੈਂ ਲਫਜ਼ ਯੂਜ਼ ਕਰਾਂ ਤਾਂ it is rape of the democracy it is murder of the democracy ਕੀ ਰੇਪ ਕਰਨ ਵਾਲੇ ਨੂੰ ਛੱਡਿਆ ਜਾ ਸਕਦਾ ਹੈ, ਕੀ ਡੈਮੋਕ੍ਰੇਸੀ ਦਾ ਕਤਲ ਕਰਨ ਵਾਲਿਆਂ ਨੂੰ ਛੱਡਿਆ ਜਾ ਸਕਦਾ ਹੈ? ਜੋ ਕੁਝ ਹੋਇਆ ਹੈ ਅਸੀਂ ਜੇ ਕਹੀਏ ਤਾਂ ਕਹਿੰਦੇ ਹਨ ਬਈ ਆਪੋਜ਼ੀਸ਼ਨ ਦਾ ਫਰਜ਼ ਹੁੰਦਾ ਹੈ, ਜੇ ਕਹੋ, ਕਾਹਦੇ

ਗਲਤ ਕਹੀ ਜਾਂਦੀ ਹੈ ਮੈਂ ਟ੍ਰਿਬਿਊਨ ਅਖਬਾਰ ਵਿਚ ਪੜ੍ਹਿਆ ਹੈ ਤੁਸੀਂ ਵੀ ਪੜ੍ਹਿਆ ਹੋਣਾ ਹੈ, ਮੈਂ ਤਾਂ ਦੁਬਾਰਾ ਰਿਪੀਟ ਹੀ ਕਰਨਾ ਹੈ। ਟ੍ਰਿਬਿਊਨ ਇਕ ਅਜਿਹਾ ਅਖਬਾਰ ਹੈ, ਜਿਹੜਾ ਕਦੇ ਗਲਤ ਨਹੀਂ ਲਿਖਦਾ, ਚਲੋ ਲਿਖ ਦਿੰਦਾ ਹੈ (ਹਾਸਾ) ਪਰ ਇਸਦਾ ਮਤਲਬ ਹੈ, ਉਨ੍ਹਾਂ ਨੇ ਕੀ ਲਿਖਿਆ ਹੈ ਕਿ Punjab Congress legislators led by Sunil Jakhar lost all sense of balance ਅਸੀਂ ਤਾਂ ਇੰਨਾ ਵੀ ਨਹੀਂ ਕਹਿ ਸਕਦੇ ਕਿਉਂਕਿ ਅਨਪਾਰਲੀਮੈਂਟਰੀ ਲਫਜ਼ ਹੈ ਲੇਕਿਨ ਟ੍ਰਿਬਿਊਨ ਅਖਬਾਰ ਦੇ ਐਡੀਟੋਰੀਅਲ ਵਿਚ ਇੰਨਾ ਵੱਡਾ ਲਿਖਿਆ ਹੈ, beat up security personnel and captured the Speaker's chair. Ironically, they had all come prepared to focus the House's attention on growing lawlessness in the state. Chief Minister, Parkash Singh Badal aptly called it a day of national disgrace ਜਿਹੜੀ ਮੈਂ ਸਟੇਟਮੈਂਟ ਦਿੱਤੀ ਸੀ ਟ੍ਰਿਬਿਊਨ ਦੇ ਐਡੀਟਰ ਸਾਹਿਬ ਵੱਲੋਂ ਐਡੀਟੋਰੀਅਲ ਵਿਚ ਲਿਖਿਆ ਹੈ ਕਿ ਨੈਸ਼ਨਲ ਡਿਸਗ੍ਰੇਸ ਹੈ, ਉਹ ਨੈਸ਼ਨਲ ਡਿਸਗ੍ਰੇਸ ਹੈ। ਸਪੀਕਰ ਸਾਹਿਬ, ਮੈਂ ਤੁਹਾਨੂੰ ਟੈਲੀਫੂਨ ਤੇ ਵੀ ਕਿਹਾ ਸੀ, ਤੁਹਾਡਾ ਐਕਸ਼ਨ ਵੀ ਟ੍ਰਿਬਿਊਨ ਵਾਲਿਆਂ ਨੇ ਆਪਣੇ ਐਡੀਟੋਰੀਅਲ ਵਿਚ ਐਨਡੋਰਸ ਕਰ ਦਿੱਤਾ ਹੈ The Speaker has rightly suspended nine Congress legislators. Complaints have also been lodged with the Chandigarh police. The Congress had enough ammunition to fire at the government ਪਰ ਇਹ ਤਾਂ ਉਹ ਫਾਇਰ ਕਰਨ ਵਾਲਾ ਪ੍ਰਸੀਜਰ ਹੈ ਨਹੀਂ The Taran Tarn police's animal behavior reflected in the brutal assault on a girl was flashed by TV channels, attracting nationwide condemnation and prompting the Supreme Court to ask for the State's explanation. However, Congress Legislature Party leader, Sunil Jakhar's ill-conceived idea of squeezing more political mileage out of it by bringing the girl and her father to the assembly, has apparently backfired ਸਪੀਕਰ ਸਾਹਿਬ This is what the Tribune is writing. The Speaker is within his right to remove any unauthorized person from the Vidhan Sabha. May be the security men could have been more discreet and polite in carrying out the order to show the door to the unwanted visitors. But that is the way

[ਮੁੱਖ ਮੰਤਰੀ]

policemen act in Punjab inside the House or outside. If the Congress leaders really wanted to help the aggrieved girl, they could have raised in the assembly her demand for action against other policemen involved in the attack and caught on camera. These are the words. But they acted like a leaderless mob and ransacked the place regarded as a sacred symbol of democracy. In the last session two Congress and Akali leaders had abused each other. But the Congress needlessly and thoughtlessly telecast the expletives of the Akali leader at public places. State Congress president has not only to contain infighting in the party but also discipline senior leaders. (ਸ਼ੋਮ ਸ਼ੇਮ) ਇਸੇ ਤਰ੍ਹਾਂ ਸਪੀਕਰ ਸਾਹਿਬ, ਦੇਖ ਜਿਹੜਾ ਅਸੀਂ ਤੁਹਾਨੂੰ ਵਿਊ ਦੇ ਰਹੇ ਹਾਂ, ਮੇਰਾ ਮਤਲਬ ਹੈ ਕਿ ਉਸ ਤੇ ਵੀ ਦੇ ਟ੍ਰਿਬਿਊਨ ਅਖਬਾਰ ਨੇ ਐਡੀਟੋਰੀਅਲ ਲਿਖਿਆ ਹੈ। ਤੁਸੀਂ ਕਹੋਗੇ ਕਿ ਮੇਰਾ ਵਿਊ ਹੈ ਨਹੀਂ ਇਹ ਤਾਂ ਅਖਬਾਰ ਵਾਲਿਆਂ ਦਾ ਵਿਊ ਹੈ ਮੇਰੇ ਕੋਲ ਤਾਂ ਨਹੀਂ ਸੀ ਮੈਂ ਤਾਂ ਰਸਤੇ ਵਿਚ ਅਖਬਾਰ ਪੜ੍ਹਿਆ ਸੀ ਹਿੰਦੁਸਤਾਨ ਟਾਈਮਜ਼ ਨੇ ਆਪ ਲੋਕਾਂ ਦੇ ਬਿਆਨ ਦਿੱਤੇ ਹਨ। ਉਨ੍ਹਾਂ ਵੱਲੋਂ ਪੁੱਛਿਆ ਗਿਆ ਕਿ ਇਸ ਸਾਰੇ ਬਾਰੇ ਤੁਹਾਡਾ ਕੀ ਖਿਆਲ ਹੈ ਉਨ੍ਹਾਂ ਨੇ ਜੋ ਖਿਆਲ ਦੱਸੇ, ਮੈਨੂੰ ਤਾਂ ਦੱਸਦੇ ਨੂੰ ਸ਼ਰਮ ਆਉਂਦੀ ਹੈ ਹਿੰਦੁਸਤਾਨ ਟਾਈਮਜ਼ ਦਾ ਇੱਕ ਪੱਤਰਕਾਰ ਹਰਮਨ ਗਰੇਵਾਲ ਹੈ, ਉਸ ਨੇ ਲੋਕਾਂ ਕੋਲ ਪੁੱਛਿਆ ਕਿ ਤੁਹਾਡੇ ਇਸ ਮੁਤੱਲਕ ਕੀ ਵਿਊਜ਼ ਸਨ ਹਰਮਨ ਗਰੇਵਾਲ ਲਿਖਦਾ ਹੈ, then they say that Akalis are goons. Strict action be taken against the Congress MLAs for thrashing the constable and bringing in the assault victim without pass just for their personal gain. ਇਹ ਤਾਂ ਹਿੰਦੁਸਤਾਨ ਟਾਈਮਜ਼ ਨੇ ਲਿਖਿਆ ਹੈ ਇਕ ਪਰਦੀਪ ਸਿੰਘ ਹੈ ਕੋਈ ਉਹ ਲਿਖਦਾ ਹੈ Congress in Punjab going mad after losing elections rather than contribution to the development of the state. They are clashing on the Taran Tarn case but public these days understand well, who is right and who is not. Congress leadership in Punjab should understand this. ਇਕ ਗੁਰਵਿੰਦਰ ਸਿੰਘ ਸੰਧੂ ਪੱਤਰਕਾਰ ਲਿਖਦਾ

ਹੈ Elected goondas It is bound to break law in the state ਅੱਗੇ ਇਕ ਜਰਿੰਦਰ ਮਹਨ ਦੱਤਾ ਹੈ ਉਹ ਲਿਖਦਾ ਹੈ? Elected goondas, theek hai age raho (ਹਾਸਾ) ਅੱਗੇ ਇਕ ਹੋਰ ਪੱਤਰਕਾਰ ਗੁਰਦੀਪ ਸਰਨਾ ਹੈ, ਉਹ ਲਿਖਦਾ ਹੈ What else you can expect from our politics? ਮੇਰਾ ਮਤਲਬ ਹੈ ਕਿ ਇਹ ਲੋਕਾਂ ਦੇ ਵਿਊਜ਼ ਹਨ, ਕੱਲ੍ਹ ਦੇ ਇੰਸੀਡੈਂਟ ਬਾਰੇ ਸਪੀਕਰ ਸਾਹਿਬ, ਅਸੀਂ ਹਮੇਸ਼ਾ ਕੋਸ਼ਿਸ਼ ਕੀਤੀ ਹੈ ਕਿ ਆਪੋਜ਼ੀਸ਼ਨ ਨੂੰ ਨਾਲ ਲਿਆ ਜਾਵੇ ਅਤੇ ਲੈਣ ਦੇ ਯਤਨ ਬਹੁਤ ਕੀਤੇ, ਦਿਲ ਕੋਸ਼ਿਸ਼ ਕੀਤੀ ਹੁਣ ਇਨ੍ਹਾਂ ਬਾਰੇ ਅਸਲੀ ਪੁੱਛ ਤਾਂ ਇਹ ਇਕ ਇਨ੍ਹਾਂ ਦੀ ਪਲੀਟੀਕਲ ਪਾਲਿਸੀ ਬਣ ਗਈ ਹੈ ਮੈਂ ਤਾਂ 50-60 ਸਾਲਾਂ ਤੋਂ ਇਨ੍ਹਾਂ ਦੀ ਪੁਲੀਟੀਕਲ ਪਾਲਿਸੀ ਵੇਖਦਾ ਆ ਰਿਹਾ ਹਾਂ ਇਕ ਤਾਂ ਇਨ੍ਹਾਂ ਦਾ ਹੈ ਕਿ to gain the Government in Punjab ਪੰਜਾਬ ਵਿਚ ਏਹਾ ਭਰਾਵਾਂ ਹਿੰਦੂ ਸਿੱਖਾਂ ਨੂੰ ਪਾੜਿਆ ਜਾਵੇ ਜਦੋਂ ਤੱਕ ਇਨ੍ਹਾਂ ਦੇ ਮਨਾਂ ਵਿਚ ਡਵੀਜ਼ਨ ਨਹੀਂ ਹੁੰਦੀ, ਉਦੋਂ ਤੱਕ ਇਨ੍ਹਾਂ ਦੀ ਸਰਕਾਰ ਨਹੀਂ ਬਣ ਸਕਦੀ। ਹੁਣ ਉਹ ਪਾਲਿਸੀ ਵੀ ਫੇਲ੍ਹ ਹ ਗਈ ਹੈ ਇਨ੍ਹਾਂ ਨੇ ਉਹ ਕਰ-ਕਰ ਕੇ ਬੜੇ ਸਾਲ ਰਾਜ ਕੀਤਾ ਉਹ ਹੁਣ ਫੇਲ੍ਹ ਹ ਗਈ ਹੈ ਹਿੰਦੂ-ਸਿੱਖ ਭਰਾਵਾਂ ਵਿਚ ਇੰਨੀ ਵੱਡੀ ਕਮਿਊਨਿਲ ਹਾਰਮਨੀ ਪੰਜਾਬ ਵਿਚ ਹੈ, ਮੈਨੂੰ ਇਸ ਉਤੇ ਬਹੁਤ ਹੀ ਫਖਰ ਹੈ। (ਥੰਪਿੰਗ) ਮੈਂ ਸੱਚ ਦੱਸਦਾ ਹਾਂ। ਮੈ ਕਹਿਣਾ ਨਹੀਂ ਚਾਹੁੰਦਾ ਪਰ ਪੁਰਾਣੇ ਵੇਲਿਆਂ ਵਿਚ ਅਕਾਲੀ ਦਲ ਦੇ ਕੈਂਡੀਡੇਟ ਨੂੰ ਕੋਈ ਹਿਦੂ ਵਟ ਨਹੀ ਸੀ ਪਾਉਂਦਾ. ਸਾਡਾ ਇਕ ਆੜ੍ਹਤੀਆ ਹੁੰਦਾ ਸੀ, ਉਹ ਤਾਂ ਸਾਨੂੰ ਪਾ ਦਿੰਦਾ ਸੀ, ਪਰ ਉਸ ਦਾ ਟੱਬਰ ਨਹੀਂ ਸੀ ਪਾਉਂਦਾ. ਦਲਿਤ ਭਰਾਵਾਂ ਦੀ ਵੀ ਵੋਟ ਘੱਟ ਮਿਲਦੀ ਸੀ ਪਰ ਅੱਜ ਵੇਖ, ਕਿੰਨਾ ਵੱਡਾ ਬਦਲਾਅ ਆਇਆ ਹੈ ਅਤੇ ਲੋਕਾਂ ਵਿਚ ਕਿੰਨਾ ਵਿਸ਼ਵਾਸ ਹੈ. ਹਿੰਦੂ ਭਰਾ ਸਾਡੀ ਗੌਰਮਿੰਟ ਵਿਚ ਹਨ, ਦਲਿਤ ਭਰਾ ਸਾਡੀ ਗੌਰਮਿੰਟ ਵਿਚ ਹਨ, ਮੁਸਲਮਾਨ ਭਰਾ ਸਾਡੀ ਗੌਰਮਿੰਟ ਵਿਚ ਹਨ ਅਤੇ ਇਸਾਈ ਭਰਾ ਵੀ ਸਾਡੀ ਗੌਰਮਿੰਟ ਵਿਚ ਹਨ। ਇਨ੍ਹਾਂ ਸਾਰਿਆਂ ਵਿਚੋਂ ਅਕਾਲੀ ਦਲ ਦੀ ਟਿਕਟ ਤੇ ਕਿੰਨੇ ਹੀ ਮੈਂਬਰ ਬਣੇ ਹਨ। ਇਸੇ ਤਰ੍ਹਾਂ ਬੀ.ਜੇ.ਪੀ. ਵਿਚ ਸਿੱਖ ਭਰਾ ਮੈਂਬਰ ਬਣੇ ਹਨ। ਕਿਸੇ ਪਾਸਿਉਂ ਲੰਘ ਜਾਓ, ਫਰੀਦਕੋਟ ਤੋਂ ਲੈ ਲਵੋ, ਉਥੇ ਹਿੰਦੂ, ਬਠਿੰਡਾ ਤੋਂ ਹਿੰਦੂ, ਮਾਨਸਾ ਤੋਂ ਹਿੰਦੂ, ਸੰਗਰੂਰ ਤੋਂ ਹਿੰਦੂ ਹਨ ਇਥੋਂ ਤੱਕ ਮੋਗਾ ਦੀ ਗੱਲ ਵੇਖ ਲਵੋ ਇਨ੍ਹਾਂ (ਕਾਂਗਰਸ ਮੈਂਬਰ) ਨੇ ਬੜਾ ਰੌਲਾ ਪਾਇਆ ਕਿ ਇਹ ਗੱਦਾਰ ਹੈ, ਇਹ ਪਾਰਟੀ ਛੱਡ ਗਿਆ ਹੈ। ਆਹ ਹੋ ਗਿਆ, ਉਹ ਹੋ ਗਿਆ। ਲੇਕਿਨ ਇਨ੍ਹਾਂ ਦੇ ਸਾਰੇ ਡਰਾਮੇ ਲੋਕਾਂ ਨੇ

[ਮੁੱਖ ਮੰਤਰੀ]

ਠੁਕਰਾ ਦਿੱਤੇ ਅਤੇ ਸਾਡੀ ਇੰਨੀ ਵੱਡੀ ਜਿੱਤ ਹੋਈ ਹੈ। ਇਹ ਜੋ ਸਾਰਾ ਕੁਝ ਕਰ ਰਹੇ ਹਨ, ਇਨ੍ਹਾਂ ਦੀ ਜਿਹੜੀ ਫਰੱਸਟਰੇਸ਼ਨ ਹੈ, ਵੇਖ ਲਵੋ ਪਹਿਲਾ ਇਹ ਦਸੂਹੇ ਵਿਚ ਹਾਰੇ। ਹੁਣ ਇਥੇ ਮੋਗੇ ਵੀ ਹਾਰੇ ਹਨ। ਦਿੱਲੀ ਇਨ੍ਹਾਂ ਦੀ ਲੀਡਰ ਬੀਬੀ ਕੱਠਲ ਨੇ ਬਿਆਨ ਦਿੱਤਾ ਸੀ। ਜੇ ਕੋਈ ਚੰਗਾ ਬਿਆਨ ਦਿੰਦਾ ਹੈ ਤਾਂ ਅਸੀਂ ਉਸ ਦਾ ਸਤਿਕਾਰ ਵੀ ਕਰਦੇ ਹਾਂ। ਉਨ੍ਹਾਂ ਨੇ ਕਿਹਾ ਸੀ ਕੈਪਟਨ ਅਮਰਿੰਦਰ ਸਿੰਘ ਨੂੰ ਧਾਰਮਿਕ ਲੜਾਈ ਵਿਚ ਉਥੇ ਨਹੀਂ ਜਾਣਾ ਚਾਹੀਦਾ ਸੀ। ਧਾਰਮਿਕ ਮੰਗ ਹੈ, ਧਾਰਮਿਕ ਲੜਾਈ ਹੈ। ਲੇਕਿਨ ਧਰਮਿੰਦਰ (ਕੈਪਟਨ ਅਮਰਿੰਦਰ ਸਿੰਘ ਵੱਲ ਇਸ਼ਾਰਾ) ਵੀ ਗਿਆ। (ਹਾਸਾ) ਅਮਰਿੰਦਰ ਵੀ ਗਿਆ। ਚਲੋ, ਧਰਮਿੰਦਰ ਵਰਗਾ ਹੀ ਹੋਵੇਗਾ। (ਹਾਸਾ) ਐਕਟਰ ਹੀ ਹੁੰਦੇ ਹਨ। ਸਾਡੇ ਸਤਿਕਾਰਯੋਗ ਭੈਣ ਬੀਬੀ ਪਰਨੀਤ ਕੌਰ ਜੀ ਵੀ ਉਸ ਇਲੈਕਸ਼ਨ ਵਿੱਚ ਗਏ ਔਰ ਇੱਥੇ ਮੋਗੇ ਵਿਚ ਕੀ ਹੋਇਆ। ਅਸੀ ਕੋਈ ਸੈਂਟਰ ਦਾ ਲੀਡਰ ਨਹੀਂ ਬੁਲਾਇਆ। ਸਾਡੇ ਮਹਾਨ ਲੀਡਰ ਦਿੱਲੀ ਵਿਚ ਹਨ, ਸੈਂਟਰ ਵਿੱਚ ਹਨ। ਜੇ ਅਸੀਂ ਰਿਕਐਸਟ ਕਰਦੇ ਤਾਂ ਉਹ ਵਿਚਾਰੇ ਆ ਜਾਂਦੇ ਪਰ ਅਸੀ ਕਿਸੇ ਨੂੰ ਨਹੀਂ ਬੁਲਾਇਆ। ਇਨ੍ਹਾਂ ਨੇ ਤਾਂ ਕੋਈ ਛੱਡਿਆ ਹੀ ਨਹੀਂ। ਰੇਲਵੇ ਮਨਿਸਟਰ ਉਥੇ ਆਇਆ। ਲੁਧਿਆਣਾ ਵਾਲਾ ਮਨਿਸਟਰ ਤਿਵਾੜੀ ਉਥੇ ਆਇਆ। ਸਾਰੇ ਉਥੇ ਆਏ। ਪਰਨੀਤ ਕੌਰ ਵੀ ਗਏ। ਉਥੇ ਅਮਰਿੰਦਰ ਸਿੰਘ ਇਹੀ ਕਹਿੰਦਾ ਸੀ ਕਿ ਇਹ ਸੁਖਬੀਰ ਦੀ ਵਾਟਰਲੂ ਹੈ। ਪਰ ਹੋਇਆ ਕੀ

ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ

ਵਾਟਰਲੂ ਸੁਖਬੀਰ ਦੀ ਤਾਂ ਹੋਈ ਨਹੀਂ। ਇਸ ਦਾ ਤਾਂ ਅੱਗੇ ਨਾਲੋਂ ਕੱਦ ਵੱਧ ਗਿਆ। (ਥੰਪਿੰਗ) ਤੇ ਵਾਟਰਲੂ ਸਾਬਤ ਹੋਈ ਅਮਰਿੰਦਰ ਦੀ। ਮੇਰਾ ਖਿਆਲ ਹੈ ਕਿ ਵਾਟਰਲੂ ਤਾਂ ਥੋੜ੍ਹਾ ਜਿਹਾ ਚਿਰ ਲੱਗਿਆ ਹੋਵੇਗਾ ਪਰ ਇਹ ਤਾਂ ਦੋ ਦਿਨ ਵਿੱਚ ਚੁਟਕੀਆਂ ਵਾਂਗੂੰ ਗਿਆ। ਕਈਆਂ ਨੂੰ ਪੁੱਛਿਆ ਕਿ ਕਿੱਧਰ ਗਿਆ। ਅਫਸੋਸ ਹੀ ਕਰ ਲਈਏ ਆਉਂਦਾ ਹੀ ਨਹੀਂ। ਪਤਾ ਨਹੀਂ ਕਿੱਧਰ ਚਲਾ ਗਿਆ। ਕੰਮ ਗਏ। ਇਹ ਆਖਦੇ ਸਨ ਕਿ ਸ਼ੁਕਰ ਕਰੇ ਜੇ ਅਕਾਲੀ ਦਲ ਬੀ.ਜੇ.ਪੀ. ਆਪਣੀ ਸਿਕਿਉਰਟੀ ਵੀ ਬਚਾ ਲਵੇ। ਲੇਕਿਨ ਭਰਾਵੋ, ਪੰਜਾਬ ਦੇ ਲੋਕਾਂ ਨੇ ਸਾਨੂੰ ਮਾਣ ਦਿੱਤਾ ਹੈ ਔਰ ਸਰਟੀਫਿਕੇਟ ਜਿਹੜਾ ਹੁੰਦਾ ਹੈ ਸਾਨੂੰ ਪਬਲਿਕ ਦਾ ਚਾਹੀਦਾ ਹੈ। ਸਾਨੂੰ ਕਿਸੇ ਹੋਰ ਦਾ ਸਰਟੀਫਿਕੇਟ ਨਹੀਂ ਚਾਹੀਦਾ ਭਾਵੇਂ ਕੋਈ ਦੇ ਦੇਵੇ ਜਾਂ ਨਾ ਦੇਵੇ। ਪਬਲਿਕ ਨੇ ਜਿੰਨਾ ਸਰਟੀਫਿਕੇਟ ਜਾਂ ਜਿੰਨਾ ਭਰੋਸਾ

ਸ਼੍ਰੋਮਣੀ ਅਕਾਲੀ ਦਲ-ਬੀਜੇਪੀ ਦੀ ਗੌਰਮਿੰਟ ਨੇ ਕੀਤਾ ਹੈ, ਮੈਂ ਆਪਣੇ ਪਿਛਲੇ 60 ਸਾਲਾਂ ਵਿੱਚ ਨਹੀ ਦੇਖਿਆ। ਇੰਨਾ ਵੱਡਾ ਭਰੋਸਾ ਕਦੀ ਨਹੀਂ ਹੋਇਆ। ਜਿਹੜਾ ਇਨ੍ਹਾਂ ਨੇ ਕਲੈਸ਼ ਕੀਤਾ, ਅਸੀ ਤਾਂ ਪਰਸੋਂ ਵੀ ਚੁੱਪ-ਚਾਪ ਬੈਠੇ ਰਹੇ। ਕੱਲ੍ਹ ਦਾ ਤਾਂ ਮੈਨੂੰ ਪਤਾ ਨਹੀ ਮੈਂ ਬਾਹਰ ਸੀ। ਸਪੀਕਰ ਸਾਹਿਬ, ਕੱਲ੍ਹ ਇੱਥੇ ਕਿੰਨੀ ਗੱਲ ਹੋਈ। ਕੀ ਤੁਸੀ ਬਰਦਾਸ਼ਤ ਕਰ ਸਕਦੇ ਹੋ? You are the custodian of the Assembly. ਜਿਸ ਤਰ੍ਹਾਂ ਹੋਇਆ ਹੈ, ਇਸ ਤਰੀਕੇ ਨਾਲ ਇੱਥੇ ਕਦੀ ਵੱਡਾ ਧਮਾਕਾ ਹੋ ਸਕਦਾ ਹੈ। ਇਸ ਕਰਕੇ ਮੇਰੀ ਬੇਨਤੀ ਹੈ ਕਿ ਜੋ ਤੁਸੀਂ ਫੈਸਲਾ ਕੀਤਾ ਹੈ, ਉਸ ਤੇ ਮੈਂ ਤੁਹਾਨੂੰ ਵਧਾਈ ਦਿੰਦਾ ਹਾਂ। ਜੇ ਹਾਊਸ ਵਿਚ ਸਾਰੇ ਆ ਕੇ ਮਾਫੀ ਮੰਗਣ ਕਿ ਅਸੀਂ ਗਲਤ ਕਰ ਬੈਠੇ ਹਾਂ ਤਾਂ ਸਾਨੂੰ ਕੀ ਹੈ ਵੇਖ, ਸਾਡੇ ਕੋਲ ਤਾਂ ਮਿਸਾਲਾਂ ਹਨ। ਅਸੀਂ ਖੜ੍ਹੇ ਨਹੀਂ ਹੋ ਸਕਦੇ। ਵੇਖੋ, ਕਿੰਨੀ ਕੀਤੀ ਹੈ ** **ਲਫਜ਼ ਮੈਂ ਥੋੜ੍ਹਾ ਵੱਡਾ ਵਰਤ ਗਿਆ ਹਾਂ। ਪਿਛਲੇ ਸੈਸ਼ਨ ਵਿੱਚ ਇਹ ਭੱਜ ਗਏ। ਤੁਸੀਂ ਗੱਲ ਕਰੋ ਕਿ ਕਿਸ ਵਾਸਤੇ ਤੁਸੀ ਗਏ ਹੋ, ਲੇਕਿਨ ਇਨ੍ਹਾਂ ਦੀ ਇਹ ਗੱਲ ਹੈ ਕਿ ਨਾ ਤਾਂ ਜਾਖੜ ਦੇ ਹੱਥ ਵਿੱਚ ਕੁਝ ਹੈ। ਅਮਰਿੰਦਰ ਦੇ ਜਾਣ ਤੋਂ ਬਾਅਦ ਨਵੇਂ ਪੰਗੇ ਹੋਰ ਕਈ ਪੈ ਗਏ। ਇਹ ਕਿਸੇ ਫੈਸਲੇ ਤੇ ਆ ਹੀ ਨਹੀਂ ਸਕਦੇ ਤੇ ਸਾਰਾ ਗੁੱਸਾ ਸਪੀਕਰ ਸਾਹਿਬ ਜਾਂ ਤਾਂ ਇਹ ਤੁਹਾਡੇ ਤੇ ਕੱਢਦੇ ਹਨ ਜਾਂ ਸਾਡੇ ਤੇ ਕੱਢਦੇ ਹਨ। ਸਾਨੂੰ ਤਾਂ ਕੋਈ ਗੱਲ ਨਹੀਂ ਕੱਢ ਲੈਣ, ਸਾਨੂੰ ਤਾਂ ਗਾਲ੍ਹਾਂ ਵੀ ਕੱਢ ਲੈਣ, ਸਾਨੂੰ ਤਾਂ ਕਈ ਗੱਲ ਨਹੀਂ ਪਰ ਤੁਹਾਡੀ ਸ਼ਾਨ, ਇਸ ਕੁਰਸੀ ਦੀ ਸ਼ਾਨ ਅਸੀਂ ਬਰਕਰਾਰ ਰੱਖਣੀ ਹੈ। (ਥੰਪਿੰਗ) ਇਸ ਵਾਸਤੇ ਹੀ ਸ਼ਹੀਦ ਭਗਤ ਸਿੰਘ ਨੇ ਡੈਮਕਰੇਸੀ ਨੂੰ ਬਚਾਉਣ ਵਾਸਤੇ ਜਾਨਾਂ ਦਿੱਤੀਆਂ। ਜਿਹੜੀਆਂ ਵੱਡਿਆਂ ਨੇ ਕੁਰਬਾਨੀਆਂ ਕੀਤੀਆਂ ਹਨ, ਡੈਮੋਕਰੇਸੀ ਲਿਆਂਦੀ ਹੈ, ਲੋਕਰਾਜ ਲਿਆਂਦਾ ਹੈ, ਇਨ੍ਹਾਂ ਕੁਰਸੀਆਂ ਵਾਸਤੇ ਲਿਆਂਦਾ ਹੈ ਪਰ ਇਨ੍ਹਾਂ ਨੂੰ ਤਾਂ ਕੁਰਸੀਆਂ ਦੀ ਕਦਰ ਨਹੀ ਅਤੇ ਇਹ ਆਪਣੀ ਡਿਊਟੀ ਨਹੀਂ ਸਮਝਦੇ। ਲੋਕਾਂ ਨੂੰ ਕਹਿੰਦੇ ਹਨ ਕਿ ਇਹ Lawlessness ਹੈ ਪਰ ਜਿੰਨੀ Lawlessness ਇਨ੍ਹਾਂ ਨੇ ਹਾਊਸ ਦੇ ਇਨਸਾਈਡ ਤੇ ਆਊਟਸਾਈਡ ਵਿਖਾਈ ਹੈ ਕੀ ਉਸ ਦਾ ਕੋਈ ਮੁਕਾਬਲਾ ਹੈ? ਐਵੇਂ ਡਰਾਮੇ ਕਰੀ ਜਾਂਦੇ ਹਨ ਪਰ ਮੈਨੂੰ ਪਤਾ ਹੈ। ਮੈਂ ਭਾਵੇਂ ਸ਼ਕਲ ਤਾਂ ਨਹੀਂ ਦੇਖੀ ਪਰ ਇਹ ਪਛਤਾਉਂਦੇ ਬਹੁਤ ਹਨ। ਹੁਣ ਇਨ੍ਹਾਂ ਨੂੰ ਫਿਕਰ ਲੱਗ ਗਿਆ ਹੈ ਕਿਉਂਕਿ ਉਨ੍ਹਾਂ ਨੂੰ ਲੋਕਾਂ ਵੱਲੋਂ ਵੀ ਝਾੜਾਂ ਪੈ ਰਹੀਆਂ ਹਨ ਤੇ ਪ੍ਰੈਸ ਵੱਲੋਂ ਵੀ ਝਾੜਾਂ ਪੈ ਰਹੀਆਂ ਹਨ। ਹੁਣ ਕਹਿੰਦੇ ਹਨ, ਕੋਈ ਬਹਾਨਾ ਮਿਲ ਜਾਵੇ। ਇੱਕ

** Expunged as per ruling of the Chair dated 13.3.2013

[ਮੁੱਖ ਮੰਤਰੀ]

ਮਿਸਾਲ ਮੈਂ ਭੁੱਲ ਗਿਆ, ਗਧੇ ਦੀ ਪੂਛ ਫੜ ਕੇ ਕਈਆਂ ਘਰੇ ਆ ਗਿਆ ਸੀ। ਉਸ ਤਰ੍ਹਾਂ ਤਾਂ ਕੋਈ ਰਸਤਾ ਨਹੀਂ ਸੀ ਪਰ ਇੱਕ ਗਧਾ ਆ ਗਿਆ ਤੇ ਉਸ ਦੀ ਪੂਛ ਫੜ ਕੇ ਆ ਗਿਆ। ਸਾਨੂੰ ਕੋਈ ਇਤਰਾਜ਼ ਨਹੀਂ, ਜੇ ਸਾਰੇ ਹਾਊਸ ਤੋਂ ਆ ਕੇ ਮਾਫ਼ੀ ਮੰਗ ਲੈਣ, ਸਪੀਕਰ ਸਾਹਿਬ ਤੋਂ ਮਾਫ਼ੀ ਮੰਗ ਲੈਣ। ਸਾਨੂੰ ਕੀ ਇਤਰਾਜ਼ ਹੈ? ਸਾਨੂੰ ਤਾਂ ਖੁਸ਼ੀ ਹੋਵੇਗੀ। ਮੈਂ ਹੁਣ ਕੀ ਜਵਾਬ ਦੇਵਾਂਗਾ ਗਵਰਨਰ ਐਡਰੈਸ ਤੇ, ਸੁਆਦ ਹੀ ਨਹੀਂ ਆਉਣਾ। ਸੁਆਦ ਤਾਂ ਉਦੋਂ ਹੈ ਜਦੋਂ ਸਾਹਮਣੇ ਕੋਈ ਬੈਠਾ ਹੋਵੇ। ਕੀ ਹੁਣ ਇਨ੍ਹਾਂ ਨੂੰ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਹੀ ਸੁਣਾਵਾਂਗਾ? ਇਸ ਕਰਕੇ ਮੇਰਾ ਤਾਂ ਆਪਣਾ ਦਿਲ ਹੀ ਨਹੀਂ ਕਰਦਾ ਕਿ ਕੀ ਉਸ ਦੀ ਤਿਆਰੀ ਕਰਾਂ। ਸਾਹਮਣੇ ਹੁੰਦੇ ਤਾਂ ਕੁਝ ਨੋਕ ਝੋਕ ਵੀ ਹੁੰਦੀ, ਫਿਰ ਵੀ ਚੰਗਾ ਹੁੰਦਾ ਹੈ। ਫਿਰ ਥੋੜ੍ਹਾ ਜਿਹਾ ਹੌਸਲਾ ਹੋਰ ਹੁੰਦਾ ਹੈ ਕਿ ਅਸਲੀ ਗੱਲ ਦੱਸੀਏ। ਅੱਜ ਕਾਂਗਰਸ ਸਦਾ ਲਈ ਖ਼ਤਮ ਹੋ ਚੁੱਕੀ ਹੈ। (ਥੰਪਿੰਗ)

ਸਪੀਕਰ ਸਾਹਿਬ, ਮੈਂ ਤੁਹਾਨੂੰ ਇਹ ਵੀ ਦੱਸ ਦਿੰਦਾ ਹਾਂ ਕਿ ਜਿਥੇ ਦੋ ਵਾਰੀ ਕਾਂਗਰਸ ਖ਼ਤਮ ਹੋ ਗਈ, ਹਾਰ ਗਈ, ਉਥੇ ਮੁੜ ਕੇ ਕਦੇ ਕਾਂਗਰਸ ਨਹੀਂ ਆਈ। ਬਿਹਾਰ ਵੇਖ ਲਵੋ, ਯੂ.ਪੀ. ਵੇਖ ਲਵੋ, ਬੰਗਾਲ ਵੇਖ ਲਵੋ, ਉੜੀਸਾ ਵੇਖ ਲਵੋ, ਗੁਜਰਾਤ ਵੇਖ ਲਵੋ, ਲਗਾਤਾਰ ਜਿਥੇ ਦੋ ਵਾਰੀ ਕਾਂਗਰਸ ਹਾਰੀ, ਉਥੇ ਮੁੜ ਕੇ ਨਹੀਂ ਆਉਂਦੀ। ਹੁਣ ਇਨ੍ਹਾਂ ਨੂੰ ਪਤਾ ਹੈ ਕਿ ਆਉਣਾ ਤਾਂ ਹੈ ਨਹੀਂ, ਚਲੋ ਜਿੰਨਾ ਕੁ ਹੈ, ਉਨਾ ਕੁ ਟਾਈਮ ਤਾਂ ਟਪਾਓ। ਇਸ ਲਈ ਮੇਰੀ ਬੇਨਤੀ ਹੈ ਕਿ ਜੇ ਇਹ ਆ ਕੇ ਮੁਆਫ਼ੀ ਮੰਗਣ, ਹਾਊਸ ਤੋਂ ਮੁਆਫ਼ੀ ਮੰਗਣ ਤਾਂ ਸਾਨੂੰ ਕੀ ਇਤਰਾਜ਼ ਹੈ? ਇਹ ਕਹਿਣ ਆ ਕੇ ਸਾਡੇ ਤੋਂ ਗਲਤੀ ਹੋ ਗਈ, ਅੱਗੇ ਤੋਂ ਨਹੀਂ ਕਰਨੀ ਤਾਂ ਸਾਨੂੰ ਤਾਂ ਕੋਈ ਇਤਰਾਜ਼ ਨਹੀਂ। I welcome them। ਮੈਂ ਬਹੁਤ ਸਤਿਕਾਰ ਕਰਦਾ ਹਾਂ ਪਰ ਮੇਰਾ ਖਿਆਲ ਹੈ ਕਿ ਐਤਕੀਂ ਇਨ੍ਹਾਂ ਦੇ ਵੱਡਾ ਟੀਕਾ ਲੱਗਿਆ ਹੈ। ਇੱਕ ਤਾਂ ਹੁੰਦਾ ਹੈ ਛੋਟਾ ਜਿਹਾ ਪਰ ਹੁਣ ਉਹ ਟੀਕਾ ਲੱਗ ਗਿਆ ਕਿ ਇਸ ਤਰ੍ਹਾਂ ਕਰਨਾ ਹੈ ਜਾਂ ਇਸ ਤਰ੍ਹਾਂ ਕਰਨਾ ਹੈ। ਉਹ ਟੀਕਾ ਲੱਗਣ ਕਰਕੇ ਹੀ ਤਾਂ ਇਥੇ ਫਿਰ ਛਾਲਾਂ ਮਾਰਦੇ ਹਨ। ਇਨ੍ਹਾਂ ਦੇ ਪ੍ਰਧਾਨ ਸਾਹਿਬ ਵਾਲੀ ਗੱਲ ਮੈਂ ਦੱਸੀ ਹੈ ਕਿ ਨਹੀਂ? (ਇਕ ਆਵਾਜ਼: ਨਹੀਂ ਦੱਸੀ) ਆਖਦੇ ਹੁੰਦੇ ਹਨ ਛੋਟੇ ਮੀਆਂ ਛੋਟੇ ਮੀਆਂ, ਵੱਡੇ ਮੀਆਂ ਸੁਬਹਾਨ ਅੱਲਾ। (ਹਾਸਾ) . . . ਮੇਰਾ ਖਿਆਲ ਹੈ ਕਿ ਹੁਣ ਲੋਕ ਆਖਣ ਲੱਗ ਜਾਣਗੇ ਕਿ ਇਸ ਤੋਂ ਅਮਰਿੰਦਰ ਹੀ ਚੰਗਾ ਸੀ। (ਹਾਸਾ) ਸ਼ਾਇਦ ਉਸ ਦੀ ਵਾਪਸੀ ਹੋ ਜਾਵੇ। ਮੈਂ

ਸਮਝਦਾ ਹਾਂ ਕਿ ਇਹ ਪਾਲੀਟੀਸ਼ਨ ਹਨ, ਕਿ ਕੀ ਹਨ। ਕਦ ਪਾਲੀਟੀਸ਼ਨ ਜਾਂ ਲੋਕਾਂ ਵਿੱਚ ਵਰਤਣ ਵਾਲਾ ਬੰਦਾ ਇਹ ਕਹਿੰਦਾ ਹੈ? ਦੇਖ ਜੀ, ਜਦੋਂ ਇਹ ਪ੍ਰਧਾਨ ਬਣੇ ਤਾਂ ਮੈਂ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ। ਮੈਂ ਉਨ੍ਹਾਂ ਨੂੰ ਇੱਕ ਬੇਨਤੀ ਕੀਤੀ ਕਿ ਇੱਕ ਗੱਲ ਕਰਿਓ, ਤੁਸੀਂ ਪ੍ਰਧਾਨ ਬਣੇ ਹੋ, ਮੈਂ ਤੁਹਾਨੂੰ ਕਾਮਯਾਬ ਦੇਖਣਾ ਚਾਹੁੰਦਾ ਹਾਂ। ਦੇਖ ਪਾਰਟੀ ਪ੍ਰੈਜ਼ੀਡੈਂਟ ਤੇ ਬੜਾ ਨਿਰਭਰ ਕਰਦਾ ਹੈ, ਚਾਹੇ ਮੇਰੀ ਪਾਰਟੀ ਹੈ, ਚਾਹੇ ਕਾਂਗਰਸ ਪਾਰਟੀ ਹੈ। ਹਰ ਚੀਜ਼ ਬੜੀ ਨਿਰਭਰ ਕਰਦੀ ਹੈ. ਅਕਾਲੀ ਦਲ ਦੇ ਪ੍ਰਧਾਨ ਤੇ ਵੀ ਬੜਾ ਨਿਰਭਰ ਕਰਦਾ ਹੈ ਬੀ ਜੇ ਪੀ ਦੇ ਪ੍ਰਧਾਨ ਤੇ ਵੀ ਬੜਾ ਨਿਰਭਰ ਕਰਦਾ ਹੈ। ਕਿਉਂਕਿ ਕਾਂਗਰਸ ਵੱਡੀ ਪਾਰਟੀ ਹੈ, ਉਸ ਦੇ ਪ੍ਰਧਾਨ ਦੀਆਂ ਨੀਤੀਆਂ, ਉਸ ਦੇ ਪ੍ਰਧਾਨ ਦੇ ਵਿਵਹਾਰ ਤੇ ਬੜਾ ਨਿਰਭਰ ਕਰਦਾ ਹੈ। ਮੈਂ ਕਿਹਾ ਜੀ ਮੇਰੀ ਇੱਕ ਬੇਨਤੀ ਹੈ, ****ਮੈਂ ਕੁਝ ਨਹੀਂ ਕਹਿਣਾ ਇੱਕ ਤਾਂ ਜਿਹੜੀ ਕਨਫਰੰਟੇਸ਼ਨ ਹੈ, ਇਹ ਬੰਦ ਕਰਵਾ ਦਿਉ। ਅਸੀਂ ਲੜਨਾ ਕੀ ਹੈ। ਸਾਡਾ ਕੀ ਫਰਕ ਹੈ, ਅਸੀਂ ਭਰਾ ਹਾਂ। ਬਾਹਰ ਇਕੱਠੇ ਮਿਲਦੇ ਹਾਂ ਪਰ ਇਥੇ ਆ ਕੇ ਪਤਾ ਨਹੀਂ ਕੀ ਹੋ ਜਾਂਦਾ ਹੈ। ਮੈਨੂੰ ਕਹਿੰਦਾ, ਬਾਦਲ ਸਾਹਿਬ, ਮੇਰਾ ਵੱਡਾ ਇਸ਼ੂ ਇਹੀ ਹੈ ਕਿ ਮੈਂ ਕਨਫਰੰਟੇਸ਼ਨ ਨਹੀਂ ਹੋਣ ਦੇਣੀ। ਮੈਂ ਕਿਹਾ ਮੇਰੀ ਤਾਂ ਇਹੀ ਬੇਨਤੀ ਹੈ, ਮੈਂ ਹਰ ਕੀ ਕਰਵਾਉਣਾ ਹੈ ਪਰ ਇਥੇ ਪਹਿਲੀ ਮੀਟਿੰਗ ਵਿੱਚ ਆ ਕੇ ਲੈਜਿਸਲੇਟਿਵ ਪਾਰਟੀ ਨੂੰ ਜੋ ਕੁਝ ਉਸ ਨੇ ਕਿਹਾ ਹੈ, ਉਹ ਮੈਂ ਤੁਹਾਨੂੰ ਦੱਸਦਾ ਹਾਂ.

The "growing proximity" of few Congress legislators with the ruling alliance is worrying the new Punjab Congress Chief, While attending the first meeting of the Congress Legislative Party here on Monday to chalk out party's strategy for the budget session, which also began today, Punjab Congress Chief invoked party MLAs to take a pledge at the Harmandir Sahib in Amritsar to boycott the council of ministers

ਤੁਸੀਂ ਦੇਖ ਲਵੋ ਕੋਈ ਇਹ ਕਹਿ ਸਕਦਾ ਹੈ ਕਿ ਉਸ ਨੂੰ ਇਤਬਾਰ ਨਹੀਂ, ਕਹਿੰਦਾ ਕਿ ਹਰਿਮੰਦਰ ਸਾਹਿਬ ਜਾ ਕੇ ਸਹੁੰ ਖਾਓ ਕਿ ਅਸੀਂ ਕੌਂਸਲ ਆਫ ਮਨਿਸਟਰ ਦਾ ਬਾਈਕਾਟ ਕਰਨਾ ਹੈ। ਜੇ ਹੁਣ ਮੈਨੂੰ ਮੇਰੀ ਪਾਰਟੀ ਵਾਲੇ ਕਹਿਣ ਕਿ ਤੂੰ ਕਾਂਗਰਸ ਕੋਲ ਦਿੱਲੀ ਜਾਂਦਾ ਹੈ, ਉਨ੍ਹਾਂ ਦਾ ਬਾਈਕਾਟ ਕਰ. ਇਸ ਤੋਂ ਮਾੜੀ ਗੱਲ ਕੀ ਹੋ ਸਕਦੀ ਹੈ। ਕੀ ਕਦੇ ਮੈਂ ਬਾਈਕਾਟ ਕਰ ਸਕਦਾ ਹਾਂ? ਮੈਂ ਤਾਂ ਕੱਲ੍ਹ ਵੀ ਕਾਂਗਰਸ ਦੇ ਦੋ ਮਨਿਸਟਰਾਂ ਨੂੰ ਮਿਲ ਕੇ ਆਇਆ ਹਾਂ। ਇਹ ਤਾਂ ਗੌਰਮਿੰਟ ਦਾ ਫੰਕਸ਼ਨ ਹੈ. ਸੈਂਟਰ ਵਿਚ ਕਈ ਹੋਰ

** Expunged as per ruling of the Chair dated 13-3-2013

[ਮੁੱਖ ਮੰਤਰੀ]

ਗੌਰਮਿੰਟ ਆਵੇ, ਸੂਬੇ ਵਿੱਚ ਕਦੀ ਹਰ ਗੌਰਮਿੰਟ ਆਵੇ, ਜਦ ਤੱਕ ਆਪਣਾ ਤਾਲਮੇਲ ਨਹੀਂ ਹੋਵੇਗਾ, ਕੰਮ ਕਿਵੇਂ ਚੱਲੇਗਾ? ਜਿਵੇਂ ਜਿਵੇਂ ਐਮ.ਐਲ.ਏ. ਸਾਹਿਬ ਕੋਈ ਵੀ ਪਾਰਟੀ ਦੇ ਹਨ, ਮੈਂ ਖੜ੍ਹਾ ਹੋ ਕੇ ਆਖਦਾ ਹਾਂ, ਇਹ ਡੈਮੋਕਰੇਸੀ ਦਾ ਟੈਂਪਲ ਹੈ, ਇਥੇ ਮੈਂ ਗਲਤ ਨਹੀਂ ਆਖਦਾ, ਮੇਰੇ ਵਾਸਤੇ ਕੋਈ ਫਰਕ ਨਹੀਂ ਕਿ ਕਾਂਗਰਸ ਦਾ ਐਮ.ਐਲ.ਏ. ਹੈ। ਮੈਂ ਕਈ ਵਾਰ ਜਾਖੜ ਜੀ ਨੂੰ ਵੀ ਆਖਿਆ ਹੈ ਕਿ ਕਰਾਓ, ਆਇਆ ਕਰੋ। ਬੜੇ ਜਿਹੇ ਵਿਚਾਰ ਡਰਦੇ-ਡਰਦੇ ਆਉਂਦੇ ਹਨ, ਹੁਣ ਬਾਜਵਾ ਸਾਹਿਬ ਤੋਂ ਉਹ ਵੀ ਡਰ ਗਏ ਕਿ ਜਿਵੇਂ ਤੁਸੀਂ ਮਾਰਸ਼ਲ ਹੀ ਲਗਾ ਦਿੰਦੇ ਹੋ, ਇਹੋ ਜਿਹਾ ਡਰ ਗਏ।

Avoiding hinting at senior MLAs, Punjab Congress Chief said in the meeting that some new legislators go to the ministers for getting their work done. "Those who are meeting the ministers should desist from doing so. In fact, all party MLAs should do a collective ardaas (pledge) in the Golden Temple to boycott the government. It is a political fight and we have to put up a united front to fight them", Punjab Congress Chief said.

ਪਹਿਲੀ ਅਰਦਾਸ ਵਿੱਚ ** ** ਨੇ ਇਹ ਧੰਨਵਾਦ ਨਹੀਂ ਕਰਨਾ ਕਿ ਮੈਂ ਪ੍ਰਧਾਨ ਬਣ ਗਿਆ। ਉਹ ਕਹਿੰਦਾ ਕਿ ਪਹਿਲੀ ਵਾਰ ਸਾਰੇ ਮੇਰੇ ਨਾਲ ਚੱਲੋ, ਉੱਥੇ ਆਪਾਂ ਅਰਦਾਸ ਕਰਾਂਗੇ ਕਿ ਅਕਾਲੀ ਦਲ ਦਾ ਬਾਈਕਾਟ ਕਰਨਾ ਹੈ। ਇਸ ਵਿੱਚ ਉਸ ਦੇ ਆਪਣੇ ਐਮ.ਐਲ.ਏਜ਼ ਨੇ ਵੀ ਬੜਾ ਕਿਹਾ। ਇੱਕ ਤਾਂ ਕਹਿੰਦਾ ਕਿ ਤੁਹਾਡੇ ਨਾਲ ਮੱਥਾ ਟੇਕਣ ਕਿਸੇ ਨੇ ਜਾਣਾ ਨਹੀਂ ਸੀ, ਤੁਸੀਂ ਇਸ ਬਹਾਨੇ ਐਮ.ਐਲ.ਏਜ਼ ਨੂੰ ਨਾਲ ਲਿਜਾਣਾ ਚਾਹੁੰਦੇ ਹੋ। ਉਹ ਆਖਣਗੇ ਕਿ ਸਾਰੇ ਐਮ.ਐਲ.ਏਜ਼. ਮਗਰ ਹਨ। ਹਰ ਐਮ.ਐਲ.ਏਜ਼ ਨੇ ਵੀ ਬਹੁਤ ਕੁਝ ਕਿਹਾ ਹੈ।

A Congress MLA, on condition of anonymity, said: "Was it his way to tell us that he does not trust us? Do MLAs now have to go to gurdwaras and pledge that they are loyal to the party? The fact is he fears just a handful of MLAs would accompany him to the Golden Temple during his visit on March 16 and he wants to take the pledge route to show that all MLAs were present in full strength."

** Expunged as per ruling of the Chair dated 13.3.2013

ਮੇਰਾ ਕਹਿਣ ਦਾ ਮਤਲਬ ਹੈ ਕਿ ਦੋਵਾਂ ਪਾਸੇ, ਮੈਨੂੰ ਦੁੱਖ ਹੈ, ਮੈਂ ਚੌਧਰੀ ਸਾਹਿਬ ਦਾ ਅਜ ਵੀ ਬੜਾ ਸਮਰਥਕ ਹਾਂ, ਬੜੇ ਸਿਆਣੇ ਹਨ, ਬੜੇ ਠੰਡੇ ਸਨ, ਬੜੇ ਕਾਬਲ ਸਨ ਜਦ ਇਹ ਬਣੇ ਨਹੀਂ ਸਨ (ਹਾਸਾ) ਲੇਕਿਨ ਹੁਣ ਪਤਾ ਨਹੀਂ ਕੀ ਹੋ ਗਿਆ ਜਾਂ ਤਾਂ ਕੋਈ ਕਾਂਗਰਸ ਵਿਚ ਦੌੜ ਲੱਗ ਗਈ ਕਿ ਜਿਹੜਾ ਅਕਾਲੀਆਂ ਦੀ ਮੁਖਾਲਫਤ ਕਰੇਗਾ ਉਸ ਨੂੰ ਉੱਚਾ ਅਹੁਦਾ ਦਿਆਂਗੇ ਜਾਂ ਪਤਾ ਨਹੀਂ ਕੋਈ ਹੋਰ ਗੱਲ ਹੋ ਗਈ ਹੈ, ਹੁਣ ਤਾਂ ਉਹ ਚੌਧਰੀ, ਚੌਧਰੀ ਹੀ ਨਹੀਂ ਰਿਹਾ (ਹਾਸਾ) ਚਲੋ ਪੁਰਾਣਾ ਸੀ, ਕੋਈ ਗੱਲ ਨਹੀਂ ਚਲੋ, ਮੈਂ ਤਾਂ ਕੁਝ ਨਹੀਂ ਕਹਿਣਾ, ਦੋਵੇਂ ਬੜੇ ਚੰਗੇ ਸਤਿਕਾਰਯੋਗ ਹਨ। ਮੈਂ ਤਾਂ ਇਸ ਅਹੁਦੇ ਦਾ ਸਤਿਕਾਰ ਕਰਦਾ ਹਾਂ ਇਹ ਤਾਂ ਇਨ੍ਹਾਂ ਦਾ ਇੰਟਰਨਲ ਮੈਟਰ ਹੈ, ਕਿਸੇ ਨੂੰ ਬਣਾਉਣ ਕਿਸੇ ਨੂੰ ਨਾ ਬਣਾਉਣ, ਕਿਸ ਨੂੰ ਕਿੱਥੇ ਕੁਰਸੀ ਤੇ ਬਿਠਾਉਣ ਮੈਂ ਤਾਂ ਇਸ ਗੱਲ ਤੋਂ ਵੀ ਖੁਸ਼ ਹੋਇਆ ਸੀ ** ** ਬਣ ਗਏ ਅਤੇ ਇਸ ਦੀਆਂ ਰਗਾਂ ਵਿਚ ਅਕਾਲੀ ਖੂਨ ਹੈ ਕਿਉਂਕਿ ਤੁਹਾਨੂੰ ਤਾਂ ਸ਼ਾਇਦ ਯਾਦ ਹੋਵੇਗਾ ਕਈਆਂ ਨੂੰ ਸ਼ਾਇਦ ਯਾਦ ਨਹੀਂ ਹੋਵੇਗਾ ਕਿਉਂਕਿ ਨਵੇਂ ਐਮ.ਐਲ.ਏ. ਹਨ। ਇਨ੍ਹਾਂ ਦੇ ਪਿਤਾ ਜੀ ** **ਉਹ ਸ਼੍ਰੋਮਣੀ ਅਕਾਲੀ ਦਲ ਦੀ ਲੈਜਿਸਲੇਚਰ ਪਾਰਟੀ ਦੇ ਲੀਡਰ ਸਨ ਤੇ ਉਥੇ ਬਹਿੰਦੇ ਸਨ ਜਿਥੇ ਜਾਖੜ ਸਾਹਿਬ ਬਹਿੰਦੇ ਹਨ ਉਹ ਮੇਰੇ ਬੜੇ ਮਿੱਤਰ ਸਨ, ਮੈਂ ਤਾਂ ਸਮਝਿਆ ਕਿ ਕੁਝ ਨਾ ਕੁਝ ਤਾਂ ਖੂਨ ਅਕਾਲੀਆਂ ਦਾ ਹੈ ਹੀ ਹੈ। ਕੁਝ ਨਹੀਂ ਸਾਰਾ ਹੀ ਖੂਨ ਅਕਾਲੀਆਂ ਦਾ ਹੈ (ਹਾਸਾ) ਕੁਝ ਨਾ ਕੁਝ ਦਾ ਮਤਲਬ ਹੀ ਕੋਈ ਨਹੀਂ ਤੇ ਸ਼ਾਇਦ ਉਹ ਕੁਝ ਨਾ ਕੁਝ ਖਿਆਲ ਰੱਖਣਗੇ, ਮੇਰਾ ਖਿਆਲ ਹੈ ਕਿ ਇਹ ਤਾਂ ਹੱਦਾਂ ਹੀ ਟੱਪ ਗਏ ਹਨ, ਚਲੋ, ਵਾਹਿਗੁਰੂ ਉਨ੍ਹਾਂ ਦਾ ਭਲਾ ਕਰੇ, ਉਨ੍ਹਾਂ ਨੂੰ ਲੰਮੀਆਂ ਉਮਰਾਂ ਦੇਵੇ, ਉਨ੍ਹਾਂ ਦੀਆਂ ਸਿਹਤਾਂ ਚੰਗੀਆਂ ਹੋਣ ਪਰ ** ** ਨਹੀਂ, ਕਿਉਂ ਕਰਾਉਂਦੇ ਜੀ। ਮੈਂ ਤਾਂ ਇਹ ਆਖਦਾ ਹਾਂ ਕਿ ਵਾਹਿਗੁਰੂ ਇਨ੍ਹਾਂ ਨੂੰ ਸਮੱਤ ਬਖਸ਼ੇ, ਇਹ ਹਾਊਸ ਖਾਲੀ ਰਹਿੰਦਾ ਚੰਗਾ ਨਹੀਂ ਲੱਗਦਾ, ਆ ਜਾਓ, ਇਥੇ ਆਓ, ਬੈਠੋ, ਇਥੇ ਗੱਲਾਂ ਕਰੋ, ਗੱਲਾਂ ਸੁਣਾਓ (ਹਾਸਾ) ਇਹ ਕੰਮ ਵਾਸਤੇ ਹਾਊਸ ਬਣਿਆ ਹੈ। ਇਹ ਰੌਲਾ ਪਾਉਣ ਵਾਸਤੇ ਤਾਂ ਬਣਿਆ ਨਹੀਂ ਹੈ। ਇਸ ਲਈ ਅਖੀਰ ਵਿਚ ਮੈਂ ਇਹ ਹੀ ਬੇਨਤੀ ਜਾਖੜ ਸਾਹਿਬ ਨੂੰ ਅਤੇ ਸਾਰੇ ਐਮ ਐਲ.ਏ. ਸਾਹਿਬਾਨ ਨੂੰ ਕਰਦਾ ਹਾਂ ਕਿ ਵੇਖੋ ਫਰਾਖਦਿਲੀ ਹੁੰਦੀ ਹੈ, ਵੱਡਾਪਣ ਹੁੰਦਾ ਹੈ ਕਿ ਆਦਮੀ ਮੁਆਫ਼ੀ ਮੰਗੇ, ਜੇਕਰ ਗਲਤੀ ਕੀਤੀ ਹੈ ਜੇਕਰ ਗਲਤੀ ਨਹੀਂ ਤਾਂ ਬਿਲਕੁਲ ਨਾ ਮੰਗ, ਜੇ ਅਸੀਂ ਗਲਤੀ ਕੀਤੀ ਹੈ ਤਾਂ ਮੈਂ ਮੁਆਫ਼ੀ ਮੰਗ ਲਵਾਂਗਾ, ਮੈਨੂੰ ਤਾਂ ਕੋਈ ਡਰ ਨਹੀਂ ਲੱਗਦਾ ਜਦੋਂ ਕੋਈ ਛੋਟੀ ਜਿਹੀ

** Expunged as per ruling of the Chair dated 13-3-2013

[ਮੁੱਖ ਮੰਤਰੀ]

ਗਲਤੀ ਹਵੇ ਮੁਆਫੀ ਮੰਗ ਲੈਂਦਾ ਹਾਂ ਪਰ ਇਸ ਦਾ ਮਤਲਬ ਇਹ ਨਹੀਂ ਕੱਲ੍ਹ ਨੂੰ ਫਿਰ ਹਰ ਕਈ ਇਸ ਤਰ੍ਹਾਂ ਦੀ ਗਲਤੀ ਕਰੇਗਾ ਤਾਂ ਕਿਸੇ ਨੂੰ ਪਤਾ ਤਾਂ ਲੱਗੇਗਾ ਕਿ ਇਹ ਵੱਡੀ ਗਲਤੀ ਕਰਦੇ ਹਨ ਇਥੇ ਲਾਅ ਐਂਡ ਆਰਡਰ ਨੂੰ ਆਪਣੇ ਹੱਥ ਵਿਚ ਲੈਂਦੇ ਹਨ, ਵਾਚ ਐਂਡ ਵਾਰਡ ਵਾਲਿਆ ਨੂੰ ਕੱਟਦੇ ਹਨ . ਉਹ ਫੋਟ ਦਿਸਦੀ ਹੈ ਦੁਨੀਆਂ ਦੇ ਅਖਬਾਰਾ ਦੇ ਵਿਚ ਦਿਸੀ ਹੈ ਇਥੇ ਜਿਹੜਾ ਸਾਰਾ ਕੁਝ ਹੋਇਆ, ਆਪਾਂ ਵੇਖਿਆ ਹੀ ਹੈ ਫਿਰ ਅੱਗੇ ਨੂੰ ਤਾ ਕਈ ਹੈ ਹੀ ਨਹੀਂ, ਜੇ ਕਿਸੇ ਨੂੰ ਪਤਾ ਨਾ ਹਵੇ ਕਿ ਮੈਨੂੰ ਇਸ ਚੀਜ਼ ਦੀ ਸਜ਼ਾ ਮਿਲਣੀ ਹੈ ਤੇ ਇਸ ਦਾ ਕੀ ਹਵੇਗਾ। ਲੇਕਿਨ ਅਖੀਰ ਵਿਚ ਕਾਂਗਰਸ ਪਾਰਟੀ ਦੇ ਉਸ ਲੀਡਰ ਨੂੰ, ਮੈਂਬਰਜ ਨੂੰ ਅਪੀਲ ਕਰਦਾ ਹਾਂ ਕਿ ਆਓ ਆਪਾਂ ਇਸ ਚੇਅਰ ਤੋਂ ਮੁਆਫੀ ਮੰਗੋ, ਇਸ ਹਾਊਸ ਤੋਂ ਮੁਆਫੀ ਮੰਗੋ ਇਥੇ ਆਓ, ਸਾਨੂੰ ਕੀ ਇਤਰਾਜ਼ ਹੈ। ਅਸੀਂ ਤਾਂ ਕਈ ਚਾਹਦੇ ਹੀ ਨਹੀਂ ਕਿ ਇਸ ਤਰ੍ਹਾ ਦਾ ਕੰਮ ਹਵੇ ਸਾਡਾ ਤਾਂ ਰੋਲ ਹੀ ਕੋਈ ਨਹੀਂ ਹੈ ਅਸੀਂ ਤਾ ਚੁੱਪ ਕਰਕੇ ਇਥੇ ਬੈਠੇ ਰਹੇ ਹਾਂ ਜਿਹੜਾ ਕੁਝ ਕਰਦੇ ਰਹੇ, ਅਸੀਂ ਸਲਾਹੁੰਦੇ ਰਹੇ ਹਾ ਕਿ ਚਲੋ ਠੀਕ ਹੈ. ਸਾਨੂੰ ਤਾਂ ਮੁਆਫਿਕ ਹੀ ਸੀ। ਅਸੀਂ ਇਸ ਕਰਕੇ ਖੁਸ਼ ਸੀ ਕਿ ਵਧੀਆ ਆਪ ਦੇ ਜਾਲ ਵਿਚ ਫਸੀ ਜਾਂਦੇ ਹਨ, (ਹਾਸਾ)। ਇਕ ਕਾਂਗਰਸ ਦੇ ਐਮ ਐਲ ਏ ਦਾ ਬਿਆਨ ਮੈਂ ਅਖਬਾਰ ਵਿਚ ਪੜ੍ਹਿਆ ਕਿ ਸੁਖਬੀਰ ਨੇ ਇਥੇ ਜਾਲ ਸੁੱਟਿਆ ਸੀ ਤੇ ਅਸੀਂ ਉਸ ਦੇ ਵਿਚ ਫਸ ਗਏ ਹਾਂ ਹੁਣ ਵੇਖੋ ਸੁਖਬੀਰ ਦੇ ਸੁੱਟੇ ਜਾਲ ਵਿਚ ਨਿਕਲਣਾ ਵੀ ਔਖਾ ਹੈ। (ਹਾਸਾ), ਤੁਸੀਂ ਸਹਿਮਤ ਹੋ ਇਹ ਜਾਲ ਜਿਹੜਾ ਹੈ ਇਸ ਦੀਆ ਤਣੀਆ ਬੜੀਆਂ ਮਜ਼ਬੂਤ ਹਨ (ਹਾਸਾ), ਜਿਵੇਂ ਸ਼ੇਰ ਨੂੰ ਫੜਨਾ ਹੋਵੇ ਤਾਂ ਉਸ ਦਾ ਵੀ ਜਾਲ ਬਣਿਆ ਹੈ, ਸ਼ੇਰ ਵੀ ਜਾਲ ਨਾਲ ਫਸ ਜਾਂਦਾ ਹੈ ਉਹ ਵਿਚਾਰਾ ਊਂ ਊਂ ਕਰਦਾ ਹੈ, ਪਰ ਨਹੀਂ ਨਿਕਲ ਸਕਦਾ (ਹਾਸਾ) ਉਸ ਤੋਂ ਬਾਅਦ ਇਹ ਵੇਖਿਆ ਹੈ ਕਿ ਡਾਂਗਾਂ ਵਾਲੇ ਹੀ ਸ਼ੇਰ ਨੂੰ ਕੁੱਟ ਕੇ ਮਾਰ ਦਿੰਦੇ ਹਨ ਬੰਦੂਕ ਨਾਲ ਮਾਰਨ ਦੀ ਲੋੜ ਨਹੀਂ ਹੁਣ ਤੁਸੀਂ ਜਾਲ ਵਿਚ ਫਸੇ ਹੋ ਹੁਣ ਤੁਸੀਂ ਨਿਕਲੋ, ਪਰ ਨਿਕਲਿਆ ਜਾਣਾ ਨਹੀਂ ਮੈਂ ਤਾਂ ਸਪੱਸ਼ਟ ਕਰਦਾ ਹਾਂ। (ਹਾਸਾ, ਥੰਪਿੰਗ)। ਆਪਣੇ ਪੈਰ ਤੇ ਤੁਸੀਂ ਕੁਹਾੜਾ ਮਾਰਿਆ ਹੈ। ਮੈਨੂੰ ਤੁਹਾਡੇ ਤੇ ਤਰਸ ਆਉਂਦਾ ਹੈ ਕਿ ਜਦੋਂ ਤੁਸੀਂ ਨਵੇਂ ਨਵੇਂ ਬਣੇ ਹੋ, ** ** ਤਾਂ ਥੋੜ੍ਹੇ ਦਿਨ ਹੀ ਹੋ ਗਏ ਅਜੇ ਤਾਂ ਹਨੀਮੂਨ ਹੀ ਹੈ। (ਹਾਸਾ) ਮੈਨੂੰ ਲੱਗਦਾ ਹੈ ਕਿ ਹਨੀਮੂਨ ਦੇ ਵਿਚ ਹੀ ਤਲਾਕ ਹੋ ਜਾਣਾ ਹੈ (ਹਾਸਾ) ਕਾਂਗਰਸ ਵਾਲੇ ਉਹ ਆਪੇ ਤਲਾਕ ਕਰਨਗੇ। ਮੈਂ ਤਾਂ ਨਹੀਂ ਕਰਨਾ ਹਨੀਮੂਨ ਦਾ ਉਸ ਦਾ

** Expunged as per ruling of the Chair dated 3-3-201

ਪਲੀਟੀਕਲ ਤਲਾਕ ਹੋ ਜਾਣਾ ਹੈ

ਮਾਨਯੋਗ ਸਪੀਕਰ: ** ** ਦਾ ਨਾਮ ਹੈ ਉਹ ਐਕਸਪੰਜ ਕੀਤੇ ਜਾਣ

ਮੁੱਖ ਮੰਤਰੀ : ਮੈਂ ਤੁਹਾਡਾ ਜ਼ਿਆਦਾ ਸਮਾਂ ਨਹੀਂ ਲਵਾਂਗਾ

ਮਾਨਯੋਗ ਸਪੀਕਰ: ਨਹੀਂ ਜੀ, ਮੈਂ ਤਾਂ ਸਿਰਫ਼ ** **ਦੇ ਨਾਮ ਬਾਰੇ ਕਹਿ ਰਿਹਾ ਸੀ।

ਮੁੱਖ ਮੰਤਰੀ: ਕੱਟ ਦਿਓ ਜੀ ਜੇ ਮੈਂ ਕੋਈ ਗਲਤ ਗੱਲ ਕਹੀ ਹੈ ਤਾਂ ਉਸ ਨੂੰ ਕੱਟ ਵੀ ਦਿਉ ਅਤੇ ਮੇਰੇ ਤੋਂ ਮਾਫ਼ੀ ਵੀ ਮੰਗਵਾ ਲਓ (ਹਾਸਾ) ਮੈਂ ਮਾਫ਼ੀ ਮੰਗਦਾ ਹਾਂ। ਕਹਿੰਦੇ ਜੇਕਰ ਕੋਈ ਬੰਦਾ ਅੰਗਰੇਜ਼ ਦੀਆਂ ਤਿੰਨ ਗੱਲਾਂ ਸਿੱਖ ਲਵੇ ਇੱਕ ਤਾਂ sorry, ਕਿੰਨਾ ਕੁਝ ਕਰ ਲਓ ਜੇ sorry ਆਖ ਦਿਓ ਤਾਂ ਅਗਲਾ ਉਦੋਂ ਹੀ ਠੰਡਾ ਹੋ ਜਾਂਦਾ ਹੈ, sorry ਵਿੱਚ ਕੀ ਲੱਗਦਾ ਹੈ ਦੂਜਾ please, ਤਿੰਨ ਗੱਲਾਂ ਲਿਖੀਆਂ ਹਨ, ਮੈਨੂੰ ਕੱਲ੍ਹ ਹੀ ਕਿਸੇ ਨੇ ਦੱਸੀਆਂ ਹਨ ਤੀਜਾ ਹੈ thank you ਇਹ ਤਿੰਨ ਲਫ਼ਜ thank you, sorry ਅਤੇ please ਇਸ ਨਾਲ ਸਾਰੀ ਗੱਲ ਬਣ ਜਾਂਦੀ ਹੈ ਭਾਵੇਂ ਕੋਈ ਡਾਂਗ ਵੀ ਮਾਰ ਲਵੇ ਅਤੇ sorry ਆਖ ਦੇਵੇ ਤਾਂ ਅਗਲਾ ਕਹਿੰਦਾ ਹੈ ਕਿ ਚਲੋ, ਛੱਡੋ ਹੁਣ ਇਸ ਬਾਰੇ ਮੈਂ ਕੀ ਕਹਾਂ ਇਹ ਤਾਂ sorry ਵੀ ਆਖਣ ਨੂੰ ਤਿਆਰ ਨਹੀਂ ਹਨ। ਠੀਕ ਹੈ ਜੀ। ਧੰਨਵਾਦ (ਥੰਪਿੰਗ

RESUMPTION OF DISCUSSION ON GOVERNOR'S ADDRESS AND VOTE ON THE MOTION OF THANKS

ਮਾਨਯੋਗ ਸਪੀਕਰ: ਭਾਵੇਂ ਹਾਊਸ ਦੇ ਆਪੋਜ਼ੀਸ਼ਨ ਲੀਡਰ ਨੇ ਆਪਣੀਆਂ ਸਾਰੀਆਂ ਗੱਲਾਂ ਨੂੰ ਐਡਮਿਟ ਕੀਤਾ ਹੈ ਪਰ ਫੇਰ ਵੀ ਕਿਉਂਕਿ ਜਿਹੜਾ ਪ੍ਰਸਤਾਵ ਹੈ ਇਹ ਉਹਦੇ ਤੋਂ ਤੇ ਉਸ ਨੂੰ ਕੱਢਣ ਵਾਸਤੇ ਉਸ ਦੇ ਖਿਲਾਫ ਆਇਆ ਹੈ, this is under consideration ਇਸ ਲਈ ਮੈਂ ਇਸ ਨੂੰ ਦੇਖ ਕੇ, ਵਿਚਾਰ ਕੇ ਉਸ ਸਬੰਧ ਵਿੱਚ ਕਾਰਵਾਈ ਕਰਾਂਗਾ ਰਾਜਪਾਲ ਜੀ ਦੇ ਭਾਸ਼ਣ ਤੇ ਬਹਿਸ ਅਰੰਭ ਕਰ ਲਈ ਜਾਵੇ। ਡਾਕਟਰ ਦਲਜੀਤ ਸਿੰਘ ਚੀਮਾ ਜੀ (ਵਿਘਨ) ਨਹੀਂ ਜੀ, ਬੈਠੋ ਜਦ ਵਾਰੀ ਆਵੇਗੀ ਉਸ ਵੇਲੇ ਬੋਲਣਾ ਹਾਂ ਜੀ, ਡਾਕਟਰ ਦਲਜੀਤ ਸਿੰਘ ਚੀਮਾ ਜੀ।

ਡਾਕਟਰ ਦਲਜੀਤ ਸਿੰਘ ਚੀਮਾ (ਰੂਪਨਗਰ): ਮਾਨਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਮਾਨਯੋਗ ਗਵਰਨਰ ਸਾਹਿਬ ਨੇ ਇਸ ਸਦਨ ਵਿੱਚ ਜੋ ਭਾਸ਼ਣ ਦਿੱਤਾ ਸੀ, ਉਸ ਉੱਪਰ ਅੱਜ ਦੁਬਾਰਾ ਬੋਲਣ ਦਾ ਮੌਕਾ ਦਿੱਤਾ ਹੈ ਪਰਸੋਂ ਜਦ ਮੈਂ ਮਾਨਯੋਗ ਰਾਜਪਾਲ ਜੀ ਦਾ ਧੰਨਵਾਦ ਕਰਨਾ ਸ਼ੁਰੂ ਕੀਤਾ

** Expunged as per ruling of the Chair dated 13-3-20 3

ਡਾਕਟਰ ਦਲਜੀਤ ਸਿੰਘ ਚੀਮਾ]

ਸੀ, ਜਿਹੜਾ ਭਾਸ਼ਣ ਉਨ੍ਹਾਂ ਨੇ ਸਦਨ ਵਿਚ ਦਿੱਤਾ, ਉਸ ਵੇਲੇ ਭਾਵੇਂ ਮੇਰੀ ਕੋਸ਼ਿਸ਼ ਸੀ ਕਿ ਮੈਂ ਉਨ੍ਹਾਂ ਸਾਰੀਆਂ ਸਥਿਤੀਆਂ ਦਾ ਵਰਨਣ ਕਰਾਂ ਜਿਸ ਵਿੱਚ ਸਾਡੇ ਮਾਨਯੋਗ ਮੁੱਖ ਮੰਤਰੀ ਸੀ ਨੇ ਪੰਜਾਬ ਦਾ ਰਾਜ ਭਾਗ ਜਦ ਪਿਛਲੀ ਵਾਰੀ ਸੰਭਾਲਿਆ ਸੀ, ਉਸ ਵੇਲੇ ਦੇ ਹਾਲਾਤ ਕੀ ਸਨ, ਕਿੰਨੇ ਮਾੜੇ ਹਾਲਾਤ ਸਨ ਅਤੇ ਉਥੋਂ ਸ਼ੁਰੂ ਕਰਕੇ ਪਹਿਲਾ ਪਿਛਲੀ ਵਾਰੀ ਦੀ ਸਰਕਾਰ ਵਿੱਚ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਸਰਕਾਰ ਨੂੰ ਕਿਸ ਜਗ੍ਹਾ ਤੇ ਪਹੁੰਚਾਇਆ ਅਤੇ ਅੱਗੇ ਦੂਸਰੀ ਲਗਾਤਾਰ ਵਾਰੀ ਜਿਹੜੀ ਸ਼ੁਰੂ ਕੀਤੀ ਹੈ, ਉਸ ਵਿੱਚ ਕਿੰਨਾ ਕੁਝ ਕਰਨਾ ਸ਼ੁਰੂ ਕੀਤਾ ਹੈ ਮੈਂ ਇਹ ਸਾਰੀਆਂ ਗੱਲਾਂ ਰਿਪੀਟ ਤਾਂ ਨਹੀਂ ਕਰਨੀਆਂ ਚਾਹੁੰਦਾ ਪਰ ਇੱਕ ਗੱਲ ਮੈਂ ਜ਼ਰੂਰ ਸਾਂਝੀ ਕਰਨੀ ਚਾਹਾਂਗਾ ਕਿ.

ਮਾਨਯੋਗ ਸਪੀਕਰ: ਤੁਸੀਂ ਸਮੇਂ ਦਾ ਖਿਆਲ ਰੱਖਿਓ, 38 ਮਿੰਟ ਤੁਸੀਂ ਪਹਿਲਾਂ ਬੋਲ ਚੁੱਕੇ ਹੋ ਇਸ ਕਰਕੇ ਟਾਈਮ ਦਾ ਥੋੜ੍ਹਾ ਖਿਆਲ ਰੱਖਿਓ

ਡਾਕਟਰ ਦਲਜੀਤ ਸਿੰਘ ਚੀਮਾ : ਅੱਜ ਤਾਂ ਟਾਈਮ ਸਾਡਾ ਹੈ। ਬਾਕੀ ਤਾਂ ਹਰ ਹੈ ਹੀ ਕੋਈ ਨਹੀਂ

ਮਾਨਯੋਗ ਸਪੀਕਰ: ਮੇਰਾ ਮਤਲਬ ਟਾਈਮ ਦਾ ਖਿਆਲ ਰੱਖਿਓ ਤੁਸੀਂ ਪਹਿਲਾਂ 38 ਮਿੰਟ ਬੋਲ ਚੁੱਕੇ ਹੋ

ਡਾਕਟਰ ਦਲਜੀਤ ਸਿੰਘ ਚੀਮਾ: ਠੀਕ ਹੈ ਜੀ ਮੈਂ ਉਸ ਤੋਂ ਅੱਗੇ ਸ਼ੁਰੂ ਕਰਨ ਲੱਗਿਆ ਹਾਂ ਜਿਹੜੀ ਪਹਿਲਾਂ ਸਰਕਾਰ ਸੀ ਉਸ ਦੀ ਸਿਰਫ਼ ਇੱਕ ਉਦਾਹਰਣ ਹੀ ਅੱਜ ਦੇਣੀ ਹੈ, ਬਾਕੀ ਗੱਲਾਂ ਮੈਂ ਰਿਪੀਟ ਨਹੀਂ ਕਰਨੀਆਂ ਉਸ ਵੇਲੇ ਮੌਜ ਮਸਤੀ ਦਾ ਕਲਚਰ ਸੀ ਅਤੇ ਮਤੀਆਂ ਵਾਲੀ ਸਰਕਾਰ ਸੀ। ਉਸ ਨੂੰ ਲੋਕ ਸ਼ਾਹਿਆਂ ਦੀ ਸਰਕਾਰ ਕਹਿੰਦੇ ਸੀ ਜਾਂ ਰਾਜਿਆਂ ਦੀ ਸਰਕਾਰ ਕਹਿੰਦੇ ਸੀ। ਉਸ ਵੇਲੇ ਅਸੀਂ ਵਿਰੋਧੀ ਧਿਰ ਵਿੱਚ ਸੀ, ਇੱਕ ਵਾਰ ਮੁਲਾਜ਼ਮਾਂ ਦਾ ਮਟਕਾ ਚੌਕ ਵਿੱਚ ਧਰਨਾ ਸੀ, ਉਨ੍ਹਾਂ ਨੇ ਸਾਨੂੰ ਬੁਲਾ ਲਿਆ ਕਿ ਤੁਸੀਂ ਵੀ ਆ ਕੇ ਸੰਬੋਧਿਤ ਕਰੋ..

MOTION REGRADING BREACH OF PRIVILEGE OF THE HOUSE

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ): ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਇੱਕ ਮਸਲਾ ਦੋ ਦਿਨਾਂ ਤੋਂ ਪੈਂਡਿੰਗ ਪਿਆ ਹੈ ਅਤੇ ਇਸ ਬਾਰੇ ਫੈਸਲਾ ਦੋ ਦਿਨਾਂ ਤੋਂ ਲਟਕਦਾ ਜਾ ਰਿਹਾ ਹੈ ਹੁਣ ਤਾਂ ਕਿਸੇ ਵੀ ਸਬੂਤ ਦੀ ਲੋੜ ਵੀ ਨਹੀਂ

ਰਹਿ ਗਈ। ਆਨਰੇਬਲ ਲੀਡਰ ਆਫ ਦਿ ਆਪੋਜ਼ੀਸਨ ਇਥੋਂ ਆਪ ਕਹਿ ਕੇ ਗਏ ਹਨ ਕਿ ਹਾਂ, ਮੈਂ ਲੈ ਕੇ ਆਇਆ ਹਾਂ। ਇਹ ਵੀ ਮੰਨਦਾ ਹਾਂ ਕਿ ਬਿਨਾ ਇਜਾਜਤ ਤੇ ਲੈ ਕੇ ਆਇਆ ਹਾਂ, ਇਹ ਵੀ ਮੰਨਦਾ ਹਾਂ ਕਿ ਮੈਂ ਜ਼ਿੰਮੇਵਾਰ ਹਾਂ। ਸੋ, ਇਸ ਵਾਸਤੇ ਮੈਂ ਇਹ ਪ੍ਰਸਤਾਵ ਰੱਖਣਾ ਚਾਹੁੰਦਾ ਹਾਂ। ਬਾਦਲ ਸਾਹਿਬ ਨੇ ਵੀ ਅੱਜ ਫੇਰ ਫਰਾਖਦਿਲੀ ਦਿਖਾ ਦਿੱਤੀ, ਪਿਛਲੀ ਵਾਰੀ ਗੁਨਾਹ ਕੀਤਾ ਫੇਰ ਵੀ ਬਾਦਲ ਸਾਹਿਬ ਨੇ ਮਾਫ਼ ਕਰ ਦਿੱਤਾ। ਤੁਸੀਂ ਵੀ ਮਾਫ਼ ਕਰ ਦਿੱਤਾ। ਮੈਂ ਤਾਂ ਮਨਾਉਂਦੇ ਮਨਾਉਂਦੇ ਕੁੱਟ ਵੀ ਖਾ ਲਈ ਮਤਲਬ ਕਿ ਹੁਣ ਆਪਾਂ ਕਦੋਂ ਤੱਕ ਇਹ ਕਰੀ ਜਾਵਾਂਗੇ ਜੀ? ਫਿਰ ਉਹ ਤੁਹਾਡੇ ਸਾਹਮਣੇ ਕਹਿ ਰਿਹਾ ਹੈ ਕਿ ਸਾਰਿਆਂ ਨੂੰ ਹੀ ਵਾਪਸ ਲੈ ਲਵੋ ਤਾਂ ਠੀਕ ਹੈ, ਨਹੀਂ ਤਾਂ ਅਸੀਂ ਵੀ ਚੱਲੇ। ਅੱਜ ਬਿਆਨ ਵੀ ਉਨ੍ਹਾਂ ਦਾ ਇਹੀ ਹੈ ਕਿ we are all one and one for all ਮੈਨੂੰ ਨਹੀਂ ਲੱਗਦਾ ਕਿ ਉਨ੍ਹਾਂ ਦੇ ਵੱਲ ਇਸ ਗੱਲ ਦੀ ਕੋਈ ਦਿੱਲ ਹੈ ਜਾਂ ਉਹ ਰਿਲਾਈਜ਼ ਕਰਦੇ ਹਨ। ਇੱਥੇ ਜਿੰਨਾ ਭਾਸਣ ਦਿੱਤਾ ਹੈ, ਉਸ ਦੇ ਵਿੱਚ ਇਹ ਕਿਹਾ ਹੈ ਕਿ ਬਹੁਤ ਮੰਦਭਾਗਾ ਕੰਮ ਹੋਇਆ ਹੈ। ਬਹੁਤ ਮਾੜਾ ਕੰਮ ਹੋਇਆ ਹੈ। ਲੇਕਿਨ ਇਹ ਕਿਤੇ ਨਹੀਂ ਕਿਹਾ ਕਿ ਮੈਂ ਮੁਆਫੀ ਮੰਗਦਾ ਹਾਂ। ਉਨ੍ਹਾਂ ਨੇ ਸਗੋਂ ਆਪਣੇ ਕੰਮ ਨੂੰ ਜਸਟੀਫਾਈ ਕੀਤਾ ਹੈ ਕਿ these were the circumstances which compelled me ਅੰਰ ਫਿਰ ਸੁਪਰੀਮ ਕਰਟ ਦੇ ਕੇਸ ਦੀ ਸਾਰੀ ਡਿਫੈਂਸ ਲਈ ਕਿ ਸੁਪਰੀਮ ਕਰਟ ਨੇ ਇਹ ਕਹਿ ਦਿੱਤਾ। ਅਸੀਂ ਸਾਰੇ ਸੁਪਰੀਮ ਕਰਟ ਦਾ ਆਦਰ ਕਰਦੇ ਹਾਂ। ਸੁਪਰੀਮ ਕਰਟ ਦੀ ਜੱਜਮੈਂਟ ਬਾਰੇ ਵਿਧਾਨ ਵਿੱਚ ਲਿਖਿਆ ਹੈ ਕਿ ਜੋ ਸੁਪਰੀਮ ਕੋਰਟ ਆਰਡਰ ਪਾਸ ਕਰਦੀ ਹੈ it is a law of the land ਇਸ ਕਰਕੇ ਸਪੀਕਰ ਸਾਹਿਬ, ਮੇਰੀ ਤੁਹਾਡੇ ਅੱਗੇ ਬੇਨਤੀ ਹੈ ਕਿ ਮੈਂ ਮੋਸਨ ਮੂਵ ਕਰਨੀ ਚਾਹੁੰਦਾ ਹਾਂ। ਮੈਨੂੰ ਇਜਾਜਤ ਦਿਉ। ਮੈਂ ਮੋਸਨ ਪੜ੍ਹ ਦਿੰਦਾ ਹਾਂ ਅੰਰ ਜੋ ਕੰਮ ਉਨ੍ਹਾਂ ਨੇ ਕੀਤਾ ਹੈ, ਉਸ ਦੀ ਆਲਰੈਡੀ ਹਾਊਸ ਨਿੰਦਾ ਕਰ ਚੁੱਕਿਆ ਹੈ। ਤੁਸੀਂ ਹਾਊਸ ਦੀ ਭਾਵਨਾ ਦੇਖੋ ਅੰਰ ਅੱਜ ਵੀ ਉਹ ਕਹਿੰਦੇ ਕਿ ਮੈਂਬਰਾਂ ਨੂੰ ਲੈ ਆਉਂਦੇ। ਬਾਦਲ ਸਾਹਿਬ ਨੇ ਫਿਰ ਕਿਹਾ ਕਿ ਲਿਆਉ, ਇਕੱਲੇ ਇਕੱਲੇ ਮੁਆਫੀ ਮੰਗ ਲਵੋ। ਸੋ, ਇਸ ਕਰਕੇ ਮੈਂ ਬੇਨਤੀ ਕਰਦਾ ਹਾਂ ਕਿ ਸਪੀਕਰ ਸਾਹਿਬ, ਸਾਰਿਆਂ ਨੇ ਇਸ ਦੀ ਨਿਖੇਧੀ ਕੀਤੀ ਹੈ। ਮੈਂ ਪ੍ਰਸਤਾਵ ਕਰਦਾ ਹਾਂ ਤੁਸੀਂ ਹਾਊਸ ਦੇ ਕਸਟਡੀਅਨ ਹੋ ਅਤੇ ਇੱਥੇ ਤੁਹਾਡੀ ਜੁਰਿਸਡਿਕਸਨ ਵਿੱਚ ਇਹ ਸਾਰਾ ਫੈਸਲਾ ਹੋਣਾ ਹੈ। ਮੈਂ ਪ੍ਰਸਤਾਵ ਕਰਦਾ ਹਾਂ ਕਿ ਇਹ ਸਕਿਓਰਟੀ ਬਰੀਚ ਹੀ ਨਹੀਂ ਬਲਕਿ ਇਹ ਬਰੀਚ ਆਫ਼ ਪ੍ਰੀਵਿਲੇਜਿਜ਼ ਵੀ ਹੈ ਅਤੇ

[ਸੰਸਦੀ ਮਾਮਲੇ ਮੰਤਰੀ]

ਇਨ੍ਹਾਂ ਨੇ ਆਪਣੇ ਹੱਕਾਂ ਦਾ ਦੁਰਉਪਯੋਗ ਵੀ ਕੀਤਾ ਹੈ। ਇਸ ਉੱਤੇ ਲੀਡਰ ਆਫ ਦਿ ਆਪੋਜ਼ੀਸ਼ਨ ਖਿਲਾਫ ਕਾਰਵਾਈ ਕੀਤੀ ਜਾਵੇ ਕਿਉਂਕਿ ਇਹ ਐਕਸ਼ਨ ਸਵੀਕਾਰਯੋਗ ਨਹੀਂ ਹੈ। ਉਹ ਆਪ ਮੰਨ ਕੇ ਗਏ ਹਨ ਕਿ ਮੈਨੂੰ ਪਤਾ ਲੱਗਾ ਤੇ ਮੈਂ ਫਟਾਫਟ ਉਧਰ ਗਿਆ, ਉਨ੍ਹਾਂ ਨੇ ਇਹ willingly ਕੀਤਾ ਹੈ, knowingly ਕੀਤਾ ਹੈ ਤੇ deliberately ਕੀਤਾ ਹੈ।

ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ,

"ਕਿ ਸ਼੍ਰੀ ਸੁਨੀਲ ਜਾਖੜ, ਲੀਡਰ ਆਫ ਦਿ ਆਪੋਜ਼ੀਸ਼ਨ ਵੱਲ knowingly, willingly and deliberately ਸਦਨ ਦੀ ਸਕਿਉਰਟੀ ਬਰੀਚ ਕੀਤੀ ਗਈ ਹੈ, ਇਸ ਲਈ ਸ਼੍ਰੀ ਸੁਨੀਲ ਜਾਖੜ, ਲੀਡਰ ਆਫ ਦਿ ਆਪੋਜ਼ੀਸ਼ਨ ਦੇ ਵਿਰੁੱਧ breach of the privilege of the House and breach of security ਦੇ ਲਈ ਸਦਨ ਦੀ ਸਹਿਮਤੀ ਲੈਣ ਉਪਰੰਤ ਕਾਰਵਾਈ ਲਈ ਮਾਮਲਾ ਪੰਜਾਬ ਵਿਧਾਨ ਸਭਾ ਦੀ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਸੌਂਪਿਆ ਜਾਵੇ।"

ਮਾਨਯੋਗ ਸਪੀਕਰ: ਪ੍ਰਸਤਾਵ ਕੀਤਾ

"ਕਿ ਸ਼੍ਰੀ ਸੁਨੀਲ ਜਾਖੜ, ਲੀਡਰ ਆਫ ਦਿ ਆਪੋਜ਼ੀਸ਼ਨ ਵੱਲ knowingly, willingly and deliberately ਸਦਨ ਦੀ ਸਕਿਉਰਟੀ ਬਰੀਚ ਕੀਤੀ ਗਈ ਹੈ, ਇਸ ਲਈ ਸ਼੍ਰੀ ਸੁਨੀਲ ਜਾਖੜ, ਲੀਡਰ ਆਫ ਦਿ ਆਪੋਜ਼ੀਸ਼ਨ ਦੇ ਵਿਰੁੱਧ breach of the privilege of the House and breach of security ਦੇ ਲਈ ਸਦਨ ਦੀ ਸਹਿਮਤੀ ਲੈਣ ਉਪਰੰਤ ਕਾਰਵਾਈ ਲਈ ਮਾਮਲਾ ਪੰਜਾਬ ਵਿਧਾਨ ਸਭਾ ਦੀ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਸੌਂਪਿਆ ਜਾਵੇ।"

ਮਾਨਯੋਗ ਸਪੀਕਰ: ਸੰਸਦੀ ਮਾਮਲਿਆਂ ਬਾਰੇ ਮੰਤਰੀ ਜੀ ਵੱਲ ਸਦਨ ਦੇ ਵਿਸ਼ੇਸ਼ ਅਧਿਕਾਰ ਦਾ ਮਾਮਲਾ ਉਠਾਇਆ ਗਿਆ ਹੈ ਅਤੇ ਇਹ ਮਾਮਲਾ ਸਦਨ ਦੀ ਸਹਿਮਤੀ ਉਪਰੰਤ ਪੰਜਾਬ ਵਿਧਾਨ ਸਭਾ ਦੀ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਕਾਰਵਾਈ ਲਈ ਪ੍ਰਸਤਾਵ ਪਾਸ ਕੀਤਾ ਜਾਣਾ ਹੈ। ਜਿਹੜੇ ਮਾਨਯੋਗ ਮੈਂਬਰ ਇਸ ਪ੍ਰਸਤਾਵ ਦੇ ਹੱਕ ਵਿੱਚ ਹਨ, ਉਹ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਜਾਣ।

ਇਸ ਸਮੇਂ ਸਦਨ ਵਿੱਚ ਹਾਜ਼ਰ ਰੂਲਿੰਗ ਬੈਂਚਿਜ਼ ਦੇ ਸਮੂਹ ਮੈਂਬਰ ਸਾਹਿਬਾਨ ਨੇ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਮਤਾ ਪੇਸ਼ ਕਰਨ ਦੀ ਸਹਿਮਤੀ ਦਿੱਤੀ।)

ਮਾਨਯੋਗ ਸਪੀਕਰ: ਠੀਕ ਹੈ, ਬੈਠ ਜਾਓ ਜੀ। ਮੈਂਬਰਾਂ ਦੀ ਲੋੜੀਂਦੀ ਗਿਣਤੀ ਪ੍ਰਸਤਾਵ ਦੇ ਹੱਕ ਵਿੱਚ ਹੈ।

ਮਾਨਯੋਗ ਸਪੀਕਰ: ਪ੍ਰਸ਼ਨ ਹੈ-

"ਕਿ ਸੁਨੀਲ ਜਾਖੜ, ਲੀਡਰ ਆਫ਼ ਦਿ ਆਪੋਜੀਸ਼ਨ ਵੱਲੋਂ knowingly willingly and deliberately ਸਦਨ ਦੀ ਸਕਿਓਰਟੀ ਬਰੀਚ ਕੀਤੀ ਗਈ ਹੈ, ਇਸ ਲਈ ਸ੍ਰੀ ਸੁਨੀਲ ਜਾਖੜ, ਲੀਡਰ ਆਫ ਦਿ ਆਪੋਜ਼ੀਸ਼ਨ ਦੇ ਵਿਰੁੱਧ breach of the privilege of the House and breach of security ਦੇ ਲਈ ਸਦਨ ਦੀ ਸਹਿਮਤੀ ਲੈਣ ਉਪਰੰਤ ਕਾਰਵਾਈ ਲਈ ਮਾਮਲਾ ਪੰਜਾਬ ਵਿਧਾਨ ਸਭਾ ਦੀ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਸੌਂਪਿਆ ਜਾਵੇ।" *ਮਤਾ ਪ੍ਰਵਾਨ ਹੋਇਆ।*

ਮਾਨਯੋਗ ਸਪੀਕਰ: ਮੈਂਬਰਾਂ ਦੀ ਲੋੜੀਂਦੀ ਗਿਣਤੀ ਪ੍ਰਸਤਾਵ ਦੇ ਹੱਕ ਵਿੱਚ ਹੈ ਇਸ ਲਈ ਇਹ ਮਾਮਲਾ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਜਾਂਚ ਅਤੇ ਰਿਪੋਰਟ ਕਰਨ ਲਈ ਭੇਜਿਆ ਜਾਂਦਾ ਹੈ। ਇਸ ਦੀ ਰਿਪੋਰਟ ਦੇਣ ਲਈ ਇੱਕ ਮਹੀਨੇ ਦਾ ਸਮਾਂ ਦਿੱਤਾ ਜਾਂਦਾ ਹੈ ਜੀ।

DISCUSSION ON GOVERNOR'S ADDRESS AND VOTE ON THE MOTION OF THANKS *(RESUMPTION)*

ਡਾਕਟਰ ਦਲਜੀਤ ਸਿੰਘ ਚੀਮਾ : ਮਾਨਯੋਗ ਸਪੀਕਰ ਸਾਹਿਬ, ਮਾਨਯੋਗ ਰਾਜਪਾਲ ਜੀ ਨੇ ਪੰਜਾਬ ਦੇ ਵਿੱਚ ਔਰ ਓਵਰਆਲ ਜੋ ਖੇਤੀ ਦੀ ਅਹਿਮੀਅਤ ਹੈ ਔਰ ਜੋ ਖੇਤੀਬਾੜੀ ਨੂੰ ਚੁਣੌਤੀਆਂ ਦਰਪੇਸ਼ ਆ ਰਹੀਆਂ ਹਨ, ਉਸ ਦੇ ਬਾਰੇ ਵਿੱਚ ਔਰ ਸਰਕਾਰ ਦੇ ਵੱਲੋਂ ਜਿਹੜੇ ਕਦਮ ਇਸ ਬਾਰੇ ਚੁੱਕੇ ਜਾ ਰਹੇ ਹਨ, ਬਹੁਤ ਅੱਛੇ ਲਫ਼ਜ਼ਾਂ ਦੇ ਵਿੱਚ ਆਪਣੇ ਭਾਸ਼ਣ ਦੇ ਵਿੱਚ ਜ਼ਿਕਰ ਕੀਤਾ ਹੈ। ਮਾਨਯੋਗ ਸਪੀਕਰ ਸਾਹਿਬ, ਖੇਤੀਬਾੜੀ ਇਕ ਬਹੁਤ ਹੀ ਅਹਿਮ ਖੇਤਰ ਹੈ ਔਰ ਸਾਨੂੰ ਇਸ ਗੱਲ ਦਾ ਵੀ ਮਾਣ ਹੈ ਕਿ

ANNOUNCEMENT BY THE HON'BLE SPEAKER

ਮਾਨਯੋਗ ਸਪੀਕਰ: ਇਕ ਮਿੰਟ ਜੀ, ਮੈਂ ਇਕ ਰਿਪੋਰਟ ਪੇਸ਼ ਕਰਨੀ ਚਾਹੁੰਦਾ ਹਾਂ। ਕੱਲ੍ਹ ਹਾਊਸ ਦੇ ਆਨਰੇਬਲ ਮੈਂਬਰਜ਼ ਨੇ ਜੋ ਬਾਹਰ ਵਾਕਿਆ ਹੋਇਆ ਸੀ ਜੋ

[ਮਾਨਯੋਗ ਸਪੀਕਰ]

ਹੌਲਦਾਰ ਜੋ ਸਕਿਓਰਟੀ ਗਾਰਡ ਸੀ ਉਸ ਨੂੰ ਬੁਰੀ ਤਰਾਂ ਕੁੱਟਿਆ ਗਿਆ ਸੀ ਅਤੇ ਮੈਂ ਸਮਝਦਾ ਕਿ within the complex of this ਵਿਧਾਨ ਸਭਾ ਦੇ ਅੰਦਰ ਹੋਇਆ ਸੀ। ਉਸ ਦੇ ਸਬੰਧ ਵਿਚ ਉਸ ਗਾਰਡ ਨੂੰ ਸੱਟਾਂ ਵੀ ਵੱਜੀਆਂ ਉਸ ਬਾਰੇ ਰਿਪੋਰਟ ਲਿਖਣ ਲਈ ਮੈਂ ਐਸ.ਐਚ.ਓ., ਯੂ.ਟੀ. ਨੂੰ ਲਿਖਿਆ ਸੀ ਅਤੇ ਸਦਨ ਦੀ ਇਹ ਜਾਣਨ ਦੀ ਬੜੀ ਇੱਛਾ ਸੀ ਕਿ ਉਸ ਤੇ ਕੀ ਕਾਰਵਾਈ ਹੋ ਰਹੀ ਹੈ। ਮੈਂ ਕੱਲ੍ਹ ਕਿਹਾ ਸੀ ਕਿ ਅੱਜ ਦੱਸਾਂਗਾ। ਸੋ, ਇਸ ਲਈ ਮੈਂ ਹਾਊਸ ਦੇ ਮੈਂਬਰ ਸਾਹਿਬਾਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਬੰਧਿਤ ਅਫਸਰਾਂ ਨੂੰ ਮੈਂ ਮਿਲਿਆ ਵੀ ਸੀ ਅਤੇ ਕੱਲ੍ਹ ਸਬੰਧਿਤ ਮੈਂਬਰਾਂ ਦੇ ਖਿਲਾਫ ਜਿਨ੍ਹਾਂ ਨੂੰ ਤੁਸੀਂ ਫੋਟੋਆਂ ਵਿਚ ਵੇਖਿਆ ਹੋਵੇਗਾ ਜਿਹੜੇ ਜਿਹੜੇ ਮੈਂਬਰਾਂ ਨੇ ਉਸ ਸਕਿਓਰਟੀ ਗਾਰਡ ਨੂੰ ਕੁੱਟਿਆ ਹੈ ਉਨ੍ਹਾਂ ਦੇ ਵਿਰੁੱਧ ਐਫ.ਆਈ.ਆਰ. ਦਰਜ ਹੋ ਗਈ ਹੈ। ਹਾਂ ਜੀ, ਚੀਮਾ ਸਾਹਿਬ।

(*ਇਸ ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

*(12.. ਵਜੇ ਪੂਰਵ ਦੁਪਹਿਰ)

DISCUSSION ON GOVERNOR'S ADDRESS AND VOTE ON THE MOTION OF THANKS *(RESUMPTION)*

ਡਾਕਟਰ ਦਲਜੀਤ ਸਿੰਘ ਚੀਮਾ: ਡਿਪਟੀ ਸਪੀਕਰ ਸਾਹਿਬ, ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਅਤੇ ਖੇਤੀਬਾੜੀ ਇਕ ਅਜਿਹਾ ਸੈਕਟਰ ਹੈ ਜੋ ਸਾਨੂੰ ਅੰਨ ਵੀ ਦਿੰਦਾ ਹੈ ਅਤੇ ਸਭ ਤੋਂ ਵੱਧ ਜੋ ਰੁਜ਼ਗਾਰ ਕਿਸੇ ਸੈਕਟਰ ਨੇ ਹੁਣ ਤੱਕ ਦਿੱਤਾ ਹੈ ਇਸ ਦੇਸ਼ ਵਿਚ ਤਾਂ ਉਹ ਵੀ ਖੇਤੀਬਾੜੀ ਨੇ ਹੀ ਦਿੱਤਾ ਹੈ। ਹੁਣ ਤੱਕ ਦੇ ਜੋ ਅੰਕੜੇ ਹਨ, ਜੇ ਮੈਂ ਸਾਰੇ ਦੇਸ਼ ਦੀ ਗੱਲ ਕਰਾਂ ਤਾਂ 1990-91 ਦੇ ਵਿਚ 61 ਫੀਸਦੀ ਲੋਕ ਖੇਤੀ ਤੇ ਨਿਰਭਰ ਸਨ। ਉਨ੍ਹਾਂ ਨੂੰ ਰੁਜ਼ਗਾਰ ਖੇਤੀਬਾੜੀ ਨੇ ਦਿੱਤਾ ਹੈ ਪਰ ਹੌਲੀ ਹੌਲੀ ਸਾਰੇ ਦੇਸ਼ ਦੇ ਵਿਚ ਹੁਣ ਇਹ ਗਿਣਤੀ 52 ਫੀਸਦੀ ਤੇ ਪਹੁੰਚ ਗਈ ਹੈ ਜਿਹੜੀ ਕਿ ਬਹੁਤ ਚਿੰਤਾਜਨਕ ਗੱਲ ਹੈ। ਲੇਕਿਨ ਸਾਨੂੰ ਇਸ ਗੱਲ ਦੀ ਤਸੱਲੀ ਹੈ ਕਿ ਹਾਲੇ ਵੀ ਪੰਜਾਬ ਦੇ ਵਿਚ 7.. ਫੀਸਦੀ ਲੋਕਾਂ ਨੂੰ ਖੇਤੀ ਨੇ ਇੰਪਲਾਇਮੈਂਟ, ਰੁਜ਼ਗਾਰ ਦਿੱਤਾ ਹੋਇਆ ਹੈ। 2.. ਵੀਂ ਸਦੀ ਦੀ ਜੇ ਮੈਂ ਗੱਲ ਕਰਾਂ ਤਾਂ ਹਿੰਦੁਸਤਾਨ ਜਿਹੜਾ ਦੁਨੀਆ ਦੇ ਵਿਚ 2.. ਵੀਂ ਸਦੀ ਦੇ ਵਿਚ ਆਰਥਿਕ ਤੌਰ ਤੇ ਵਿਸ਼ਵ ਸ਼ਕਤੀ ਦੇ ਰੂਪ ਵਿਚ ਉਭਰ ਕੇ ਸਾਡੇ ਸਾਹਮਣੇ ਆ ਰਿਹਾ ਹੈ ਪਰ ਜਿਹੜੀ ਚਿੰਤਾ ਦੀ ਗੱਲ ਹੈ ਉਹ ਇਹ ਹੈ ਕਿ ਜਿਹੜੀ ਖੇਤੀਬਾੜੀ ਦੇ ਸੈਕਟਰ ਵਿਚ ਸਾਡੀ ਗਰੋਥ ਹੈ ਉਹ ਹੌਲੀ ਹੌਲੀ

ਥੱਲੇ ਜਾ ਰਹੀ ਹੈ, ਜਿਸ ਦੀ ਸਾਨੂੰ ਸਾਰਿਆਂ ਨੂੰ ਬਹੁਤ ਵੱਡੀ ਚਿੰਤਾ ਹੈ। ਜਿਹੜੀ ਸਾਡੀ ਨੈਸ਼ਨਲ ਗਰੋਥ ਹੈ, ਜੀ.ਡੀ.ਪੀ. ਹੈ, ਉਹ ਪਿਛਲੇ 2 ਦਹਾਕਿਆਂ ਦੀ ਜੇ ਮੈਂ ਗੱਲ ਕਰਾਂ ਤਾਂ ਔਸਤਨ 6 ਤੋਂ 7 ਫੀਸਦੀ ਹੈ। ਲੇਕਿਨ ਖੇਤੀਬਾੜੀ ਦੇ ਸੈਕਟਰ ਦੇ ਵਿਚ ਇਹ ਉਸ ਤੋਂ ਅੱਧੀ ਹੈ। ਇਸ ਤਰ੍ਹਾਂ ਜਿਹੜੀ ਖੇਤੀਬਾੜੀ ਦੇ ਸੈਕਟਰ ਦੀ ਜੀ.ਡੀ.ਪੀ. ਨੂੰ ਕੰਟਰੀਬਿਊਸ਼ਨ ਹੈ ਇਹ ਕਿਸੇ ਵੇਲੇ 1990-1991 ਦੇ ਵਿਚ 30 ਫੀਸਦੀ ਦੇ ਕਰੀਬ ਸੀ ਜਿਹੜੀ ਕਿ ਬਹੁਤ ਵੱਡਾ ਹਿੱਸਾ ਸੀ ਪਰ ਅੱਜ ਜੇ ਦੇਖਿਆ ਜਾਵੇ ਤਾਂ 2008-09 ਦੇ ਵਿਚ 30 ਫੀਸਦੀ ਤੋਂ ਘੱਟ ਕੇ ਇਹ ਕੰਟਰੀਬਿਊਸ਼ਨ 15.7 ਫੀਸਦੀ ਤੇ ਪਹੁੰਚ ਚੁੱਕੀ ਹੈ ਅਤੇ ਇਕੱਲੀ ਹਿੰਦੁਸਤਾਨ ਦੀ ਗੱਲ ਨਹੀਂ, ਦੁਨੀਆਂ ਦੇ ਵਿਚ ਵੀ ਜੇਕਰ ਦੇਖੀਏ ਜਿਹੜੀ ਖੇਤੀਬਾੜੀ ਹੈ, ਇਹ ਦਿਨੋਂ ਦਿਨ ਪਿੱਛੇ ਗਈ ਹੈ ਅਤੇ 10 ਕਰੋੜ ਜਿਹੜੇ ਹੋਰ ਲੋਕ ਹਨ, ਉਹ ਗਰੀਬੀ ਵਾਲੇ ਪਾਸੇ ਗਏ ਹਨ ਤਾਂ ਕੇਵਲ ਖੇਤੀਬਾੜੀ ਵਿਚ ਪੱਛੜਪਣ ਕਰਕੇ ਉਹ ਪਿੱਛੇ ਰਹਿ ਗਏ ਅਤੇ 80 ਕਰੋੜ ਲੋਕ ਇਸ ਵੇਲੇ ਦੁਨੀਆਂ ਦੇ ਵਿਚ ਭੁੱਖਮਰੀ ਦਾ ਸ਼ਿਕਾਰ ਹਨ। ਉਸਦਾ ਕਾਰਨ ਇਹ ਹੈ ਕਿ ਖੇਤੀਬਾੜੀ ਦੇ ਵਿਚ ਜਿੰਨਾ ਧਿਆਨ ਸਾਰਿਆਂ ਦੇਸ਼ਾਂ ਨੂੰ ਦੇਣਾ ਚਾਹੀਦਾ ਸੀ ਉਹ ਨਹੀਂ ਦਿੱਤਾ ਗਿਆ। ਮੈਂ ਵਰਲਡ ਬੈਂਕ ਦੀ 2007 ਦੀ ਜਿਹੜੀ ਰਿਪੋਰਟ ਹੈ, ਉਸਦਾ ਇੱਕ ਹਿੱਸਾ ਕੋਟ ਕਰਨਾ ਚਾਹੁੰਦਾ ਹਾਂ। Agriculture has effectively served as a basis for growth and to reduce poverty in many countries ਭਾਵ ਖੇਤੀਬਾੜੀ ਜਿਹੜੀ ਹੈ, ਇਹ ਵਿਕਾਸ ਦਾ ਆਧਾਰ ਸਾਬਤ ਹੋਈ ਹੈ। ਬਹੁਤ ਸਾਰੇ ਦੇਸ਼ਾਂ ਦੇ ਵਿੱਚ ਇੰਨੀ ਗਰੀਬੀ ਨੂੰ ਘਟਾਇਆ। ਇਹ ਰਿਪੋਰਟ ਅੱਗੇ ਕੀ ਕਹਿੰਦੀ ਹੈ। But many more countries could benefit if the government and donors were to reverse years of policy neglect ਹਾਲੇ ਬਹੁਤ ਸਾਰੇ ਦੇਸ਼ ਇਸ ਦਾ ਫਾਇਦਾ ਉਠਾ ਸਕਦੇ ਹਨ। ਜਿਹੜੀ ਐਗਰੀਕਲਚਰ ਦੀ ਨੀਤੀ ਹੈ ਉਸ ਦੇ ਵਿੱਚ ਸੁਧਾਰ ਕਰਨ, ਤਬਦੀਲ ਕਰਨ and remedy their under investment and mis-investment in agriculture ਜਿਹੜੀ ਮਨ ਸਮੱਸਿਆ ਹੈ ਕਿ ਖੇਤੀਬਾੜੀ ਦੇ ਵਿਚ ਸਰਕਾਰਾਂ ਘੱਟ ਪੈਸਾ ਲਗਾ ਰਹੀਆਂ ਹਨ ਜਾਂ ਜਿਹੜੀਆਂ ਗਲਤ ਤਰੀਕੇ ਦੇ ਨਾਲ ਸਕੀਮਾਂ ਬਣਾ ਕੇ ਇਸ ਤਰ੍ਹਾਂ ਦੀਆਂ ਤੇ ਪੈਸਾ ਲਗਾ ਰਹੀਆਂ ਹਨ, ਅਗਰ ਉਨ੍ਹਾਂ ਨੀਤੀਆਂ ਨੂੰ ਠੀਕ ਕਰ ਲੈਣ ਤਾਂ ਇਸ ਦਾ ਬਹੁਤ ਸਾਰੇ ਹੋਰ ਦੇਸ਼ਾਂ ਨੂੰ ਫਾਇਦਾ ਹੋਵੇਗਾ। ਅੱਜ ਪੰਜਾਬ ਦੀ ਜਿਹੜੀ ਸਮੱਸਿਆ ਹੈ, ਉਹ ਮੁੱਖ ਤੌਰ ਤੇ ਇਹ ਹੈ ਕਿ ਅਸੀਂ ਦੇਸ਼ ਦਾ ਜਦੋਂ ਅਨਾਜ ਭੰਡਾਰ ਭਰਿਆ ਅਤੇ ਅੱਜ ਸਾਡੀ ਜਿਹੜੀ ਆਪਣੀ ਖੇਤੀਬਾੜੀ ਹੈ, ਉਹ ਇੱਕ ਸੈਚੂਰੇਸ਼ਨ

[ਡਾਕਟਰ ਦਲਜੀਤ ਸਿੰਘ ਚੀਮਾ]

ਪੁਆਇੰਟ ਤੇ ਪਹੁੰਚੀ ਹੋਈ ਹੈ। ਸਾਡੀ ਜਿਹੜੀ ਜ਼ਮੀਨ ਦੀ ਫਰਟੀਲਿਟੀ ਹੈ, ਉਸ ਤੇ ਵੀ ਇਸ ਨੇ ਮਾੜਾ ਅਸਰ ਪਾਇਆ ਹੈ ਅੌਰ ਸਾਡਾ ਜਿਹੜਾ ਜ਼ਮੀਨ ਦਾ ਪਾਣੀ ਦਾ ਲੈਵਲ ਹੈ, ਉਹ ਵੀ ਮਾਨਯੋਗ ਡਿਪਟੀ ਸਪੀਕਰ ਸਾਹਿਬ ਬਹੁਤ ਥੱਲੇ ਚਲਾ ਗਿਆ ਹੈ ਜਿਹੜਾ ਕਿ ਆਉਣ ਵਾਲੇ ਸਮੇ ਵਾਸਤੇ ਇੱਕ ਬਹੁਤ ਵੱਡਾ ਖਤਰਾ ਹੈ ਇੱਕ ਹੋਰ ਬੜੀ ਵੱਡੀ ਚੁਣੌਤੀ ਹੈ ਕਿ ਜਿਹੜੀ ਲੈਂਡ ਹੋਲਡਿੰਗ ਹੈ, ਉਹ 1970 71 ਦੇ ਵਿੱਚ 2 89 ਹੈਕਟੇਅਰ ਔਸਤਨ ਸੀ, ਇਹ 2000 2001 ਦੇ ਵਿੱਚ 3 2 ਹੈਕਟੇਅਰ ਰਹਿ ਗਈ ਹੈ ਜਿਹੜੀ ਜ਼ਮੀਨ ਹੈ ਕਿਸਾਨ ਦੀ ਉਹ ਦਿਨੋ-ਦਿਨ ਘੱਟ ਰਹੀ ਹੈ ਜਿਹੜਾ ਸਮਾਂ 2020 ਦਾ ਹੈ, ਜਿਹੜੀ Indian Council of Agricultural Research ਦੀ ਰਿਪੋਰਟ ਹੈ ਸਾਲ 2020 ਦੇ ਵਿੱਚ ਇਹ 58 ਹੈਕਟੇਅਰ ਤੱਕ ਪਹੁੰਚਣ ਦੀ ਆਸ ਹੈ ਅਤੇ 2030 ਦੇ ਵਿੱਚ 32 ਹੈਕਟੇਅਰ, ਕਿੱਲਾ, ਸਵਾ ਕਿੱਲਾ ਇੱਥੇ ਤੱਕ ਸਾਡੀ ਲੈਂਡ ਹੋਲਡਿੰਗ ਪਹੁੰਚ ਜਾਏਗੀ। ਇਹ ਸਾਡੇ ਵਾਸਤੇ ਆਉਣ ਵਾਲੇ ਸਮੇਂ ਦੇ ਵਿੱਚ ਬਹੁਤ ਵੱਡੀ ਚੁਣੌਤੀ ਹੈ। ਲੇਕਿਨ ਮੈਂ ਵਧਾਈ ਦੇਣਾ ਚਾਹਾਂਗਾ ਸਾਡੇ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਕਿ ਸਾਰੀਆਂ ਚੁਣੌਤੀਆਂ ਦੇ ਬਾਵਜੂਦ ਜਿਹੜੀ highest contribution ਹੈ ਦੇਸ਼ ਦੀ ਕਣਕ ਦੇ ਵਿੱਚ, ਉਹ ਹੈ 43.83%, ਉਹ ਸਾਡੇ ਪੰਜਾਬ ਦੇ ਸੂਬੇ ਦੀ ਹੈ। ਜਿਹੜੀ highest contribution ਚਾਵਲ ਦੀ ਹੈ, ਉਹ ਹੈ 36.40% ਉਹ ਵੀ ਮਾਨਯੋਗ ਡਿਪਟੀ ਸਪੀਕਰ ਸਾਹਿਬ ਸਾਡੇ ਪੰਜਾਬ ਦੇ ਸੂਬੇ ਦੀ ਹੈ ਇਹ ਮੁੱਖ ਮੰਤਰੀ ਸਾਹਿਬ ਦੀਆਂ ਨੀਤੀਆਂ ਕਰਕੇ ਹੈ ਸਰਕਾਰ ਨੇ ਪੰਜਾਬ ਦੇ ਵਿੱਚ ਜੋ ਕਿਸਾਨੀ ਵਾਸਤੇ ਕਦਮ ਚੁੱਕੇ ਹਨ ਉਨ੍ਹਾਂ ਦੇ ਸਦਕਾ ਸਾਨੂੰ ਕ੍ਰਿਸ਼ੀ ਕਰਮਨ ਅਵਾਰਡ ਮਿਲਿਆ ਹੈ ਉਹ ਸਭ ਤੋਂ ਵੱਧ ਫੂਡ ਗਰੇਨ ਪ੍ਰੋਡਕਸ਼ਨ ਕਰਕੇ 278 67 ਲੱਖ ਟਨ ਦੀ, ਉਹ ਵੀ ਸੰਨ 20 0 ਦੇ ਵਿੱਚ ਪੰਜਾਬ ਨੂੰ ਹਾਸਲ ਹੋਇਆ ਹੈ। ਜਿਸ ਦੇ ਵਾਸਤੇ ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਉਚੇਚੇ ਤੌਰ ਤੇ ਵਧਾਈ ਪੇਸ਼ ਕਰਦਾ ਹਾਂ। ਦੂਸਰੇ ਜਿਹੜੇ ਅੰਕੜੇ ਹਨ ਕਿ ਜਿਹੜੀ ਪੈਦਾਵਾਰ ਹੈ, ਇਸ ਵੇਲੇ ਕਣਕ ਦੀ 50.90 ਪਰ ਹੈਕਟੇਅਰ ਹੈ, ਇਹ 1.62 ਗੁਣਾਂ ਨੈਸ਼ਨਲ ਐਵਰੇਜ ਤੋਂ ਅੱਜ ਵੀ ਵੱਧ ਹੈ ਜਿਹੜੀ ਰਾਈਸ ਦੀ ਸਾਡੀ ਪੈਦਾਵਾਰ ਹੈ ਉਹ ਵੀ 37 4. ਕੁਇੰਟਲ ਪਰ ਹੈਕਟੇਅਰ, ਇਸ ਦੀ ਜਿਹੜੀ ਨੈਸ਼ਨਲ ਐਵਰੇਜ ਹੈ 1 58 ਦੀ ਹੈ ਅੌਰ ਸਾਨੂੰ ਖੁਸ਼ੀ ਹੈ ਕਿ 20 1 12 ਵਿੱਚ ਜਿਸ ਤਰ੍ਹਾਂ ਕਿ ਮੈਂ ਪਹਿਲਾਂ ਜ਼ਿਕਰ ਕੀਤਾ ਹੈ ਕਿ ਹਾਈਐਸਟ ਪ੍ਰੋਡਕਸ਼ਨ ਆਫ ਅਨਾਜ ਦਾ ਅਵਾਰਡ ਸਾਨੂੰ ਮਿਲਿਆ ਹੈ ਹੁਣ ਵੀ ਰਾਜਪਾਲ ਜੀ ਦੇ ਭਾਸ਼ਣ ਦੇ ਵਿੱਚ

ਜ਼ਿਕਰ ਹੈ ਕਿ 2012-13 ਵਿੱਚ ਕਣਕ ਦੀ 129 ਲੱਖ ਟਨ ਅਤੇ ਝੋਨੇ ਦੀ 133 ਲੱਖ ਟਨ ਦੀ ਰਿਕਾਰਡ ਪੈਦਾਵਾਰ ਅਸੀਂ ਕੀਤੀ ਹੈ ਪਰ ਜਿਹੜੀ ਅਸੀਂ ਹਾਈਐਸਟ ਪ੍ਰਡਕਸ਼ਨ ਕੀਤੀ ਹੈ। ਉਸਦੇ ਵਿੱਚ ਡਿਪਟੀ ਸਪੀਕਰ ਸਾਹਿਬ ਸਭ ਤੋਂ ਵੱਡੀ ਪੰਜਾਬ ਦੀ ਪ੍ਰਾਪਤੀ ਹੈ ਕਿ 70 % ਰੇਨਫਾਲ ਉਸ ਸਾਲ ਵਿੱਚ ਘੱਟ ਹੋਈ ਸੀ। ਸਾਰੇ ਦੇਸ਼ ਵਿੱਚ ਸੋਕਾ ਪਿਆ ਸੀ ਲੇਕਿਨ ਉਸ ਦਾ ਕਰੈਡਿਟ ਸਾਡੀ ਸਰਕਾਰ ਨੂੰ ਹੈ ਅਤੇ ਪੰਜਾਬ ਦੇ ਮਿਹਨਤੀ ਕਿਸਾਨ ਨੂੰ ਕਿ ਉਸ ਨੇ ਚਾਹੇ ਡੀਜ਼ਲ ਬਾਲ ਕੇ, ਚਾਹੇ ਸਰਕਾਰ ਨੇ ਮਹਿੰਗੀ ਬਿਜਲੀ ਖਰੀਦ ਕੇ ਦਿੱਤੀ, ਕਈ ਵੀ ਤਰੀਕਾ ਵਰਤਿਆ, ਉਸ ਨੇ ਦੇਸ਼ ਨੂੰ ਅਨਾਜ ਦਾ ਸੰਕਟ ਨਹੀਂ ਆਉਣ ਦਿੱਤਾ ਆਰਥਿਕ ਨੁਕਸਾਨ ਕਿਸਾਨ ਦਾ ਵੀ ਹੋਇਆ ਕਿ ਉਸ ਦੀ ਇਨਪੁਟ ਕਾਸਟ ਬਹੁਤ ਵੱਧ ਗਈ ਸੀ। ਸਰਕਾਰ ਦਾ ਵੀ ਨੁਕਸਾਨ ਹੋਇਆ ਕਿ ਸਰਕਾਰ ਨੂੰ ਮਹਿੰਗੇ ਭਾਅ ਬਿਜਲੀ ਖਰੀਦ ਕੇ ਦੇਣੀ ਪਈ ਜਿਹੜੀ ਇੰਡਸਟਰੀ ਨੂੰ ਮੁੱਲ ਬਿਜਲੀ ਦੇਣੀ ਸੀ ਉਸ ਤੇ ਕੱਟ ਲਗਾ ਕੇ ਉਹ ਵੀ ਕਿਸਾਨ ਨੂੰ ਦੇਣੀ ਪਈ। ਜਿਹੜੀ ਘਰਾਂ ਦੇ ਮੀਟਰਾਂ ਨੂੰ ਸਪਲਾਈ ਜਾਂਦੀ ਸੀ ਉਸ ਤੇ ਵੀ ਕੱਟ ਲਗਾ ਕੇ ਕਿਸਾਨ ਨੂੰ ਦੇਣੀ ਪਈ ਲੇਕਿਨ ਮੈਂ ਧੰਨਵਾਦ ਕਰਦਾ ਹਾਂ ਮੁੱਖ ਮੰਤਰੀ ਸਾਹਿਬ ਦਾ ਕਿ ਉਨ੍ਹਾਂ ਨੇ ਇੰਨਾ ਵੱਡਾ ਜਿਗਰਾ ਰੱਖ ਕੇ ਜੋ ਦੇਸ਼ ਵਿੱਚ ਅਨਾਜ ਦਾ ਬੜਾ ਵੱਡਾ ਸੰਕਟ ਬਣ ਸਕਦਾ ਸੀ, ਉਹ ਸੰਕਟ ਨਹੀਂ ਬਣਨ ਦਿੱਤਾ ਲੇਕਿਨ ਡਿਪਟੀ ਸਪੀਕਰ ਸਾਹਿਬ, ਮੈਨੂੰ ਅਫਸੋਸ ਵੀ ਹੈ ਕਿ ਜੋ ਪੰਜਾਬ ਦੇ ਮਿਹਨਤੀ ਕਿਸਾਨ ਨੇ ਇੰਨਾ ਕਝ ਕੀਤਾ, ਸਾਡੀ ਸਰਕਾਰ ਨੇ ਇੰਨਾ ਕਝ ਕੀਤਾ ਜੋ ਅਸੀਂ ਕੇਂਦਰ ਨੂੰ ਕਿਹਾ ਸੀ ਕਿ ਜਿਹੜਾ ਸੋਕੇ ਦੀ ਰਾਹਤ ਦਾ ਪੈਕੇਜ ਹੈ ਉਹ 5,112 ਕਰੋੜ ਰੁਪਿਆ ਇਕੱਲੀ ਇਕੱਲੀ ਚੀਜ਼ ਅਸੀਂ ਗਿਣ ਕੇ ਕੇਂਦਰ ਸਰਕਾਰ ਕੋਲ ਆਪਣਾ ਕੇਸ ਰੱਖਿਆ ਸੀ ਪਰ ਸਾਨੂੰ ਇਕ ਆਨਾ ਵੀ ਕੇਂਦਰ ਸਰਕਾਰ ਨੇ ਨਹੀਂ ਦਿੱਤਾ। ਮੈਂ ਸਮਝਦਾ ਹਾਂ ਕਿ ਇਹ ਬਹੁਤ ਵੱਡੀ ਫਿਕਰ ਵਾਲੀ ਗੱਲ ਹੈ ਇਸ ਹਾਊਸ ਵਿੱਚ ਅਸੀਂ ਬੇਨਤੀ ਵੀ ਕੀਤੀ ਸੀ ਕਿ ਅੱਜ ਜਿਹੜੀ ਸਥਿਤੀ ਬਣ ਗਈ ਹੈ, ਹੁਣ ਕਿਸਾਨ ਨੂੰ ਡਾਈਵਰਸੀਫਿਕੇਸ਼ਨ ਦੀ ਬਹੁਤ ਵੱਡੀ ਲੋੜ ਹੈ ਕਿਉਂਕਿ ਚੈਲੰਜ ਜੋ ਪਹਿਲਾਂ ਮੈਂ ਗਿਣਤੀ ਕੀਤੀ ਹੈ ਉਹ ਸਾਡੇ ਸਾਹਮਣੇ ਹੈ ਇੱਕ ਰੈਜ਼ੋਲਿਊਸ਼ਨ 17 ਦਸੰਬਰ, 2012 ਨੂੰ ਇਸ ਪਵਿੱਤਰ ਸਦਨ ਵਿੱਚ ਸਰਕਾਰੀ ਤੌਰ ਤੇ ਮੁੱਖ ਮੰਤਰੀ ਸਾਹਿਬ ਲੈ ਕੇ ਆਏ ਸਨ, ਜਿਸ ਵਿੱਚ ਅਸੀਂ ਮੰਗ ਵੀ ਕੀਤੀ ਸੀ ਕਿ ਡਾਈਵਰਸੀਫਿਕੇਸ਼ਨ ਨੂੰ ਕਾਮਯਾਬ ਕਰਨ ਵਾਸਤੇ ਇਹ ਜ਼ਰੂਰੀ ਹੈ ਕਿ ਜਿਹੜੀਆਂ ਬਦਲਵੀਆਂ ਫਸਲਾਂ ਹਨ, ਚਾਹੇ ਉਹ ਕਾਟਨ ਹੈ, ਚਾਹੇ ਮੱਕੀ ਹੈ, ਚਾਹੇ ਆਇਲ ਸੀਡਜ਼ ਹੈ ਜਾਂ ਹੋਰ ਫਸਲਾਂ ਹਨ, ਉਨ੍ਹਾਂ ਦੀ ਇੱਕ ਤਾਂ ਮਿਨੀਮਮ ਸਪੋਰਟ ਪ੍ਰਾਈਸ ਜੋ ਹੈ, ਉਹ ਤੈਅ

[ਡਾਕਟਰ ਦਲਜੀਤ ਸਿੰਘ ਚੀਮਾ]

ਹੋਣੀ ਚਾਹੀਦੀ ਹੈ ਕਿਉਂਕਿ ਕਿਸਾਨ ਤਾਂ ਹੀ ਉਹ ਫਸਲ ਅਾਪਟ ਕਰ ਸਕਦਾ ਹੈ, ਜੇ ਉਨ੍ਹਾਂ ਦਾ ਮਿਨੀਮਮ ਸਪੋਰਟ ਪ੍ਰਾਈਸ ਤੈਅ ਹਵੇ ਦੂਜਾ ਹੈ ਕਿ ਉਸ ਦੀ ਐਸ਼ਿਓਰਡ ਮਾਰਕੀਟ ਜ ਹੈ, ਜਿਵੇਂ ਕਿ ਕਣਕ ਅਤ ਝਨ ਦੀ ਹੈ ਇਹ ਦਵ ਚੀਜਾਂ ਜ ਹੋਣ ਤਾਂ ਕਿਸਾਨ ਕੋਈ ਹੋਰ ਫਸਲ ਬੀਜਣ ਦਾ ਹੌਸਲਾ ਕਰ ਸਕਦਾ ਹੈ ਦੂਸਰਾ ਜਿਹੜਾ ਡਾਈਵਰਸੀਫਿਕੇਸ਼ਨ ਦਾ ਤਰੀਕਾ ਹੈ ਕਿ ਜ ਕਿਸਾਨ ਨ ਸਹਾਇਕ ਧੰਦ ਅਪਨਾਉਂਦੇ ਹਨ, ਭਾਵੇਂ ਡੇਅਰੀ ਫਾਰਮ ਹੈ ਭਾਵੇਂ ਫਿਸਰੀ ਹੈ ਭਾਵੇ ਹੋਰ ਹਨ, ਉਸ ਵਾਸਤੇ ਕਈ ਸਸਤ ਰੇਟ ਤੇ ਕਿਸਾਨ ਨੂੰ ਕਰਜੇ ਵਾਸਤੇ ਵੀ ਕਈ ਸਕੀਮ ਸਰਕਾਰ ਨੂੰ ਲਿਆਉਣੀ ਚਾਹੀਦੀ ਹੈ ਪਹਿਲਾਂ ਖੇਤੀ ਤੇ ਇਨਕਮ ਟੈਕਸ ਦੀ ਰਿਆਇਤ ਹੈ, ਇਸ ਕਰਕੇ ਅਸੀ ਇਹ ਮੰਗ ਕੀਤੀ ਸੀ ਕਿ ਇਨ੍ਹਾਂ ਸਹਾਇਕ ਧੰਦਿਆਂ ਵਾਸਤੇ ਜਿਹੜੇ ਕਿ ਡਾਈਵਰਸੀਫਿਕੇਸ਼ਨ ਨੂੰ ਪਰਮੋਟ ਕਰਨ ਵਾਸਤੇ ਕਿਸਾਨ ਨੇ ਅਪਨਾਉਣੇ ਹਨ, ਇਸ ਦੇ ਵਿੱਚ ਇਨਕਮ ਟੈਕਸ ਦੀ ਵੀ ਛੋਟ ਦੇਣੀ ਚਾਹੀਦੀ ਹੈ ਅੌਰ ਇੱਕ ਜਿਹੜੀ ਵੱਡੀ ਮੰਗ ਅਸੀਂ ਨਾਲ ਰੱਖੀ ਸੀ ਕਿ ਖੇਤੀਬਾੜੀ ਦੇ ਖੇਤਰ ਵਿਚ ਜ ਕਿਸਾਨ ਨ ਪੰਜਾਬ ਵਿੱਚ ਇਨਵੈਸਟਮੈਂਟ ਕਰਨੀ ਹੈ ਅਤੇ ਜਿਵੇਂ ਸਾਡੇ ਗੁਆਂਢੀ ਰਾਜ ਹਨ ਉਨ੍ਹਾਂ ਨੂੰ ਇੰਡਸਟਰੀ ਵਿੱਚ ਐਕਸਾਈਜ ਦੀਆਂ ਕੰਸੈਸ਼ਨ ਦਿੱਤੀਆ ਗਈਆਂ ਹਨ, ਉਹ ਐਕਸਾਈਜ ਕੰਸੈਸ਼ਨਜ ਜ ਕਈ ਖੇਤੀਬਾੜੀ ਦੇ ਵਿੱਚ ਇਨਵੈਸਟਮੈਂਟ ਕਰਦਾ ਹੈ, ਕਈ ਪ੍ਰਾਸੈਸਿੰਗ ਵਿੱਚ ਇਨਵੈਸਟਮੈਂਟ ਕਰਦਾ ਹੈ ਜਿਸ ਦਾ ਫਾਇਦਾ ਸਾਡੇ ਕਿਸਾਨ ਨੂੰ ਹੁੰਦਾ ਹੈ, ਉਸ ਵਿੱਚ ਕਸੈਸ਼ਨਜ ਦੇਣੀਆਂ ਚਾਹੀਦੀਆ ਹਨ ਪਰ ਮੈਨੂੰ ਅਫਸੋਸ ਹੈ ਕਿ ਸਾਨੂੰ ਇਨ੍ਹਾਂ ਦੇ ਵਿੱਚ ਕੇਂਦਰ ਸਰਕਾਰ ਨੇ ਇੱਕ ਵੀ ਚੀਜ਼ ਹਾਲ ਤੱਕ ਨਹੀਂ ਦਿੱਤੀ ਅੌਰ ਜਿਹੜਾ 5000 ਕਰੋੜ ਰੁਪਏ ਦਾ ਅਸੀ ਪੈਕੇਜ ਮੰਗਿਆ ਸੀ, ਉਸ ਦੇ ਵਿੱਚੋਂ ਵੀ ਹੁਣ ਜਿਹੜਾ ਬਜਟ ਹੈ ਉਸ ਦੇ ਵਿੱਚ ਜ਼ਿਕਰ ਹੈ ਜਿਹੜਾ ਜਸ ਦੇ ਵਿੱਤ ਮੰਤਰੀ ਨੇ ਕੀਤਾ ਹੈ ਕਿ 5000 ਕਰੋੜ ਰੁਪਿਆ ਇਕੱਲਾ ਪੰਜਾਬ ਨੇ ਮੰਗਿਆ ਸੀ ਪਰ ਜਿਹੜਾ ਦਿੱਲੀ ਹੁਣ ਬਜਟ ਪੇਸ਼ ਹੋਇਆ ਹੈ, ਸਿਰਫ 500 ਕਰੋੜ ਰੁਪਿਆ ਉਸ ਵਿੱਚ ਰੱਖਿਆ ਗਿਆ ਹੈ ਜਿਹੜਾ ਮੈਂ ਸਮਝਦਾ ਹਾਂ ਕਿ ਜੇ ਸੂਬਿਆਂ ਨੂੰ ਵੰਡ ਕੇ ਦੇਣਾ ਹੋਵੇ ਤਾਂ 7 8 ਕਰੋੜ ਰੁਪਿਆ ਇੱਕ ਸਟੇਟ ਨੂੰ ਬੜੀ ਮੁਸ਼ਕਲ ਨਾਲ ਆਏਗਾ ਜੇਕਰ ਜ਼ਿਲ੍ਹਿਆਂ ਨੂੰ ਉਹ ਪੈਸਾ ਵੰਡਣਾ ਹਵੇ ਤਾਂ 80 90 ਲੱਖ ਦੇ ਕਰੀਬ ਇਹ ਗਿਣਤੀ ਉਹ ਜ਼ਿਲ੍ਹਿਆ ਦੀ ਬਣਦੀ ਹੈ ਇਸ ਲਈ ਮੈਂ ਤੁਹਾਡੇ ਰਾਹੀਂ ਕੇਂਦਰ ਸਰਕਾਰ ਨੂੰ ਵੀ ਬੇਨਤੀ ਕਰਨਾ ਚਾਹਾਂਗਾ ਕਿ ਜੇ ਤਾਂ ਉਹ ਡਾਈਵਰਸੀਫਿਕੇਸ਼ਨ ਵਾਸਤੇ ਸੰਜੀਦਾ ਹਨ ਤਾਂ ਜਿਹੜੇ ਅੰਕੜੇ ਸੂਬਿਆ ਨੇ ਭੇਜੇ ਹਨ

ਉਨ੍ਹਾਂ ਦੇ ਮੁਤਾਬਿਕ ਡਾਈਵਰਸੀਫਿਕੇਸਨ ਵਾਸਤੇ ਫੰਡ ਬਜਟ ਵਿੱਚ ਰੱਖਿਆ ਜਾਣਾ ਚਾਹੀਦਾ ਹੈ ਇਸ ਤੋਂ ਬਗੈਰ ਕਿਸੇ ਵੀ ਤਰੀਕੇ ਨਾਲ ਡਾਈਵਰਸੀਫਿਕੇਸ਼ਨ ਪਾਸੀਬਲ ਨਹੀਂ ਹੈ ਲੇਕਿਨ ਮਾਨਯਗ ਡਿਪਟੀ ਸਪੀਕਰ ਸਾਹਿਬ, ਮੈਨੂੰ ਇਸ ਗੱਲ ਦਾ ਅਫਸਸ ਵੀ ਹੈ ਕਿ ਜੋ ਸਾਰੇ ਦੇਸ਼ ਦੇ ਵਿੱਚ ਕਿਸਾਨ ਦੀ ਹਮਦਰਦੀ ਵਾਸਤੇ ਬਹੁਤ ਨਾਹਰੇ ਮਾਰੇ ਜਾਂਦੇ ਹਨ, ਅੱਜ ਸਾਡੇ ਵੀਰ ਕਾਂਗਰਸ ਵਾਲੇ ਇਸ ਵੇਲੇ ਏਥੇ ਹਾਊਸ ਵਿਚ ਹਾਜ਼ਰ ਨਹੀਂ ਹਨ, ਲੇਕਿਨ ਉਨ੍ਹਾਂ ਨੂੰ ਹਾਜ਼ਰ ਹੋਣਾ ਚਾਹੀਦਾ ਸੀ ਕਿਉਂਕਿ ਸੂਬੇ ਦੇ ਬੜੇ ਅਹਿਮ ਮਸਲੇ ਹਨ ਉਨ੍ਹਾਂ ਬਾਰੇ ਉਹ ਵੀ ਸੁਣਦੇ ਅਤੇ ਦਿੱਲੀ ਜਾ ਕੇ ਉਨ੍ਹਾਂ ਮਸਲਿਆਂ ਬਾਰੇ ਗੱਲ ਕਰਦੇ ਲੇਕਿਨ ਹੁਣ ਤਕ ਜੋ ਇਸ ਦੇਸ਼ ਦਾ ਵਰਤਾਰਾ ਹੈ ਕਿ ਕਿਰਸਾਨੀ ਦੀ ਸਾਰੇ ਲੋਕ ਗੱਲ ਕਰੀ ਜਾਂਦੇ ਹਨ, ਕਿਸਾਨ ਖੁਦਕੁਸ਼ੀਆਂ ਕਰ ਰਿਹਾ ਹੈ, ਸਾਰੇ ਉਸਦੀ ਹੀ ਗੱਲ ਕਰੀ ਜਾਂਦੇ ਹਨ। ਸ਼ਰਧਾਂਜਲੀ ਜਿਹੜੀ ਹੈ, ਉਹ ਕੇਂਦਰ ਤੱਕ ਭੇਂਟ ਕੀਤੀ ਜਾਂਦੀ ਹੈ, ਲੇਕਿਨ ਜਦੋਂ ਕਿਸਾਨੀ ਵਾਸਤੇ ਕੋਈ ਪਲਾਨ ਬਣਾਉਣੀ ਹੁੰਦੀ ਹੈ, ਜਦੋਂ 2008 ਦੇ ਵਿਚ ਕਿਸਾਨੀ ਵਾਸਤੇ ਬਹੁਤ ਜਿਆਦਾ ਤੰਗੀ ਦਾ ਰੌਲਾ ਪਿਆ ਸੀ ਡਿਪਟੀ ਸਪੀਕਰ ਸਾਹਿਬ, ਪਾਰਲੀਮੈਂਟ ਦੀ ਇਲੈਕਸਨ ਉਸ ਵੇਲੇ ਸਿਰ ਤੇ ਸੀ, ਇਸ ਕਰਕੇ ਉਦੋਂ 70, K 0 ਕਰੜ ਰੁਪਏ ਦਾ ਇਸ ਦੇਸ਼ ਦੇ ਵਿੱਚ ਐਲਾਨ ਹੋ ਗਿਆ ਕਿ 7.,.00 ਕਰੋੜ ਰੁਪਏ ਦਾ ਕਿਸਾਨਾਂ ਦਾ ਕਰਜ਼ਾ ਮੁਆਫ ਕੀਤਾ ਜਾਵੇਗਾ ਪਹਿਲਾਂ ਤਾਂ ਦੇਸ਼ ਦੀ ਪਾਰਲੀਮੈਂਟ ਦੇ ਵਿੱਚ ਕੁਝ ਹਰ ਕਿਹਾ ਜਾਦਾ ਹੈ ਪਰ ਅਸਲ ਵਿੱਚ ਨਿਕਲਦਾ ਕੁਝ ਹੋਰ ਹੈ। 52,000 ਕਰੋੜ ਰੁਪਏ ਦਾ ਉਹ ਪੈਕੇਜ ਨਿਕਲਿਆ ਸਭ ਤੋਂ ਪਹਿਲਾਂ ਤਾਂ 25% ਸਕੀਮ ਤੋਂ ਹੀ ਕੱਟ ਲੱਗ ਗਈ ਕਿਉਂਕਿ ਹਾਊਸ ਦੇ ਵਿੱਚ ਜਿਹੜਾ ਕਰਜ਼ਾ 7.,.. ਕਰੜ ਰੁਪਏ ਦਾ ਸੀ ਉਹ ਕਿਰਸਾਨੀ ਤੱਕ ਜਾਂਦਾ ਜਾਂਦਾ 52,000 ਕਰੜ ਰੁਪਏ ਦਾ ਹੀ ਰਹਿ ਗਿਆ ਜਿਹੜੀ ਹੁਣ ਪਾਰਲੀਮੈਂਟ ਦੇ ਵਿੱਚ ਕੈਗ ਦੀ ਰਿਪੋਰਟ ਪੇਸ਼ ਹੋਈ ਹੈ

ਮਾਨਯੋਗ ਡਿਪਟੀ ਸਪੀਕਰ: ਚੀਮਾ ਸਾਹਿਬ, ਤੁਸੀਂ ਸਮੇਂ ਦਾ ਵੀ ਧਿਆਨ ਰੱਖੋ।

ਡਾਕਟਰ ਦਲਜੀਤ ਸਿੰਘ ਚੀਮਾ : ਸਮੇਂ ਦਾ ਧਿਆਨ ਰੱਖ ਕੇ ਹੀ ਮੈਂ ਜਿਆਦਾ ਬੋਲ ਰਿਹਾ ਹਾਂ ਜੀ ਕਿਉਂਕਿ ਅੱਜ ਬੋਲਣ ਵਾਲੇ ਬੁਲਾਰੇ ਵੀ ਘੱਟ ਹੀ ਹਨ।

ਮਾਨਯੋਗ ਡਿਪਟੀ ਸਪੀਕਰ: ਬੜੇ ਬੁਲਾਰੇ ਹਾਲੇ ਬੋਲਣ ਵਾਲੇ ਹਨ

ਡਾਕਟਰ ਦਲਜੀਤ ਸਿੰਘ ਚੀਮਾ : ਢਾਈ ਵਜੇ ਤੱਕ 6 7 ਬੁਲਾਰੇ ਬੋਲਣ ਵਾਲੇ ਹਨ ਕਿਉਂਕਿ ਕਾਂਗਰਸ ਵਾਲੇ ਪਾਸੇ ਤੋਂ ਕਿਸੇ ਨੇ ਆਉਣਾ ਨਹੀਂ ਹੈ ਇਸ ਕਰਕੇ ਇਹ ਬੜੇ ਅਹਿਮ ਮੁੱਦੇ ਹਨ ਤਾਂ ਹੀ ਮੈਂ ਅਰਾਮ ਨਾਲ ਬੋਲਣ ਲੱਗਿਆ ਹੋਇਆ ਹਾਂ ਨਹੀਂ ਤਾਂ

[ਡਾਕਟਰ ਦਲਜੀਤ ਸਿਘ ਚੀਮਾ]

ਮੈਂ ਕਾਹਲੀ ਕਾਹਲੀ ਬੋਲ ਜਾਣਾ ਸੀ

ਮਾਨਯੋਗ ਡਿਪਟੀ ਸਪੀਕਰ: ਦਸ ਗਿਆਰਾਂ ਬੁਲਾਰਿਆਂ ਨੇ ਤੁਹਾਡੇ ਤੋਂ ਬਾਅਦ ਵਿੱਚ ਬੋਲਣਾ ਹੈ।

ਡਾਕਟਰ ਦਲਜੀਤ ਸਿੰਘ ਚੀਮਾ: ਉਨ੍ਹਾ ਬੁਲਾਰਿਆਂ ਨੇ ਜ਼ਿਆਦਾ ਸਮਾਂ ਨਹੀਂ ਲੈਣਾ ਦੋ ਤਿੰਨ ਬੁਲਾਰਿਆਂ ਨੇ ਸਮਾਂ ਲੈਣਾ ਹੈ ਇਸ ਕਰਕੇ ਡਿਪਟੀ ਸਪੀਕਰ ਸਾਹਿਬ, 25% ਸਕੀਮ ਤੇ ਕੱਟ ਸੀ। ਉਸ ਤੋਂ ਬਾਅਦ ਕੀ ਹੋਇਆ ਕਿ ਜਿਹੜਾ ਕੈਗ ਦੀ ਰਿਪੋਰਟ ਵਿੱਚ ਜ਼ਿਕਰ ਹੈ ਕਿ 3.45 ਕਰੋੜ, ਟੋਟਲ ਕੇਸ ਦਾ % ਹਿੱਸਾ ਸਿਰਫ਼ ਉਨ੍ਹਾਂ ਨੇ ਚੈਕ ਕੀਤਾ 90 776 ਕੇਸ ਚੈਕ ਕੀਤੇ ਜਿਸ ਵਿਚ 202.6 ਕੇਸ ਜਾਅਲੀ ਪਾਏ ਗਏ ਹਰ ਪੰਜਵਾਂ ਕੇਸ ਜਾਅਲੀ ਸੀ ਇਸ ਤਰ੍ਹਾਂ 22% ਪਾਏ ਗਏ ਇਸ ਤੋਂ ਵੱਧ ਮਾੜੀ ਗੱਲ ਕੀ ਹੋ ਸਕਦੀ ਹੈ ਕਿ ਜਿਹੜੇ ਖੁਦਕੁਸ਼ੀਆਂ ਕਰ ਰਹੇ ਕਿਸਾਨ ਗਰੀਬ ਕਿਸਾਨ ਦੇ ਵਾਸਤੇ ਦੇਸ਼ ਦੀ ਪਾਰਲੀਮੈਂਟ ਨੇ ਫੈਸਲਾ ਕੀਤਾ, ਪੰਜਾਬ ਦੇ ਨਾਲ ਤਾਂ ਪਹਿਲਾਂ ਹੀ ਬਹੁਤ ਵੱਡਾ ਧੱਕਾ ਇਨ੍ਹਾਂ ਨੇ ਇਹ ਕਰ ਦਿੱਤਾ ਕਿ ਉਸ ਪੈਕੇਜ ਦਾ ਤਾਂ ਸਾਨੂੰ 1% ਹਿੱਸਾ ਵੀ ਹਾਸਲ ਨਹੀਂ ਹੋਇਆ ਲੇਕਿਨ ਜਿਹੜਾ ਅਸੀਂ ਸੋਚ ਰਹੇ ਸੀ ਕਿ ਦੂਜੇ ਸੂਬਿਆਂ ਦੇ ਕਿਸਾਨਾਂ ਨੂੰ ਚਲੋ ਉਹ ਵੀ ਕਿਸਾਨ ਹੈ, ਸ਼ਾਇਦ ਉਨ੍ਹਾਂ ਨੂੰ ਹੀ ਫ਼ਾਇਦਾ ਹੋਇਆ ਹੋਵੇ, ਉਥੋਂ ਅੰਕੜੇ ਜੋ ਆਏ ਸਾਹਮਣੇ ਹਨ ਕਿ ਏਨੀ ਵੱਡੀ ਬੇਈਮਾਨੀ ਉਸ ਲੋਨ ਵੇਵਰ ਵਿੱਚ ਹੋਈ ਹੈ, ਜਿਹੜੀ ਮੈਂ ਸਮਝਦਾ ਹਾਂ ਕਿ ਸਾਨੂੰ ਸਾਰੇ ਹਾਊਸ ਨੂੰ ਕੰਡੈਮ ਵੀ ਕਰਨੀ ਚਾਹੀਦੀ ਹੈ ਅਤੇ ਮੈਂ ਨਾਲ ਦੀ ਨਾਲ ਇਹ ਵੀ ਸਮਝਦਾ ਹਾਂ ਕਿ ਸਾਨੂੰ ਮੰਗ ਵੀ ਕਰਨੀ ਚਾਹੀਦੀ ਹੈ ਕਿ ਉਹ ਲੋਕ ਜਿਹੜੇ ਕਿ ਇਸ ਵੇਲੇ ਕਰਜ਼ਿਆਂ ਹੇਠਾਂ ਦੱਬੇ ਪਏ ਹਨ, ਗਰੀਬ ਕਿਸਾਨ ਹਨ, ਜਿਨ੍ਹਾਂ ਲੋਕਾਂ ਨੇ ਇਨ੍ਹਾਂ ਗਰੀਬ ਕਿਸਾਨ ਲੋਕਾਂ ਦਾ ਪੈਸਾ ਖਾਧਾ ਉਨ੍ਹਾਂ ਨੂੰ ਸਖ਼ਤ ਸਜ਼ਾਵਾਂ ਵੀ ਮਿਲਣੀਆਂ ਚਾਹੀਦੀਆਂ ਹਨ। ਜਿਹੜੀ ਸਭ ਤੋਂ ਮਾੜੀ ਗੱਲ ਜਿਸ ਦਾ ਇਸ ਰਿਪੋਰਟ ਦੇ ਵਿੱਚ ਵੀ ਜ਼ਿਕਰ ਹੈ ਕਿ 13% ਕਿਸਾਨ ਜਿਹੜੇ ਇਨ੍ਹਾਂ ਦੇ ਮਾਪਦੰਡ ਦੇ ਮੁਤਾਬਿਕ ਇਲੀਜੀਬਲ ਸੀ, ਉਨ੍ਹਾਂ ਨੂੰ ਇਸ ਮਾਪਦੰਡ ਵਿੱਚੋਂ ਬਾਹਰ ਰੱਖਿਆ ਗਿਆ। ਲੇਕਿਨ ਜਿਨ੍ਹਾਂ ਲੋਕਾਂ ਨੇ ਕਈ ਘਰ ਬਣਾਉਣ ਦੇ ਵਾਸਤੇ ਕਰਜ਼ੇ ਲਏ ਸੀ ਜਾਂ ਗੱਡੀ ਖਰੀਦਣ ਵਾਸਤੇ ਕਰਜ਼ੇ ਲਏ ਸੀ ਜਾਂ ਵਿਆਹ ਸ਼ਾਦੀ ਵਾਸਤੇ ਕਰਜ਼ੇ ਲਏ ਸੀ ਉਹ ਲੋਕ ਬੈਂਕ ਵਾਲਿਆਂ ਦੇ ਨਾਲ ਰਲ ਕੇ ਇਸ ਸਕੀਮ ਦਾ ਫ਼ਾਇਦਾ ਉਠਾ ਕੇ ਲੈ ਗਏ ਲੇਕਿਨ ਕਿਸਾਨ ਜਿਨ੍ਹਾਂ ਵਾਸਤੇ ਇਹ ਪੈਕੇਜ ਬਣਿਆ ਸੀ ਉਹ ਇਸ ਦਾ ਫ਼ਾਇਦਾ ਨਹੀਂ ਉਠਾ ਸਕੇ ਮੈਂ ਸਮਝਦਾ ਹਾਂ ਕਿ ਇਸ ਤੋਂ ਵੱਧ

ਮਾਤਾ ਗੱਲ ਹੋਰ ਕਈ ਨਹੀਂ ਹੋ ਸਕਦੀ

ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਰਾਜਪਾਲ ਜੀ ਨੇ ਸਿੱਖਿਆ ਦੇ ਬਾਰੇ ਆਪਣੇ ਭਾਸ਼ਣ ਵਿਚ ਸਰਕਾਰ ਦੀ ਕਾਰਗੁਜ਼ਾਰੀ ਨੂੰ ਬੜੇ ਅੱਛੇ ਤਰੀਕੇ ਨਾਲ ਰੱਖਿਆ ਹੈ, ਮੈਂ ਉਨ੍ਹਾਂ ਦਾ ਉਚੇਚੇ ਤੌਰ ਤੇ ਧੰਨਵਾਦ ਕਰਦਾ ਹਾਂ। ਜਦੋਂ ਪਿਛਲੀ ਵਾਰ ਮੁੱਖ ਮੰਤਰੀ ਸਾਹਿਬ ਨੇ ਰਾਜ ਦੀ ਵਾਗਡੋਰ ਸੰਭਾਲੀ ਸੀ ਤਾਂ ਉਸ ਵੇਲੇ ਇਹ ਵੱਡੀ ਚਿੰਤਾ ਸੀ ਕਿਉਂਕਿ ਉਸ ਸਮੇਂ ਸਰਕਾਰੀ ਸਕੂਲ ਬੰਦ ਹੋਣ ਦੇ ਕਿਨਾਰੇ ਸਨ ਲੇਕਿਨ ਅਜ ਖੁਸ਼ੀ ਹੈ ਕਿ ਸਾਡੀ ਸਰਕਾਰ ਨੇ 53180 ਅਧਿਆਪਕ ਭਰਤੀ ਕੀਤੇ ਹਨ ਇਸ ਤਰ੍ਹਾਂ ਵਿੱਦਿਆ ਦੇ ਖੇਤਰ ਵਿਚ ਜਿਹੜਾ ਅਸੀਂ 13ਵੇਂ ਨੰਬਰ ਤੇ ਪਹੁੰਚ ਗਏ ਸੀ, ਉਹ ਅੱਜ ਅਸੀਂ ਦੁਬਾਰਾ ਪੂਰੇ ਦੇਸ਼ ਵਿਚ ਪਹਿਲੇ ਨੰਬਰ ਤੇ ਆ ਗਏ ਹਾਂ। (ਥਪਿੰਗ) ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਦੀ ਇਹ ਸਭ ਤੋਂ ਵੱਡੀ ਪ੍ਰਾਪਤੀ ਹੈ, ਜਿਹੜੀ ਸਕੂਲ ਛੱਡਣ ਦੀ ਦਰ ਸੀ ਉਹ ਹੁਣ 2.1% ਪ੍ਰਾਇਮਰੀ ਦੀ ਰਹਿ ਗਈ ਹੈ ਅਤੇ 1.51% ਅਪਰ ਪ੍ਰਾਇਮਰੀ ਦੀ ਹੈ ਜਿਸ ਤਰੀਕੇ ਨਾਲ ਸਾਡੀ ਸਰਕਾਰ ਲੱਗੀ ਹੋਈ ਹੈ, ਅਸੀਂ ਇਸ ਨੂੰ ਹੌਲੀ ਹੌਲੀ ਜ਼ੀਰੋ ਤੇ ਲੈ ਆਵਾਂਗੇ। ਇਸ ਚੀਜ਼ ਦੀ ਬਹੁਤ ਵੱਡੀ ਜ਼ਰੂਰਤ ਹੈ। ਹਾਇਰ ਐਜੂਕੇਸ਼ਨ ਦੇ ਖੇਤਰ ਵਿਚ ਜਿੰਨੀਆਂ ਯੂਨੀਵਰਸਿਟੀਆਂ, ਚਾਹੇ ਉਹ ਸਰਕਾਰੀ ਖੇਤਰ ਵਿਚ ਹੋਣ ਜਾਂ ਪ੍ਰਾਈਵੇਟ ਖੇਤਰ ਵਿਚ ਹੋਣ ਇਸ ਰਾਜ ਦੇ ਦੌਰਾਨ ਖੁੱਲ੍ਹੀਆਂ ਹਨ, ਉਹ ਸਾਰੇ ਦੇਸ਼ ਵਿਚ ਆਪਣੇ ਆਪ ਵਿਚ ਇਕ ਰਿਕਾਰਡ ਹੈ ਇੱਥੇ ਇਹੋ ਜਿਹੀਆਂ ਸੰਸਥਾਵਾਂ ਆ ਗਈਆਂ ਹਨ ਜਿਨ੍ਹਾਂ ਬਾਰੇ ਪੰਜਾਬੀਆਂ ਨੇ ਨਾਂ ਵੀ ਸ਼ਾਇਦ ਨਾ ਸੁਣਿਆ ਹੋਵੇ। ਇਸ ਵੇਲੇ ਪੰਜਾਬ ਵਿਚ ਆਈ ਆਈ ਟੀ ਖੁੱਲ੍ਹ ਚੁੱਕੀ ਹੈ, ਇੰਡੀਅਨ ਬਿਜ਼ਨੈਸ ਸਕੂਲ (ਆਈ ਬੀ ਐਸ), ਇੰਡੀਅਨ ਇੰਸਟੀਚਿਊਟ ਆਫ ਐਜੂਕੇਸ਼ਨ ਸਾਇੰਸ ਐਂਡ ਰਿਸਰਚ, ਬਾਇਓ ਇੰਸਟੀਚਿਊਟ ਆਫ ਸਾਊਥ ਏਸ਼ੀਆ, ਸੈਂਟਰਲ ਯੂਨੀਵਰਸਿਟੀ ਅਤੇ ਹੋਰ ਬਹੁਤ ਸਾਰੇ ਟੈਕਨੀਕਲ ਕਾਲਜ ਇਸ ਸਮੇਂ ਦੇ ਦੌਰਾਨ ਖੁਲ੍ਹ ਚੁੱਕੇ ਹਨ। ਜਿਸ ਦਾ ਮੈਂ ਸਮਝਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਬਹੁਤ ਵੱਡਾ ਫਾਇਦਾ ਪਹੁੰਚੇਗਾ ਮੈਂ ਮੁੱਖ ਮੰਤਰੀ ਸਾਹਿਬ ਦਾ ਉਚੇਚੇ ਤੌਰ ਤੇ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਆਪਣੇ ਮੈਨੀਫੈਸਟੋ ਵਿਚ ਬੱਚਿਆਂ ਨੂੰ ਟੈਬਲੈਟ (ਕੰਪਿਊਟਰ) ਦੇਣ ਦਾ ਵਾਅਦਾ ਕੀਤਾ ਹੈ ਇਸ ਦੇ ਵਾਸਤੇ ਵੀ ਰਾਜਪਾਲ ਜੀ ਨੇ ਆਪਣੇ ਭਾਸ਼ਣ ਵਿਚ ਜ਼ਿਕਰ ਕੀਤਾ ਹੈ ਅਤੇ ਸਰਕਾਰ 110 ਕਰੋੜ ਰੁਪਏ ਨਾਲ 1.50 ਲੱਖ ਸਰਕਾਰੀ ਸਕੂਲਾਂ ਦੇ +2 ਦੇ ਵਿਦਿਆਰਥੀਆਂ ਨੂੰ ਦੇਣ ਜਾ ਰਹੀ ਹੈ ਇਸ ਵਾਸਤੇ ਮੈਂ ਮੁੱਖ ਮੰਤਰੀ ਜੀ ਨੂੰ ਅਤੇ ਸਿੱਖਿਆ ਮੰਤਰੀ ਨੂੰ ਵਧਾਈ ਦਿੰਦਾ ਹਾਂ। ਅਜ ਦੇ

[ਡਾਕਟਰ ਦਲਜੀਤ ਸਿੰਘ ਚੀਮਾ]

ਸਮੇਂ ਵਿਚ ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਪਬਲਿਕ ਸਕੂਲਾਂ ਦੇ ਹਾਣ ਦਾ ਬਣਾਉਣਾ ਬਹੁਤ ਜ਼ਰੂਰੀ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇ ਕੰਪਿਊਟਰ ਦੀ ਸਿੱਖਿਆ ਬੱਚੇ ਆਪ ਲੈਣ ਅਤੇ ਕੰਪਿਊਟਰ ਤੋਂ ਸਿੱਖਣ। ਇਕੱਲਾ ਸਕੂਲ ਵਿਚ ਪੜ੍ਹਨ ਦੇ ਨਾਲ ਹੀ ਕੰਮ ਨਹੀਂ ਚਲਦਾ। ਇਹ ਜਿਹੜਾ ਸਰਕਾਰ ਦਾ ਉਪਰਾਲਾ ਹੈ, ਪਹਿਲਾਂ ਜਿਵੇਂ ਬੱਚੀਆਂ ਨੂੰ ਸਾਈਕਲ ਦਿੱਤੇ ਸਨ ਤੇ ਇਨ੍ਹਾਂ ਨਾਲ ਬੱਚਿਆਂ ਨੂੰ ਬਹੁਤ ਲਾਭ ਪ੍ਰਾਪਤ ਹੋਇਆ ਸੀ, ਉਸ ਤਰ੍ਹਾਂ ਹੁਣ ਕੰਪਿਊਟਰ (ਟੈਬਲੈਟ) +2 ਦੇ ਵਿਦਿਆਰਥੀਆਂ ਨੂੰ ਦਿੱਤੇ ਜਾ ਰਹੇ ਹਨ, ਇਹ ਵੀ ਸਰਕਾਰ ਦਾ ਇਕ ਬਹੁਤ ਵੱਡਾ ਮਾਅਰਕਾ ਹੋਵੇਗਾ, ਇਸ ਵਾਸਤੇ ਮੈਂ ਮੁੱਖ ਮੰਤਰੀ ਸਾਹਿਬ ਨੂੰ ਵਧਾਈ ਦਿੰਦਾ ਹਾਂ। ਐਨ ਸੀ ਸੀ ਅਕਾਡਮੀਆਂ ਜਿਨ੍ਹਾਂ ਨੇ ਦੇਸ਼ ਵਿਚ ਆਪਣੀ ਇਕ ਨਿਵੇਕਲੀ ਪਛਾਣ ਬਣਾਈ ਹੈ। ਉਹ ਸਾਡੇ ਛੋਟੇ ਜਿਹੇ ਸ਼ਹਿਰ ਰੋਪੜ ਵਿਚ ਇਕ ਐਨ ਸੀ ਸੀ ਅਕਾਡਮੀ ਦਿੱਤੀ ਹੈ ਅਤੇ ਦੂਸਰੀ ਮਲੋਟ ਵਿਚ ਦਿੱਤੀ ਹੈ। ਇਸ ਲਈ ਵੀ ਮੈਂ ਸਰਕਾਰ ਨੂੰ ਵਧਾਈ ਦਿੰਦਾ ਹਾਂ। ਅੱਗੇ ਰੋਜ਼ਗਾਰ ਦੀ ਗੱਲ ਹੈ, ਜਿਸ ਬਾਰੇ ਸਾਰੇ ਵਿਰੋਧੀ ਧਿਰ ਵਾਲੇ ਬੜੀ ਚਿੰਤਾ ਕਰਦੇ ਹਨ, ਉਹ ਹੁਣ ਹਾਊਸ ਵਿਚ ਨਹੀਂ ਹਨ। ਮੈਂ ਉਨ੍ਹਾਂ ਨੂੰ ਅੰਕੜੇ ਕੱਢ ਕੇ ਦੱਸਦਾ ਕਿ 13 ਲੱਖ ਨੌਕਰੀਆਂ ਇਸ ਸਰਕਾਰ ਨੇ ਆਪਣੇ ਪਿਛਲੇ ਪੰਜ ਸਾਲਾਂ ਵਿਚ ਦਿੱਤੀਆਂ ਹਨ ਅਤੇ ਅੱਗੇ ਨੂੰ ਇਹ ਕੰਮ ਇਸੇ ਤਰ੍ਹਾਂ ਜਾਰੀ ਹੈ। ਚਾਹੇ ਅਧਿਆਪਕਾਂ ਦੀਆਂ ਪਰਮੋਸ਼ਨਾਂ ਦਾ ਮਸਲਾ ਸੀ, ਚਾਹੇ ਪੁਲਿਸ ਮੁਲਾਜ਼ਮਾਂ ਦੀਆਂ ਪਰਮੋਸ਼ਨਾਂ ਦਾ ਮਸਲਾ ਸੀ, ਇਸ ਬਾਰੇ ਵੀ ਸਾਡੀ ਸਰਕਾਰ ਨੇ ਬਹੁਤ ਵੱਡਾ ਕੰਮ ਕੀਤਾ ਹੈ। ਸਭ ਤੋਂ ਵੱਡੀ ਸਮੇਂ ਦੀ ਜਿਹੜੀ ਲੋੜ ਹੈ ਉਹ ਹੈ ਸਕਿੱਲ ਡਿਵੈਲਪਮੈਂਟ। ਸਾਡੇ ਬੱਚੇ ਇਹੋ ਜਿਹੇ ਕੋਰਸ ਕਰਨ ਜਿਨ੍ਹਾਂ ਨਾਲ ਉਨ੍ਹਾਂ ਨੂੰ ਨੌਕਰੀਆਂ ਮਿਲ ਸਕਣ। ਜਿੰਨੀ ਨਿੱਜੀ ਦਿਲਚਸਪੀ ਲੈ ਕੇ ਮੁੱਖ ਮੰਤਰੀ ਸਾਹਿਬ ਨੇ ਇਹ ਕੰਮ ਕੀਤਾ ਹੈ, ਮੇਰੇ ਕੋਲ ਸ਼ਬਦ ਨਹੀਂ ਹਨ ਕਿ ਮੈਂ ਉਨ੍ਹਾਂ ਦਾ ਧੰਨਵਾਦ ਕਰ ਸਕਾਂ।

ਅਗਲਾ ਰਾਜਪਾਲ ਜੀ ਨੇ ਜਿਹੜਾ ਜ਼ਿਕਰ ਕੀਤਾ ਹੈ, ਇਸ ਸਾਲ ਜਿਹੜੀਆਂ ਨੌਕਰੀਆਂ ਦਿੱਤੀਆਂ ਜਾਣਗੀਆਂ, ਉਸ ਵਿਚ ਆਈ ਟੀ ਸੈਕਟਰ ਦੀਆਂ ਦੋ ਲੱਖ ਅਤੇ ਸਰਵਿਸ ਸੈਕਟਰ ਦੀਆਂ ਪੰਜ ਲੱਖ ਸ਼ਾਮਲ ਹਨ। ਇਹ ਬਹੁਤ ਵੱਡੀ ਹਿੰਮਤ ਹੈ ਅਤੇ ਬਹੁਤ ਵੱਡੀ ਲੋੜ ਸਾਡੀ ਨੌਜਵਾਨ ਪੀੜ੍ਹੀ ਦੀ ਪੂਰੀ ਹੋਵੇਗੀ। ਖਾਸ ਤੌਰ ਤੇ ਸਾਡਾ ਮੈਨੀਫੈਸਟੋ, ਜਿਹੜਾ ਸਾਡੇ ਵਿਰੋਧੀ ਧਿਰ ਦੇ ਆਗੂ ਵਾਰ ਵਾਰ ਪੜ੍ਹ ਕੇ ਜ਼ਿਕਰ ਕਰਦੇ ਹਨ ਕਿ ਇੰਪਲਾਇਮੈਂਟ ਅਲਾਊਂਸ, ਜਿਸ ਨੂੰ ਉਹ ਬੇਰੁਜ਼ਗਾਰੀ ਭੱਤੇ ਨਾਲ ਕਨਫਿਊਜ਼ ਕਰਦੇ

ਹਨ, ਤੇਸ ਬਾਰੇ ਵੀ ਇਸ ਭਾਸ਼ਣ ਵਿੱਚ ਰਾਜਪਾਲ ਜੀ ਨੇ ਜਿਕਰ ਕੀਤਾ ਹੈ ਕਿ 1 lt(.- ਰੁਪਿਆ ਉਨਾਂ ਬੱਚਿਆਂ ਨੂੰ ਦਿੱਤਾ ਜਾਵੇਗਾ ਜਿਹੜੇ ਆਪਣੀ ਯੋਗਤਾ ਨੂੰ ਵਧਾਉਣਾ ਚਾਹੁੰਦੇ ਹਨ ਜਾ ਕੇ ਉਨ੍ਹਾਂ ਨੂੰ ਰੁਜ਼ਗਾਰ ਵਧੀ ਹੋਈ ਯੋਗਤਾ ਨਾਲ ਮਿਲ ਸਕੇ ਉਸ ਵਾਸਤੇ ਇਹ ਸਕੀਮਾਂ ਬਣਾਉਣ ਅਤੇ ਚਲਾਉਣ ਦਾ ਫੈਸਲਾ ਸਾਡੀ ਸਰਕਾਰ ਨੇ ਕੀਤਾ ਹੈ ਮੈਂ ਇਸ ਵਾਸਤੇ ਵੀ ਸਰਕਾਰ ਨੂੰ ਵਧਾਈ ਪੇਸ਼ ਕਰਦਾ ਹਾਂ।

ਮਾਨਯੋਗ ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਜਿਹੜੇ ਪੁਰਾਣੇ ਮਸਲੇ ਹਨ, ਚਾਹੇ ਚੰਡੀਗੜ੍ਹ ਦਾ ਮਸਲਾ ਹੈ, ਚਾਹੇ ਦਰਿਆਈ ਪਾਣੀਆਂ ਦਾ ਮਸਲਾ ਹੈ ਤੇ ਚਾਹੇ ਪੰਜਾਬੀ ਬੋਲਦੇ ਇਲਾਕਿਆਂ ਦਾ ਮਸਲਾ ਹੈ ਤੇ ਜਿਸ ਤਰੀਕੇ ਨਾਲ ਮਾਨਯੋਗ ਰਾਜਪਾਲ ਜੀ ਨੇ ਆਪਣੇ ਭਾਸ਼ਣ ਵਿੱਚ ਜ਼ਿਕਰ ਕੀਤਾ ਹੈ, ਉਸ ਤੋਂ ਸਰਕਾਰ ਦੀ ਦ੍ਰਿੜ੍ਹਤਾ ਦਾ ਅੰਦਾਜ਼ਾ ਲਗਾ ਸਕਦਾ ਹਾਂ ਅਤੇ ਮੈਨੂੰ ਆਸ ਦੀ ਕਿਰਨ ਜਾਗੀ ਹੈ। ਸਾਡੇ ਜਿਹੜੇ ਪੁਰਾਣੇ ਮਸਲੇ ਹਨ, ਉਨ੍ਹਾਂ ਵਿਚ ਬਹੁਤ ਵੱਡੀ ਬੇਇਨਸਾਫੀ ਪੰਜਾਬ ਨਾਲ ਹੋਈ। ਅੱਜ ਦੇ ਲੋਕਾਂ ਨੂੰ ਇਤਿਹਾਸ ਭੁਲਿਆ ਪਿਆ ਹੈ ਕਿਉਂਕਿ ਕਿਸ ਤਰੀਕੇ ਡੈਮੋਗਰਾਫਿਕ ਅਤੇ ਸਟੈਟਿਸਟੀਕਲ ਫਰਾਡ ਕਰਕੇ ਜਿਹੜਾ ਚੰਡੀਗੜ੍ਹ ਹੈ ਉਹ ਸਾਡੇ ਕੋਲੋਂ ਖੋਹ ਲਿਆ ਗਿਆ ਸੀ ਮਾਨਯੋਗ ਡਿਪਟੀ ਸਪੀਕਰ ਸਾਹਿਬ, ਦੇਸ਼ ਵਿੱਚ ਕੋਈ ਵੀ ਇਹੋ ਜਿਹਾ ਸੂਬਾ ਨਹੀਂ ਕਿ ਜਦੋਂ ਉਸ ਸੂਬੇ ਦੀ ਵੰਡ ਹੋਈ ਹੋਵੇ ਤੇ ਜਿਹੜੀ ਪੇਰੈਂਟ ਸਟੇਟ ਹੈ, ਉਸ ਨੂੰ ਰਾਜਧਾਨੀ ਨਾ ਦਿੱਤੀ ਗਈ ਹੋਵੇ ਲੇਕਿਨ ਪੰਜਾਬ ਇੱਕ ਇਹੋ ਜਿਹਾ ਸੂਬਾ ਹੈ ਜਿਸ ਨੂੰ ਗਿਣੀ ਮਿੱਥੀ ਸਾਜ਼ਿਸ਼ ਤਹਿਤ ਇਸ ਨੂੰ ਰਾਜਧਾਨੀ ਨਹੀ ਦਿੱਤੀ ਗਈ। ਪਹਿਲਾਂ ਜਦੋਂ ਭਾਸ਼ਾ ਦੇ ਆਧਾਰ ਤੇ ਸੂਬੇ ਬਣਾਏ ਗਏ ਤਾਂ ਪੰਜਾਬ ਨੂੰ ਉਸ ਵਿੱਚ ਬਾਹਰ ਰੱਖਿਆ ਗਿਆ ਫਿਰ ਜਦ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬੀ ਸੂਬੇ ਵਾਸਤੇ ਬਹੁਤ ਵੱਡਾ ਸੰਘਰਸ਼ ਕੀਤਾ ਤੇ 25 ਸਤੰਬਰ, 1965 ਨੂੰ ਜਾਇੰਟ ਪਾਰਲੀਮੈਂਟਰੀ ਕਮੇਟੀ ਸਰਦਾਰ ਹੁਕਮ ਸਿੰਘ ਦੀ ਅਗਵਾਈ ਵਿੱਚ ਇਸ ਮਸਲੇ ਨੂੰ ਐਗਜ਼ਾਮਿਨ ਕਰਨ ਵਾਸਤੇ ਬਣਾਈ ਗਈ ਲੇਕਿਨ 8 ਮਾਰਚ, 1966 ਨੂੰ ਇਸ ਕਮੇਟੀ ਦੀ ਜਦੋਂ ਰਿਪਰਟ ਆਈ ਤੇ ਫਿਰ ਕੇਂਦਰ ਸਰਕਾਰ ਨੇ ਸਾਹ ਕਮਿਸ਼ਨ ਸਥਾਪਿਤ ਕੀਤਾ ਜਿਸ ਵਿੱਚ ਤਿੰਨ ਜੱਜ ਸਨ ਜਸਟਿਸ ਸ਼ਾਹ, ਜਸਟਿਸ ਐਮ ਐਮ. ਫਿਲਿਪ ਤੇ ਜਸਟਿਸ ਐਸ ਦੱਤ ਸਾਹਿਬ ਸਾਰੀ ਜੋ ਕਹਾਣੀ ਤੁਸੀਂ ਲਗਾਤਾਰ ਦੇਖੋ ਕਿ ਜਿਸ ਤਰੀਕੇ ਇਸ ਕਮਿਸ਼ਨ ਦੀਆਂ ਟਰਮਜ਼ ਆਫ ਰੈਫਰੈਂਸਿਜ਼ ਡਿਸਾਈਡ ਕੀਤੀਆਂ ਗਈਆਂ ਕਿ ਸਭ ਤੋਂ ਪਹਿਲਾਂ ਤਹਿਸੀਲ ਨੂੰ ਯੂਨਿਟ ਰੱਖਿਆ ਗਿਆ, ਫਿਰ ਕੰਟੀਨਿਊਟੀ ਦਾ ਪੁਆਇੰਟ ਰੱਖਿਆ ਗਿਆ। ਲੇਕਿਨ ਜਿੱਥੇ ਵੱਡੀ ਬੇਈਮਾਨੀ ਕੀਤੀ ਗਈ ਉਹ ਇਹ ਹੈ ਕਿ 96।

[ਡਾਕਟਰ ਦਲਜੀਤ ਸਿੰਘ ਚੀਮਾ]

ਦੀ ਸੈਂਸਸ ਨੂੰ ਹੀ ਇਸ ਦਾ ਇਕੱਲਾ ਆਧਾਰ ਬਣਾਇਆ ਗਿਆ। ਮਾਨਯੋਗ ਡਿਪਟੀ ਸਪੀਕਰ ਸਾਹਿਬ, ਬਾਕੀ ਵੀ ਦੇਸ਼ ਦੇ ਸੂਬੇ ਬਣੇ ਹਨ, ਜਿਹੜਾ 1954-55 ਵਿੱਚ ਰੀਆਰਗੇਨਾਈਜ਼ੇਸ਼ਨ ਕਮਿਸ਼ਨ ਬਣਿਆ, ਜਦੋਂ ਉਸ ਨੇ ਭਾਸ਼ਾ ਦੇ ਆਧਾਰ ਤੇ ਸੂਬਿਆਂ ਦੀ ਵੰਡ ਕੀਤੀ ਤੇ 1881 ਤੋਂ ਲੈ ਕੇ ਜਿੰਨੇ ਸੈਂਸਜ਼ ਹੋਏ ਸੀ ਉਨ੍ਹਾਂ ਸਾਰਿਆਂ ਨੂੰ ਕੰਸੀਡਰੇਸ਼ਨ ਵਿੱਚ ਲਿਆ ਗਿਆ ਤਾਂ ਜੋ ਕਿਸੇ ਨਾਲ ਕੋਈ ਬੇਇਨਸਾਫੀ ਨਾ ਹੋਵੇ। ਲੇਕਿਨ ਜਦੋਂ ਪੰਜਾਬ ਦੀ ਵਾਰੀ ਆਈ ਤਾਂ ਪੰਜਾਬ ਨਾਲ ਵਿਤਕਰਾ ਕੀਤਾ ਗਿਆ। ਇਹ ਸੈਂਸਸ ਮੈਨੂਪਲੇਟਿਡ ਸੀ ਕਿਉਂਕਿ ਦੇਸ਼ ਦੇ ਇਤਿਹਾਸ ਵਿੱਚ 1951 ਅਤੇ 1961 ਦੇ ਸੈਂਸਸ ਦੋ ਇਹੋ ਜਿਹੇ ਸੈਂਸਸ ਹਨ ਜਿਸ ਬਾਰੇ ਖੁਲ੍ਹੀ ਧਾਰਨਾ ਹੈ ਕਿ ਇਹ ਮੈਨੀਪੁਲੇਟ ਕੀਤੇ ਗਏ।

ਮਾਨਯੋਗ ਡਿਪਟੀ ਸਪੀਕਰ: ਚੀਮਾ ਜੀ, ਬੈਠੋ। ਬਹੁਤ ਸਮਾਂ ਹੋ ਗਿਆ ਹੈ। ਕਾਲੀਆ ਜੀ।

ਡਾਕਟਰ ਦਲਜੀਤ ਸਿੰਘ ਚੀਮਾ : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਫਿਨਿਸ਼ ਕਰ ਰਿਹਾ ਹਾਂ।

ਮਾਨਯੋਗ ਡਿਪਟੀ ਸਪੀਕਰ: ਬਹੁਤ ਸਮਾਂ ਹੋ ਗਿਆ ਹੈ।

ਡਾਕਟਰ ਦਲਜੀਤ ਸਿੰਘ ਚੀਮਾ: ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਨੂੰ ਕਨਕਲੂਡ ਕਰਨ ਦਿਓ। ਭਾਸ਼ਣ ਦੇ ਮਤੇ ਦੇ ਹਾਲੇ ਤਿੰਨ ਘੰਟੇ ਪਏ ਹਨ। ਇਸ ਕਰਕੇ ਮੇਰੀ ਬੇਨਤੀ ਹੈ ਕਿ 1961 ਦਾ ਸੈਂਸਸ, ਜਿਸ ਬਾਰੇ ਓਪਨ ਰਾਏ ਸੀ ਕਿ ਇਹ ਇਕਤਰਫਾ ਸੀ, ਮੈਨੀਪਲੇਟਿਡ ਸੀ, ਉਸ ਨੂੰ ਆਧਾਰ ਮੰਨ ਲਿਆ ਗਿਆ ਅਤੇ ਇੱਥੋਂ ਤੱਕ ਕਿ ਇੱਕ ਜੱਜ ਐਸ ਦੱਤ ਨੇ ਡਾਈਸੈਟਿੰਗ ਨੋਟ ਆਪਣੀ ਉਸ ਜਜਮੈਂਟ ਦੇ ਵਿੱਚ ਦਿੱਤਾ ਕਿ ਜਦ ਅਸੀਂ ਕਿਸੇ ਸ਼ਹਿਰ ਨੂੰ ਟਰਾਂਸਫਰ ਕਰਨ ਦੀ ਗੱਲ ਕਰਨੀ ਹੈ ਤਾਂ ਜਿਹੜੀ ਮਾਈਗਰੇਟਰੀ ਪਾਪੂਲੇਸ਼ਨ ਹੈ, ਉਸ ਨੂੰ ਵਿੱਚ ਸ਼ਾਮਿਲ ਨਹੀਂ ਕਰਨਾ ਚਾਹੀਦਾ। ਸਾਡੇ ਕੋਲ ਹੋਰ ਵੀ ਸਬੂਤ ਹਨ ਕਿ ਜਿਹੜੀਆਂ ਬਾਕੀ ਸੈਂਸਸ ਦੀਆਂ ਰਿਪੋਰਟਾਂ ਹਨ, ਉਨ੍ਹਾਂ ਦੇ ਆਧਾਰ ਤੇ ਵੀ ਮੈਂ ਕਹਿ ਸਕਦਾ ਹਾਂ ਕਿ 1971 ਦੀ ਸੈਂਸਸ ਦੀ ਮਾਈਗਰੇਸ਼ਨ ਰਿਪੋਰਟ ਹੈ। ਮਾਨਯੋਗ ਡਿਪਟੀ ਸਪੀਕਰ ਸਾਹਿਬ, ਧਿਆਨ ਦੇਣ ਵਾਲੀ ਗੱਲ ਹੈ ਕਿ 1971 ਦੀ ਸੈਂਸਸ ਦੀ ਮਾਈਗਰੇਸ਼ਨ ਰਿਪੋਰਟ ਵਿੱਚ ਵੀ ਜ਼ਿਕਰ ਹੈ ਕਿ 1951 ਤੋਂ 1961 ਵਿੱਚ ਜਿਹੜੀ ਚੰਡੀਗੜ੍ਹ ਦੀ 1,20,000 ਪਾਪੂਲੇਸ਼ਨ ਸੀ ਅਤੇ ਜਦੋਂ ਇਥੋਂ ਦੇ ਪਰਿਵਾਰਾਂ ਨੂੰ ਪੁੱਛਿਆ ਗਿਆ ਕਿ ਤੁਹਾਡੇ ਵਿੱਚ ਹਰਿਆਣੇ ਵਿਚ ਕਿੰਨੇ ਆਏ ਹਨ, ਪੰਜਾਬ ਦੇ ਵਿਚੋਂ ਕਿੰਨੇ ਆਏ

ਹਨ ਤਾਂ 7,545 ਪਰਿਵਾਰਾਂ ਨੇ ਜਿਕਰ ਕੀਤਾ ਕਿ ਅਸੀਂ ਹਰਿਆਣੇ ਤੋਂ ਮਾਈਗਰੇਟ ਹੋ ਕੇ ਆਏ ਹਾਂ। ਬਾਕੀ ਉਸ ਵਲੋਂ 1961 ਵਿੱਚ ਕਲੀਅਰ ਕੱਟ ਹੈ ਕਿ ਚੰਡੀਗੜ੍ਹ ਪੰਜਾਬੀ ਸਪੀਕਿੰਗ ਸਿਟੀ ਸੀ। ਲੇਕਿਨ ਫਿਰ ਵੀ ਗੱਲ ਨੂੰ ਉਲਝਾਉਣ ਵਾਸਤੇ ਕਦੇ ਸ਼ਾਹ ਕਮਿਸ਼ਨ, ਕਦੇ ਮੈਥਿਊ ਕਮਿਸ਼ਨ, ਕਦੇ ਵੈਂਕਟਰਮੱਈਆ ਕਮਿਸ਼ਨ, ਕਦੇ ਡਿਸਾਈ ਕਮਿਸ਼ਨ ਬਣਾਇਆ ਗਿਆ ਅਤੇ ਅੱਜ ਤੱਕ ਸਾਡੇ ਨਾਲ ਲਗਾਤਾਰ ਫਰਾਡ ਕੀਤਾ ਜਾਂਦਾ ਰਿਹਾ ਹੈ। ਕਦੇ ਕਿਹਾ ਜਾਂਦਾ ਹੈ ਕਿ 29 ਜਨਵਰੀ, 1970 ਨੂੰ ਟਰਾਂਸਫਰ ਕਰ ਦੇਵਾਂਗੇ, ਕਦੇ ਕਿਹਾ ਜਾਂਦਾ ਹੈ ਕਿ 26 ਜਨਵਰੀ, 1986 ਨੂੰ ਕਰ ਦੇਵਾਂਗੇ। ਫਿਰ ਇਹ ਡੈੱਡਲਾਈਨ ਜੂਨ, 1986 ਕੀਤੀ ਗਈ, ਲੇਕਿਨ ਅੱਜ ਤੱਕ ਪੰਜਾਬ ਦੇ ਨਾਲ ਬੇਇਨਸਾਫ਼ੀ ਲਗਾਤਾਰ ਜਾਰੀ ਹੈ। ਮਾਨਯੋਗ ਡਿਪਟੀ ਸਪੀਕਰ ਸਾਹਿਬ, ਜਿਹੜੀ ਅੱਗੇ ਵੱਡੀ ਚਿੰਤਾ ਹੈ ਕਿ ਜਿਹੜਾ ਇਸ ਵੇਲੇ ਇਥੇ ਐਡਮਨਿਸਟ੍ਰੇਟਿਵ ਸੈੱਟਅਪ ਹੈ, ਕਿਸ ਵੇਲੇ ਚੰਡੀਗੜ੍ਹ ਦੀ ਜਿਹੜੀ ਐਡਮਿਨਿਸਟ੍ਰੇਸ਼ਨ ਹੈ, ਇਸ ਵਿੱਚ ਚੀਫ ਕਮਿਸ਼ਨਰ ਪੰਜਾਬ ਦਾ ਹੁੰਦਾ ਸੀ। ਉਸ ਤੋਂ ਬਾਅਦ ਜਦੋਂ ਮਿਲੀਟੈਂਸੀ ਦਾ ਦੌਰ ਆਇਆ ਤਾਂ ਗਵਰਨਰ, ਪੰਜਾਬ ਨੂੰ ਐਡਮਨਿਸਟ੍ਰੇਟਰ ਬਣਾ ਦਿੱਤਾ ਗਿਆ ਅਤੇ ਉਸ ਦੇ ਨਾਲ ਯੂ.ਟੀ. ਕੇਡਰ ਦਾ ਆਈ.ਏ.ਐਸ. ਅਫਸਰ ਐਡਵਾਈਜ਼ਰ ਲਗਾ ਦਿੱਤਾ ਗਿਆ। ਸਾਰੀਆਂ ਚੀਫ ਕਮਿਸ਼ਨਰ ਵਾਲੀਆਂ ਸ਼ਕਤੀਆਂ ਐਡਵਾਈਜ਼ਰ ਕੋਲ ਚਲੀਆਂ ਗਈਆਂ ਜਿਹੜਾ ਕਿ ਯੂ.ਟੀ. ਕੇਡਰ ਦਾ ਹੈ। ਪਹਿਲਾਂ ਪੰਜਾਬ ਦਾ ਐਸ.ਐਸ.ਪੀ. ਹੁੰਦਾ ਸੀ ਫਿਰ ਉਸ ਦੀ ਪਾਵਰ ਡਲਿਊਟ ਕਰਨ ਵਾਸਤੇ ਆਈ.ਜੀ. ਦੀ ਪਸਟ ਕਰੀਏਟ ਕਰਕੇ ਉਸ ਦੇ ਉਤੇ ਲਗਾ ਦਿੱਤਾ ਗਿਆ। ਦੋ ਪੋਸਟਾਂ ਐਸ.ਐਸ.ਪੀ. ਦੀਆਂ, ਇੱਕ ਐਸ.ਐਸ.ਪੀ. ਵਿਜੀਲੈਂਸ ਅਤੇ ਇੱਕ ਓਪਰੇਸ਼ਨ ਯੂ.ਟੀ. ਕੇਡਰ ਦੇ ਅਤੇ ਐਸ.ਐਸ.ਪੀ., ਟਰੈਫਿਕ ਹਰਿਆਣਾ ਕੇਡਰ ਦਾ ਲਗਾ ਦਿੱਤਾ ਗਿਆ ਤਾਂ ਕਿ ਸਾਡੇ ਪੰਜਾਬ ਦੀ ਸੇਏ ਖਤਮ ਹੋ ਜਾਵੇ। ਪਹਿਲਾਂ ਡਿਪਟੀ ਕਮਿਸ਼ਨਰ ਹਰਿਆਣੇ ਦਾ ਹੁੰਦਾ ਸੀ ਅਤੇ ਏ.ਡੀ.ਸੀ. ਪੰਜਾਬ ਦਾ ਹੁੰਦਾ ਸੀ। ਹੁਣ ਏ.ਡੀ.ਸੀ. ਪੰਜਾਬ ਦੀ ਥਾਂ ਏ.ਡੀ.ਸੀ. ਯੂ.ਟੀ. ਦਾ ਲਗਾ ਦਿੱਤਾ ਗਿਆ। ਪਿੱਛੇ ਜਿਹੜੀ ਕੰਡਕਟਰਾਂ ਦੀ ਭਰਤੀ ਹਈ, ਚੰਗਾ ਹੋ ਗਿਆ, ਮਾਨਯੋਗ ਡਿਪਟੀ ਸਪੀਕਰ ਸਾਹਿਬ, ਉਹ ਕੈਂਸਲ ਹੋ ਗਈ। ਨਹੀਂ ਤਾਂ 90% ਜਿਹੜੀ ਭਰਤੀ ਸੀ, ਉਹ ਦੂਜੇ ਸੂਬੇ ਦੀ ਸੀ। ਪੰਜਾਬ ਦੇ 10% ਬੱਚੇ ਵੀ ਉਸ ਵਿੱਚ ਨਹੀਂ ਰੱਖੇ ਗਏ ਸੀ। ਇੰਨਾ ਵੱਡਾ ਫਰਾਡ ਪੰਜਾਬ ਦੇ ਨਾਲ ਕੀਤਾ ਗਿਆ ਅਤੇ ਮੈਨੂੰ ਖੁਸ਼ੀ ਹੈ ਕਿ ਮਾਨਯੋਗ ਰਾਜਪਾਲ ਜੀ ਨੇ ਇਸ ਵਿਸ਼ੇ ਉਤੇ ਵੀ ਬੜੇ ਚੰਗੇ ਵਿਚਾਰ ਰੱਖੇ ਹਨ। ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ। ਜਿਹੜੀ ਸੂਬਿਆਂ ਦੀ ਵੱਡੀ ਚਿੰਤਾ ਹੈ ਕਿ ਜਿਹੜਾ ਸਾਡੇ

[ਡਾਕਟਰ ਦਲਜੀਤ ਸਿੰਘ ਚੀਮਾ

ਦੇਸ਼ ਦਾ ਫੈਡਰਲ ਸਟਰੱਕਚਰ ਹੈ, ਉਸ ਦੇ ਬਾਰੇ ਮਾਨਯੋਗ ਰਾਜਪਾਲ ਜੀ ਨੇ ਬਹੁਤ ਅੱਛੇ ਤਰੀਕੇ ਨਾਲ ਜਿਕਰ ਕੀਤਾ ਹੈ। ਉਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਸਾਰੇ ਹੀ ਇਸ ਗੱਲ ਨੂੰ ਮੰਨਦੇ ਹਨ ਕਿ ਜੇਕਰ ਸੂਬੇ ਮਜਬੂਤ ਹੋਣਗੇ ਤਾਂ ਹੀ ਸਾਡਾ ਦੇਸ਼ ਮਜਬੂਤ ਹੋਏਗਾ ਜਿਹੜੇ ਸਾਡੇ ਸੰਵਿਧਾਨ ਦੇ ਨਿਰਮਾਤਾ ਹਨ, ਉਨ੍ਹਾਂ ਨੇ ਜਦੋਂ ਸੰਵਿਧਾਨ ਬਣਾਇਆ ਤਾਂ ਕਲੀਅਰ ਕੱਟ ਡਿਮਾਰਕੇਸ਼ਨ ਕੀਤੀ ਸੀ ਕਿ ਇਸ ਵਿੱਚ ਕਿਹੜੇ ਕੰਮ ਸੂਬੇ ਕਰਨਗੇ ਅਤੇ ਕਿਹੜੇ ਕੰਮ ਕੇਂਦਰ ਕਰੇਗਾ ਅਤੇ ਕਿਹੜੇ ਕੰਮ ਕਨਕਰੰਟ ਲਿਸਟ ਵਿੱਚ ਰਹਿਣਗੇ ਲੇਕਿਨ ਅੱਜ ਹਾਲਾਤ ਇਹ ਬਣ ਗਏ ਹਨ ਕਿ ਚਾਹੇ ਉਹ ਡੈਵਲਿਊਸ਼ਨ ਆਫ ਟੈਕਸਿਜ਼ ਦਾ ਮਸਲਾ ਹੈ ਕਿ 68% ਟੈਕਸ ਕੇਂਦਰ ਸਰਕਾਰ ਨੂੰ ਚਲੇ ਜਾਂਦੇ ਹਨ ਅਤੇ ਉਸ ਵਿਚ 32% ਵਾਪਸ ਸੂਬਿਆਂ ਕੋਲ ਰਹਿੰਦੇ ਹਨ। ਇਸੇ ਤਰ੍ਹਾਂ ਪਹਿਲਾਂ ਫਾਇਨਾਂਸ ਕਮਿਸ਼ਨ ਆਟੋਨੋਮਸ ਬਾਡੀ ਸੀ। ਹੁਣ ਪਲੈਨਿੰਗ ਕਮਿਸ਼ਨ ਬਣਾ ਕੇ ਮਨਮਰਜ਼ੀ ਦਾ ਕੰਮ ਸੂਬਿਆਂ ਦੇ ਵਿਰੋਧ ਉਸ ਤੋਂ ਕਰਵਾਇਆ ਜਾਂਦਾ ਹੈ ਹੌਲੀ ਹੌਲੀ ਹੁਣ ਐਜੂਕੇਸ਼ਨ ਦੇ ਖੇਤਰ ਵਿੱਚ ਸਟੇਟ ਲਿਸਟ ਵਿਚ ਕੱਢ ਕੇ ਕਨਕਰੰਟ ਲਿਸਟ ਵਿੱਚ ਪਾਇਆ ਗਿਆ। ਹੁਣ ਹੌਲੀ ਹੌਲੀ ਇਸ ਨੂੰ ਹੋਰ ਉੱਪਰ ਲਿਜਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਇਥੋਂ ਤੱਕ ਕਿ ਜਿਹੜਾ ਲਾਅ ਐਂਡ ਆਰਡਰ ਸਟੇਟ ਸਬਜੈਕਟ ਹੈ, ਐਨ ਸੀ ਟੀ ਸੀ ਵਰਗੀਆਂ ਚੀਜਾਂ ਬਣਾ ਕੇ ਉਸ ਦੇ ਉੱਤੇ ਵੀ ਦਖਲ ਅੰਦਾਜ਼ੀ ਕੀਤੀ ਜਾ ਰਹੀ ਹੈ ਖਾਸ ਤੌਰ ਤੇ ਜਿਹੜਾ ਰਾਈਟ ਟੂ ਸਰਵਿਸ ਐਕਟ ਨਵਾਂ ਲਿਆਉਣ ਦੀਆਂ ਗੱਲਾਂ ਹੋ ਰਹੀਆਂ ਹਨ ਉਸ ਵਿੱਚ ਵੀ ਬਹੁਤ ਸਾਰੇ ਸੂਬਿਆਂ ਦੇ ਜਿਹੜੇ ਹਿੱਤ ਹਨ, ਉਹ ਮਾਰੇ ਜਾਣ ਦੀ ਸੰਭਾਵਨਾ ਹੈ ਇਸ ਕਰਕੇ ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਸ ਸਿਸਟਮ ਨੂੰ ਆਪਣੀਆਂ ਸ਼ਕਤੀਆਂ ਦਾ ਜਿਹੜਾ ਖੋਰਾ ਲੱਗ ਰਿਹਾ ਹੈ ਇਸ ਦੀ ਚਿੰਤਾ ਜਰੂਰ ਹੋਣੀ ਚਾਹੀਦੀ ਹੈ ਯੂ.ਪੀ.ਐਸ.ਸੀ. ਨੇ ਪਿਛੇ ਜਿਹੜੇ ਆਈ ਏ ਐਸ ਤੇ ਆਈ ਪੀ ਐਸ ਦੇ ਕੈਂਡੀਡੇਟ ਸਿਲੈਕਟ ਕਰਨੇ ਸਨ, ਇਨ੍ਹਾਂ ਵਾਸਤੇ ਜਿਹੜੀ ਨਵੀਂ ਪਾਲਿਸੀ ਬਣਾਈ ਹੈ ਉਸ ਦੇ ਵਾਸਤੇ ਰੀਜ਼ਨਲ ਲੈਂਗੂਏਜ਼, ਜਿਹੜੀਆਂ ਸਾਡੀਆਂ ਖੇਤਰੀ ਭਾਸ਼ਾਵਾਂ ਹਨ ਉਨ੍ਹਾਂ ਨੂੰ ਬਹੁਤ ਵੱਡੀ ਸੱਟ ਵੱਜੀ ਹੈ ਪਿੱਛੋਂ ਕਾਫੀ ਬੱਚੇ ਜਿਨ੍ਹਾਂ ਨੇ ਪੰਜਾਬੀ ਮੀਡੀਅਮ ਰੱਖਿਆ ਸੀ ਉਹ ਬੱਚੇ ਸਿਲੈਕਟ ਹੋ ਗਏ ਜਿਨ੍ਹਾਂ ਨੇ ਪੰਜਾਬੀ ਦਾ ਸਬਜੈਕਟ ਲਿਆ ਸੀ ਪਰ ਅੱਜ ਕੰਡੀਸ਼ਨਾਂ ਲਗਾ ਕੇ ਜਿਹੜੀਆਂ ਖੇਤਰੀ ਭਾਸ਼ਾਵਾਂ ਹਨ ਉਨ੍ਹਾਂ ਨੂੰ ਜਿਹੜੀ ਸਾਡੇ ਦੇਸ਼ ਦੀ ਹਾਈਐਸਟ ਸਰਵਿਸ ਹੈ ਉਸ ਦੇ ਵਿਚੋਂ ਬਾਹਰ ਰੱਖਣ ਦੀਆਂ ਸਾਜ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਅੱਜ ਕੰਡੀਸ਼ਨ ਲਗਾਈ ਜਾ

ਰਹੀ ਹੈ ਕਿ ਜੇਕਰ 25 ਤੋਂ ਘੱਟ ਸਟੂਡੈਂਟ ਹੋਣਗੇ ਤਾਂ ਉਹ ਵਿਸ਼ਾ ਨਹੀਂ ਦਿੱਤਾ ਜਾਵੇਗਾ ਅਜ ਇਹ ਕੰਡੀਸਨ ਲਗਾਈ ਜਾ ਰਹੀ ਹੈ ਕਿ ਭਾਸਾ ਗਰੈਜੂਏਸਨ ਲੈਵਲ ਤੱਕ ਪੜ੍ਹੀ ਹਈ ਹੋਣੀ ਚਾਹੀਦੀ ਹੈ, ਜਿਸ ਦੀ ਮਾਨਯੋਗ ਡਿਪਟੀ ਸਪੀਕਰ ਸਾਹਿਬ, ਕੋਈ ਤਰਕ ਨਹੀਂ ਬਣਦਾ ਜਿਸ ਬੱਚੇ ਨੇ ਅਪੀਅਰ ਹੋਣਾ ਹੈ ਉਸ ਨੇ ਐਗਜਾਮ ਦੇਣਾ ਹੈ। ਜੇ ਉਹ ਸਮਰਥ ਹੋਵੇਗਾ, ਪੇਪਰ ਬਰਡ ਨੇ ਸੈਟ ਕਰਨਾ ਹੈ ਲੇਕਿਨ ਐਗਜਾਮ ਬੱਚੇ ਨੇ ਕਲੀਅਰ ਕਰਨਾ ਹੈ ਇਹ ਉਸ ਦੀ ਡਿਊਟੀ ਬਣਦੀ ਹੈ ਕਿ ਉਹ ਲੈਵਲ ਤੱਕ ਆਪਣੇ ਆਪ ਨੂੰ ਪ੍ਰੀਪੇਅਰ ਕਰੇ ਤਾਂ ਜਾ ਕੇ ਉਹ ਟੈਸਟ ਪਾਸ ਹੋ ਸਕਦਾ ਹੈ ਪਰ ਮੈਂ ਇਹ ਸਮਝਦਾ ਹਾਂ ਕਿ ਇਹ ਖੇਤਰੀ ਭਾਸ਼ਾਵਾਂ ਔਰ ਜਿਹੜੀ ਕੰਡੀਸ਼ਨ ਵੀ ਲਗਾਈ ਹੈ ਕਿ ਬੱਚੇ ਨੇ ਜਿਹੜੀ ਬਾਕੀ ਐਜੂਕੇਸਨ ਲਈ ਹੋਈ ਹੈ ਉਹ ਉਸ ਮੀਡੀਅਮ ਦੇ ਵਿਚ ਹੋਣੀ ਚਾਹੀਦੀ ਹੈ, ਇਸ ਦਾ ਮਤਲਬ ਹੈ ਕਿ ਜੇਕਰ ਇੰਗਲਿਸ ਮੀਡੀਅਮ ਦਾ ਸਾਡਾ ਬੱਚਾ ਕੱਲ੍ਹ ਨੂੰ ਪੰਜਾਬੀ ਦਾ ਇਲੈਕਟਿਵ ਸਬਜੈਕਟ ਲੈਣਾ ਚਾਹੁੰਦਾ ਹੈ ਤਾਂ ਉਸ ਵਾਸਤੇ ਸਾਰੀ ਉਮਰ ਵਾਸਤੇ ਇਹ ਬਾਰ ਹੋ ਜਾਵੇਗੀ ਕਿ ਉਹ ਆਪਣੀ ਮਾਂ ਭਾਸਾ ਜਿਹੜੀ ਹੈ, ਆਪਣਾ ਜਿਹੜਾ ਲਿਟਰੇਚਰ ਹੈ, ਉਸ ਨਾਲ ਨਹੀਂ ਜੁੜ ਸਕਦਾ ਮੈਂ ਸਮਝਦਾ ਹਾਂ ਕਿ ਇਹ ਸੂਬਿਆਂ ਦੇ ਨਾਲ ਸਰਾਸਰ ਬਹੁਤ ਵੱਡਾ ਧੋਖਾ ਹੋ ਰਿਹਾ ਹੈ ਔਰ ਇਸ ਸਦਨ ਵਿਚ ਇਸ ਗੱਲ ਵਾਸਤੇ ਆਵਾਜ਼ ਉਠਾਈ ਜਾਣੀ ਚਾਹੀਦੀ ਹੈ ਕਿ ਇਹ ਜਿਹੜੀਆਂ ਚੀਜਾਂ ਹਨ ਇਹ ਧੱਕੇ ਬੰਦ ਹੋਣ

ਮਾਨਯੋਗ ਡਿਪਟੀ ਸਪੀਕਰ ਸਾਹਿਬ, ਖਾਸ ਕਰਕੇ ਇਕ ਬਹੁਤ ਹੀ ਨਾਜ਼ੁਕ ਮਸਲਾ ਜਿਸ ਦਾ ਜ਼ਿਕਰ ਸਾਡੇ ਰਾਜਪਾਲ ਜੀ ਨੇ ਕੀਤਾ ਕਿ 1984 ਦਾ ਕਤਲੇਆਮ ਇਸ ਦੇਸ਼ ਦੇ ਇਤਿਹਾਸ ਦੇ ਉਤੇ ਬਹੁਤ ਵੱਡਾ ਕਲੰਕ ਹੈ, ਅੱਜ 25 ਸਾਲ ਉਸ ਕਾਂਡ ਨੂੰ ਵਾਪਰੇ ਨੂੰ ਹੋ ਗਏ ਹਨ, ਸਾਨੂੰ ਅਫਸੋਸ ਹੈ ਕਿ ਅੱਜ ਤੱਕ ਇਕ ਵੀ ਬੰਦੇ ਨੂੰ ਜਿਸ ਤਰੀਕੇ ਦੇ ਨਾਲ ਸਜਾ ਮਿਲਣੀ ਚਾਹੀਦੀ ਸੀ ਉਹ ਨਹੀਂ ਮਿਲੀ ਔਰ ਕਿਸ਼ੋਰੀ ਲਾਲ ਵਰਗੇ ਜਿਨ੍ਹਾਂ ਨੇ ਅੱਠ ਅੱਠ ਕਤਲ ਕੀਤੇ ਸੀ, ਜਿਨ੍ਹਾਂ ਨੂੰ ਸੁਪਰੀਮ ਕੋਰਟ ਨੇ ਪਹਿਲਾਂ ਤਿੰਨ ਫਾਸੀਆਂ ਦੀ ਤੇ ਚਾਰ ਉਮਰ ਕੈਦ ਦੀ ਸਜ਼ਾ ਦਿੱਤੀ ਸੀ, ਜਿਹੜੀ ਕਿ ਬਾਅਦ ਵਿਚ ਸਾਰੀਆਂ ਉਮਰ ਕੈਦਾਂ ਦੇ ਵਿਚ ਤਬਦੀਲ ਹੋ ਗਈਆਂ ਸਨ ਅੱਜ ਦਿੱਲੀ ਦੀ ਜਿਹੜੀ ਕਾਂਗਰਸ ਦੀ ਸਰਕਾਰ ਹੈ ਉਥੋਂ ਦੀ ਮੁੱਖ ਮੰਤਰੀ ਇਹ ਜਿਹੇ ਦਰਿੰਦਿਆਂ ਨੂੰ ਵੀ ਸਜ਼ਾ ਵਿੱਚ ਮੁਆਫੀ ਦੇਣ ਵਾਸਤੇ ਸਿਫਾਰਸ਼ਾਂ ਕਰ ਰਹੀ ਹੈ ਜਿਹੜਾ ਪੁਰਾਣਾ ਇਤਿਹਾਸ ਹੈ ਅੱਜ ਤੱਕ ਜਿੰਨੇ ਵੀ ਕਮਿਸ਼ਨ, ਦਸ ਕਮਿਸ਼ਨ ਤੇ ਕਮੇਟੀਆਂ ਇਸ ਕਤਲੇਆਮ ਦੀ ਜਾਂਚ ਵਾਸਤੇ ਮਾਨਯੋਗ ਡਿਪਟੀ ਸਪੀਕਰ ਸਾਹਿਬ ਬਣੀਆਂ ਹਨ ਔਰ ਇਕੱਲੇ ਦਿੱਲੀ ਦੇ ਵਿਚ 7000 ਤੋਂ ਵੱਧ ਨਿਰਦੋਸ਼ ਲੋਕਾਂ ਦਾ

(ਡਾਕਟਰ ਦਲਜੀਤ ਸਿੰਘ ਚੀਮਾ)

ਕਤਲੇਆਮ ਹੋਇਆ ਹੈ। ਅੱਜ ਹਰ ਚੀਜ਼ ਸਾਬਤ ਹੋ ਚੁੱਕੀ ਹੈ ਕਿ ਇਹ ਜਿਹੜਾ ਕਤਲੇਆਮ ਹੈ, ਇਹ ਪਲਾਨ ਤਰੀਕੇ ਦੇ ਨਾਲ ਕਰਵਾਇਆ ਗਿਆ ਹੈ ਕਿਉਂਕਿ 1 ਤਾਰੀਖ ਨੂੰ ਸਵੇਰ ਨੂੰ ਪ੍ਰਧਾਨ ਮੰਤਰੀ ਦਾ ਮਰਡਰ ਹੁੰਦਾ ਹੈ, ਉਹ ਦਿਨ ਬਿਲਕੁਲ ਸ਼ਾਂਤੀ ਦੇ ਨਾਲ ਨਿਕਲ ਜਾਂਦਾ ਹੈ, ਰਾਤ ਸ਼ਾਂਤੀ ਦੇ ਨਾਲ ਨਿਕਲ ਜਾਂਦੀ ਹੈ, ਜੇ ਦੰਗੇ ਭੜਕਣੇ ਸਨ ਤਾਂ ਇਹ ਜਿਹੜਾ ਸਮਾਂ ਹੈ ਇਹ ਸਭ ਤੋਂ ਨਾਜ਼ੁਕ ਸੀ ਲੇਕਿਨ ਦੰਗੇ ਕਦੋਂ ਭੜਕੇ ਜਦੋਂ 2 ਤਾਰੀਖ ਨੂੰ ਸਰਕਾਰੀ ਮੀਡੀਏ ਉੱਤੇ 'ਖੂਨ ਕਾ ਬਦਲਾ ਖੂਨ' ਦੇ ਜਿਹੜੇ ਨਾਅਰੇ ਹਨ ਉਹ ਲੱਗਣ ਲੱਗ ਗਏ। ਜਦੋਂ ਪ੍ਰਧਾਨ ਮੰਤਰੀ ਦੇ ਬਿਆਨ ਆਉਣ ਲੱਗ ਗਏ ਕਿ 'ਜਬ ਬੜਾ ਦਰਖਤ ਗਿਰਤਾ ਹੈ ਤੋ ਧਰਤੀ ਕਾਂਪਤੀ ਹੈ।' ਉਸ ਤੋਂ ਬਾਅਦ ਫਿਰ ਭੀੜਾਂ ਇਕੱਠੀਆਂ ਕਰਨੀਆਂ ਸ਼ੁਰੂ ਹੋਈਆਂ, ਡੀ.ਟੀ.ਸੀ. ਦੀਆਂ ਬੱਸਾਂ ਉਨ੍ਹਾਂ ਭੀੜਾਂ ਨੂੰ ਜਾਣ ਵਾਸਤੇ ਦਿੱਤੀਆਂ ਗਈਆਂ। ਇਹ ਚੀਜ਼ਾਂ ਅੱਜ ਕਮਿਸ਼ਨ ਦੀਆਂ ਰਿਪੋਰਟਾਂ ਵਿਚ ਸਾਬਤ ਹੋ ਚੁੱਕੀਆਂ ਹਨ ਕਿ ਜਿੰਨੇ ਵੀ ਲੋਕ ਕਤਲੇਆਮ ਕਰਨ ਵਾਲੇ ਕਾਤਲ ਸਨ ਉਨ੍ਹਾਂ ਕੋਲ ਇਕੋ ਤਰ੍ਹਾਂ ਦਾ ਜਲਣਸ਼ੀਲ ਪਾਊਡਰ ਸੀ। ਉਹ ਉਨ੍ਹਾਂ ਨੂੰ ਕਿਸ ਨੇ ਦਿੱਤਾ, ਇਸ ਦੀ ਕਹਾਣੀ ਹੁਣ ਕਮਿਸ਼ਨ ਦੀਆਂ ਰਿਪੋਰਟਾਂ ਦੇ ਵਿਚ ਆ ਚੁੱਕੀ ਹੈ। ਉਨ੍ਹਾਂ ਸਾਰਿਆਂ ਦੇ ਕੋਲ ਟਾਇਰ ਸਨ। ਉਨ੍ਹਾਂ ਨੂੰ ਇਹ ਜਿਹੀਆਂ ਚੀਜ਼ਾਂ ਕਿਸ ਨੇ ਦਿੱਤੀਆਂ? ਇਹ ਸਾਰਾ ਕੁਝ ਹੁਣ ਕਮਿਸ਼ਨ ਦੀਆਂ ਰਿਪੋਰਟਾਂ ਵਿਚ ਆ ਚੁੱਕਿਆ ਹੈ। ਕਿਹੜੇ ਕਿਹੜੇ ਕਾਂਗਰਸ ਦੇ ਲੀਡਰ ਨੇ ਭੀੜਾਂ ਦੀ ਅਗਵਾਈ ਕੀਤੀ, ਇਹ ਨਾਨਾਵਤੀ ਕਮਿਸ਼ਨ ਦੇ ਵਿਚ ਉਨ੍ਹਾਂ ਦੇ ਨਾਂ ਛਪ ਚੁੱਕੇ ਹਨ। ਇਥੋਂ ਤਕ ਵੀ ਹੋਇਆ ਜਿਹੜੇ ਇੰਡੀਪੈਂਡੈਂਟ ਕਮਿਸ਼ਨ ਬਣੇ, ਵੱਖ ਵੱਖ ਧਰਮਾਂ ਦੇ ਕਮਿਸ਼ਨਾਂ ਨੇ ਰਿਪੋਰਟ ਦਿੱਤੀ, ਇਹ ਗੱਲ ਉਨ੍ਹਾਂ ਨੇ ਸਾਬਤ ਕੀਤੀ ਕਿ ਪਹਿਲਾਂ ਸਿੱਖਾਂ ਦੇ ਘਰਾਂ ਦੀ ਸ਼ਨਾਖ਼ਤ ਕੀਤੀ ਗਈ। ਉਨ੍ਹਾਂ ਕੋਲ ਵੋਟਰ ਲਿਸਟਾਂ ਸਨ। ਉਹ ਵੋਟਰ ਲਿਸਟਾਂ ਉਨ੍ਹਾਂ ਨੂੰ ਕਿਨ੍ਹਾਂ ਨੇ ਦਿੱਤੀਆਂ, ਉਹ ਰਾਸ਼ਨ ਕਾਰਡ ਉਨ੍ਹਾਂ ਨੂੰ ਕਿਨ੍ਹਾਂ ਨੇ ਦਿੱਤੇ, ਜਿਨ੍ਹਾਂ ਨੇ ਉਨ੍ਹਾਂ ਘਰਾਂ ਦੀ ਸ਼ਨਾਖ਼ਤ ਕਰਵਾਈ। ਇਹ ਵੀ ਰਿਪੋਰਟਾਂ ਦੇ ਛਪ ਚੁੱਕੀਆਂ ਹਨ ਕਿ ਜੇ ਕਿਤੇ ਪਤਾ ਲੱਗਿਆ ਕਿ ਸਿੱਖਾਂ ਨੇ ਇੱਕਠੇ ਹੋ ਕੇ ਮੁਕਾਬਲਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਪਹਿਲਾਂ ਪੁਲਿਸ ਆਈ, ਉਨ੍ਹਾਂ ਦੇ ਹਥਿਆਰ ਲੈ ਗਈ। ਫੇਰ ਪੁਲਿਸ ਆਈ ਅਤੇ ਉਨ੍ਹਾਂ ਦੇ ਕੁਝ ਬੰਦੇ ਫੜ ਕੇ ਲੈ ਗਈ। ਉਸ ਤੋਂ ਬਾਅਦ ਭੀੜ ਆਈ ਅਤੇ ਤ੍ਰਿਲੋਕਪੁਰੀ ਵਰਗੇ ਇਕੱਲੇ ਇਕੱਲੇ ਇਲਾਕੇ ਵਿਚ 1,52 ਕਤਲ ਹੋਏ। ਪੁਲਿਸ ਉਸ ਤੋਂ ਪਹਿਲਾਂ ਆ ਕੇ ਲੋਕਾਂ ਦੇ ਹਥਿਆਰ ਲੈ ਗਈ। ਜੇ ਗੁਰਦੁਆਰੇ ਵਿੱਚ ਲੋਕ ਇਕੱਠੇ ਹੋਏ ਸੀ ਤਾਂ ਉਨ੍ਹਾਂ ਨੂੰ ਵੱਖਰੇ ਵੱਖਰੇ

ਕਰਕੇ ਗੁਮਰਾਹ ਕਰਕੇ ਘਰਾਂ ਨੂੰ ਭੇਜਿਆ ਗਿਆ। ਫੇਰ ਭੀੜ ਆਈ ਅਤੇ ਇਕੱਲੇ ਇਕੱਲੇ ਨੂੰ ਕੱਢ ਕੇ ਮਾਰਿਆ ਗਿਆ। ਮੇਰੇ ਕੋਲ ਇੱਕ ਨਹੀਂ, ਅਨੇਕਾਂ ਰਿਪੋਰਟਾਂ ਹਨ। ਮਾਨਯੋਗ ਜਸਟਿਸ ਐਸ ਐਮ ਸੀਕਰੀ ਸਾਹਿਬ, ਜਿਹੜੇ ਕਤਲਆਮ ਤੋਂ ਬਾਅਦ ਆਪਣੇ ਸਾਥੀਆਂ ਨਾਲ ਦਿੱਲੀ ਦੀਆਂ ਸੜਕਾਂ ਤੇ ਨਿਕਲੇ ਉਨ੍ਹਾਂ ਨੇ ਆਪਣੀ ਰਿਪੋਰਟ, ਸਿਟੀਜਨ ਕਮਿਸ਼ਨ ਦੇ ਪੰਨਾ 2 ਤੇ ਜੋ ਲਿਖਿਆ ਹੈ ਮੈਂ ਉਹ ਕੋਟ ਕਰਦਾ ਹਾਂ "Indications were frequently given to us of isolated acts which in the context of happenings after 31 October appear to have been part of a pre planned campaign to teach the Sikhs a lesson" ਇਹ ਮਾਨਯੋਗ ਸੁਪਰੀਮ ਕੋਰਟ ਰਿਟਾਇਰਡ ਚੀਫ ਜਸਟਿਸ ਦੀ ਰਿਪੋਰਟ ਹੈ। ਉਨ੍ਹਾਂ ਨੇ ਇਮੀਜੀਏਟਲੀ ਕਤਲੇਆਮ ਤੋਂ ਬਾਅਦ ਦਿੱਲੀ ਦੀਆਂ ਸੜਕਾਂ ਤੇ ਜਾ ਕੇ ਦੇਖਿਆ ਕਿ ਇਹ ਇਕ ਪਲਾਨਡ ਸਾਜਿਸ਼ ਉਨ੍ਹਾਂ ਨੂੰ ਸਬਕ ਸਿਖਾਉਣ ਦੀ ਸੀ ਉਨ੍ਹਾ ਨੇ ਅੱਗੇ ਲਿਖਿਆ ਹੈ ਕਿ Individuals from several areas appearing before us frequently stated that Sikh houses had been marked out in advance in their areas ਘਰਾਂ ਦੀ ਪਹਿਚਾਣ ਕੀਤੀ ਗਈ On occasion we are told of persons claiming to be policemen going from door to door in certain areas ascertaining possession of firearms ਪੁਲਿਸ ਵਾਲੇ ਪੁੱਛ ਰਹੇ ਸੀ ਕਿ ਕਿਸੇ ਕੋਲ ਹਥਿਆਰ ਤਾਂ ਨਹੀਂ ਜੇ ਹਥਿਆਰ ਹੁੰਦਾ ਤਾਂ ਉਸ ਨੂੰ ਜਮ੍ਹਾਂ ਕਰਵਾ ਲੈਂਦੇ। Others collected information connecting the ownership of property ਨਾਲ ਦੀ ਨਾਲ ਪੁਲਿਸ ਵਾਲੇ ਇਹ ਪਤਾ ਕਰਦੇ ਸੀ ਕਿ ਇਸ ਪ੍ਰਾਪਰਟੀ ਦਾ ਮਾਲਕ ਕੌਣ ਹੈ ਤਾਂ ਜੋ ਦੱਸਿਆ ਜਾ ਸਕੇ ਕਿ ਕਿਹੜੀ ਪ੍ਰਾਪਰਟੀ ਤੇ ਅਟੈਕ ਕਰਨਾ ਹੈ ਤੇ ਕਿਹੜੀ ਤੇ ਨਹੀਂ ਸ਼੍ਰੀ ਰਜਨੀ ਕੋਠਾਰੀ ਗੋਵਿੰਦਾਮੁਕੰਦ ਦੀ ਕਿਤਾਬ Who are the guilty, ਇਹ ਦੋਸ਼ੀ ਕੌਣ ਹਨ, ਇਸ ਬਾਰੇ ਇਮੀਜੀਏਟਲੀ ਕਿਤਾਬ ਉਦੋਂ ਛਾਪੀ ਸੀ, ਇਸ ਵਿਚ ਉਨ੍ਹਾ ਨੇ ਜੋ ਜ਼ਿਕਰ ਕੀਤਾ ਹੈ, ਮੈਂ ਉਹ ਕੋਟ ਕਰਦਾ ਹਾਂ In many localities, Sikhs homes and shops had been marked out earlier" ਇਥੇ ਵੀ ਉਹੀ ਗੱਲ ਹੈ ਕਿ ਘਰਾਂ ਦੀ ਪਹਿਚਾਣ ਕੀਤੀ ਗਈ Sikh vehicles were noted ਗੱਡੀਆਂ ਦੀ ਪਹਿਚਾਣ ਕੀਤੀ ਗਈ। Looters and murderers knew exactly where to go, ਕਤਲ ਕਰਨ ਵਾਲੇ ਕਾਤਲਾਂ ਨੂੰ ਪਤਾ ਸੀ ਕਿ ਜਾਣਾ ਕਿਥੇ ਹੈ or they were guided by those

[ਡਾਕਟਰ ਦਲਜੀਤ ਸਿੰਘ ਚੀਮਾ]

armed with lists of voters and ration card ਜਿਹੜੇ ਉਨ੍ਹਾਂ ਨੂੰ ਗਾਈਡ ਕਰ ਰਹੇ ਸੀ ਉਨ੍ਹਾਂ ਕੋਲ ਰਾਸ਼ਨ ਕਾਰਡ ਅਤੇ ਵੋਟਰ ਸੂਚੀਆਂ ਸਨ। That weapons and inflammatory materials had been stored in preparation, with transport ready by road and train for mobs all over city and suburbs ਇਹ ਜਿਹੜੀਆਂ ਰਿਪੋਰਟਾਂ ਹਨ, ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਹ ਬਹੁਤ ਹੀ ਖੂਨ ਖੌਲਣ ਵਾਲੀਆਂ ਰਿਪੋਰਟਾਂ ਹਨ ਖਾਸ ਤੌਰ ਤੇ ਜਿਹੜੀ ਕਾਂਗਰਸ ਪਾਰਟੀ ਅੱਜ ਤੱਕ ਨਹੀਂ ਮੰਨਦੀ ਕਿ ਇਸ ਨੇ ਕਤਲੇਆਮ ਕਰਵਾਇਆ ਹੈ ਨਾਨਾਵਤੀ ਕਮਿਸ਼ਨ ਦੀ ਜਿਹੜੀ ਰਿਪੋਰਟ ਦੇ ਪੇਜ 45 ਤੇ ਧਰਮਦਾਸ ਸ਼ਾਸਤਰੀ ਬਾਰੇ ਲਿਖਿਆ ਹੈ There is further evidence suggesting that Sh. Dharam Das Shastri was actively involved in the riots in this area ਖੁੱਲ੍ਹਮਖੁੱਲ੍ਹਾ ਸਬੂਤ ਸਨ ਕਿ ਉਹ ਐਕਟਿਵਲੀ ਇਨਵਾਲਵਡ ਸੀ ਪੇਜ 162 ਤੇ ਲਿਖਿਆ ਹੈ The Commission therefore recommends to the government to examine only those cases where the witnesses have accused Sh. Sajjan Kumar specifically ਇਹ ਸੱਜਣ ਕੁਮਾਰ ਦੂਜਾ ਮੁੱਖ ਦੋਸ਼ੀ ਹੈ ਪੇਜ 53 ਤੇ ਲਿਖਿਆ ਹੈ- Relying upon all this material, the Commission considers it safe to record a finding that there is credible evidence against Sh. Jagdish Tytler

ਸੱਜਣ ਕੁਮਾਰ ਕੌਣ ਸੀ ਜਗਦੀਸ਼ ਟਾਈਟਲਰ ਕੌਣ ਸੀ? ਧਰਮ ਦਾਸ ਸ਼ਾਸਤਰੀ ਕੌਣ ਸੀ? ਇਹ ਸੁਪਰੀਮ ਕੋਰਟ ਦੇ ਜਿਹੜੇ ਜੱਜ, ਜਿਹੜਾ ਕਮਿਸ਼ਨ ਬੈਠਿਆ ਸੀ ਇਹ ਉਨ੍ਹਾਂ ਅਨੁਸਾਰ ਹੈ। ਮੈਂ ਬਾਦਲ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ 9 ਕਮਿਸ਼ਨ ਤੇ ਕਮੇਟੀਆਂ ਬੈਠੀਆਂ, ਲੇਕਿਨ ਸਾਰੇ ਕੇਸ ਫਾਈਲ ਹੋ ਚੁੱਕ ਸੀ। ਵਾਜਪਾਈ ਸਾਹਿਬ ਦੀ ਸਰਕਾਰ ਆਈ ਬਾਦਲ ਸਾਹਿਬ ਫਿਰ ਗਏ ਕਿ ਇਹ ਬਹੁਤ ਵੱਡੀ ਮਾੜੀ ਘਟਨਾ ਹੈ ਕਿਉਂਕਿ ਇੰਨੇ ਸਾਲ ਬੀਤ ਜਾਣ ਦੇ ਬਾਵਜੂਦ ਹਾਲੇ ਕਿਸੇ ਨੂੰ ਸਜ਼ਾ ਨਹੀਂ ਮਿਲੀ। ਜਦੋਂ ਕੇਸਾਂ ਨੂੰ ਦੇਖਿਆ ਤਾਂ ਸਾਰੇ ਹੀ ਅਨਟਰੇਸ ਕੀਤੇ ਜਾ ਚੁੱਕੇ ਸਨ ਕੋਈ ਤਰੀਕਾ ਨਹੀਂ ਸੀ ਕਿ ਕੇਸਾਂ ਨੂੰ ਕਿਵੇਂ ਖੋਲ੍ਹਿਆ ਜਾਵੇ। ਮੈਂ ਧੰਨਵਾਦ ਕਰਦਾ ਹਾਂ ਮੁੱਖ ਮੰਤਰੀ ਸਾਹਿਬ ਦਾ ਅਤੇ ਵਾਜਪਾਈ ਸਾਹਿਬ ਦਾ ਕਿ ਉਨ੍ਹਾਂ ਨੇ ਫਿਰ ਸੁਪਰੀਮ ਕੋਰਟ ਦੇ ਜੱਜ ਨੂੰ ਲੈ ਕੇ ਜਸਟਿਸ ਨਾਨਾਵਤੀ ਕਮਿਸ਼ਨ ਬਣਾਇਆ ਅਤੇ ਉਸ ਨੇ ਜਾ ਕੇ ਜਦੋਂ ਫਿਰ ਇਨਕੁਆਇਰੀ ਕੰਪਲੀਟ ਕੀਤੀ ਤਾਂ ਇਨ੍ਹਾਂ ਲੋਕਾਂ ਦੇ ਨਾਮ ਤੇ ਐਵੀਡੈਂਸ ਜਿਹੜੀ ਹੈ, ਉਹ ਉਨ੍ਹਾਂ ਦੀ

ਰਿਆਰ ਕੀਤੀ ਹੈ ਅਤੇ ਉਨ੍ਹਾਂ ਦੇ ਵਿਰੁੱਧ ਐਕਸ਼ਨ ਲੈਣ ਵਾਸਤੇ ਕਿਹਾ ਲੇਕਿਨ ਫਿਰ ਵੀ ਦੇਸ਼ ਦੀ ਪਾਰਲੀਮੈਂਟ ਦੇ ਵਿਚ ਜੋ ਸਾਡੀ ਯੂ.ਪੀ.ਏ. ਦੀ ਸਰਕਾਰ ਦਾ ਰੋਲ ਸੀ ਕਿ ਸਰਕਾਰ ਨੇ ਪਹਿਲਾਂ ਐਕਸ਼ਨ ਟੇਕਨ ਰਿਪੋਰਟ ਦੇ ਵਿੱਚ ਕਿਹਾ ਕਿ ਕਿਸੇ ਐਕਸ਼ਨ ਦੀ ਲੋੜ ਨਹੀਂ. ਸਰਦਾਰ ਸੁਖਬੀਰ ਸਿੰਘ ਬਾਦਲ ਜੀ ਉਸ ਵੇਲੇ ਪਾਰਲੀਮੈਂਟ ਦੇ ਵਿੱਚ ਸਨ ਜਦੋਂ ਸਾਡੇ ਮੈਂਬਰਾਂ ਨੇ ਔਰ ਦੇਸ਼ ਦੀਆਂ ਸਾਰੀਆ ਪਾਰਟੀਆਂ ਨੇ ਉਠ ਕੇ ਪਾਰਲੀਮੈਂਟ ਜਾਮ ਕਰ ਦਿੱਤੀ ਅਤੇ ਸਾਰੇ ਦੇਸ਼ ਦਾ ਮੀਡੀਆ ਉਠ ਕੇ ਖੜ੍ਹਾ ਹੋ ਗਿਆ ਤਾਂ ਫਿਰ ਇਨ੍ਹਾਂ ਨੂੰ ਕਹਿਣਾ ਪਿਆ ਕਿ ਅਸੀਂ ਸੀ.ਬੀ.ਆਈ. ਦਾ ਕੇਸ ਜਗਦੀਸ਼ ਟਾਈਟਲਰ ਤੇ ਹੋਰਾਂ ਦੇ ਖਿਲਾਫ ਖੋਲਾਂਗੇ. ਪ੍ਰਧਾਨ ਮੰਤਰੀ ਨੂੰ ਕਹਿਣਾ ਪਿਆ ਕਿ my head hangs in shame ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਹ ਤਾਂ ਕਹੀ ਜਾਂਦੇ ਹਨ ਕਿ my head hangs in shame ਪਰ ਨਾਲ ਦੀ ਨਾਲ ਜੇ ਇੱਕ ਕੱਛ ਦੇ ਵਿੱਚ ਜਗਦੀਸ਼ ਟਾਈਟਲਰ ਨੂੰ ਨਾਲ ਲਗਾਇਆ ਹੋਵੇ, ਦੂਜੇ ਵਿਚ ਸੱਜਣ ਕੁਮਾਰ ਨੂੰ ਜੱਫੀ ਪਾਈ ਹੋਵੇ, ਛਾਤੀ ਦੇ ਨਾਲ ਐਚ.ਕੇ.ਐਲ ਭਗਤ ਲਾਇਆ ਹੋਵੇ ਫਿਰ ਜੇ ਸਿਰ ਸ਼ਰਮ ਦੇ ਵਿੱਚ ਝੁਕਿਆ ਵੀ ਹੋਵੇ ਤਾਂ ਫਿਰ ਇਸ ਦਾ ਕੀ ਫਾਇਦਾ? ਇਸ ਦੇ ਨਾਲ ਲੋਕਾਂ ਨੂੰ ਸਕੂਨ ਨਹੀਂ ਮਿਲਦਾ ਇਹ ਸਕੂਨ ਤਾਂ ਹੀ ਮਿਲ ਸਕਦਾ ਹੈ, ਜੋ ਜੋ ਦੋਸ਼ੀ ਹਨ, ਜਿਨ੍ਹਾਂ ਨੂੰ ਹੁਣ ਤੱਕ ਕਾਂਗਰਸ ਪਾਰਟੀ ਵੱਡੇ ਵੱਡੇ ਅਹੁਦਿਆਂ ਤੇ ਨਿਵਾਜ ਕੇ ਜਿਨ੍ਹਾਂ ਨੂੰ ਬਚਾ ਕੇ ਰੱਖ ਰਹੀ ਹੈ, ਜਿਨ੍ਹਾਂ ਨੂੰ ਵਾਰ ਵਾਰ ਪਾਰਲੀਮੈਂਟ ਦੀਆਂ ਟਿਕਟਾਂ ਦੇ ਰਹੀ ਹੈ ਜਿਨ੍ਹਾਂ ਨੂੰ ਦੇਸ਼ ਦੇ ਵੱਡੇ ਵੱਡੇ ਅਹੁਦਿਆਂ ਤੇ ਬਿਰਾਜਮਾਨ ਕਰ ਰਹੀ ਹੈ, ਜਿੰਨੀ ਦੇਰ ਤੱਕ ਇਨ੍ਹਾਂ ਦੇ ਗਲਾਂ ਵਿੱਚ ਫਾਸੀਆਂ ਦੇ ਫੰਦੇ ਨਹੀਂ ਪੈਂਦੇ, ਉਨੀ ਦੇਰ ਤੱਕ ਲੋਕਾਂ ਦਾ ਇਨਸਾਫ ਵਿੱਚ ਵਿਸ਼ਵਾਸ ਨਹੀ ਬਣ ਸਕਦਾ। ਇਸ ਲਈ ਮੈਂ ਅੱਜ ਫਿਰ ਤੁਹਾਡੇ ਰਾਹੀ ਇਸ ਦੇਸ਼ ਦੀ ਸਰਕਾਰ ਨੂੰ ਔਰ ਦੇਸ਼ ਦੀਆਂ ਸਾਰੀਆਂ ਪਾਰਟੀਆਂ ਨੂੰ ਵੀ ਬੇਨਤੀ ਕਰਾਂਗਾ ਕਿ ਇਹ ਮਾਨਵਤਾ ਦੇ ਵਿਰੁੱਧ ਅਪਰਾਧ ਸੀ, ਇਸ ਨੂੰ ਸਿੱਖਾਂ ਦੇ ਨਾਲ ਨਹੀਂ ਜੋੜਨਾ ਚਾਹੀਦਾ ਕਿਸੇ ਇੱਕ ਫਿਰਕੇ ਦੀ ਲੜਾਈ ਨਹੀਂ ਸਮਝਣੀ ਚਾਹੀਦੀ ਇਹ ਮਨੁੱਖੀ ਅਧਿਕਾਰਾਂ ਦੀ ਲੜਾਈ ਹੈ ਔਰ ਇਸ ਤੇ ਸਾਰੇ ਦੇਸ਼ ਨੂੰ ਇੱਕਜੁੱਟ ਹੋਣਾ ਚਾਹੀਦਾ ਹੈ 29 ਸਾਲ ਦਾ ਸਮਾਂ ਬਹੁਤ ਹੈ ਇੱਕ ਵਾਰੀ ਉਨ੍ਹਾਂ ਲੋਕਾਂ ਨੂੰ ਜਿਹੜੇ ਇਨਸਾਫ ਦੀ ਆਸ ਵਿੱਚ ਬਜ਼ੁਰਗ ਹੋਈ ਜਾ ਰਹੇ ਹਨ, ਬੇਆਸਰੇ ਹੋ ਰਹੇ ਹਨ, ਉਨ੍ਹਾਂ ਦੇ ਮੁਲਾਜ਼ਿਮਾਂ ਨੂੰ ਇਕ ਵਾਰੀ ਸਜ਼ਾਵਾਂ ਦੇ ਕੇ ਉਨ੍ਹਾਂ ਦਾ ਮਨ ਠੰਢਾ ਕਰਨਾ ਚਾਹੀਦਾ ਹੈ। ਸ. ਮਾਨਯੋਗ ਡਿਪਟੀ ਸਪੀਕਰ ਸਾਹਿਬ, ਹੋਰ ਬਹੁਤ ਸਾਰੇ ਮੁੱਦੇ ਹਨ ਲੇਕਿਨ ਸਮਾਂ ਜ਼ਿਆਦਾ ਹੋ ਰਿਹਾ ਹੈ ਅਤੇ ਸਾਡੇ ਬਾਕੀ ਸੀਨੀਅਰ ਸਾਥੀਆਂ ਨੇ ਬੋਲਣਾ ਹੈ ਮੈਂ ਮਹਿਸੂਸ ਕਰਦਾ ਹਾਂ ਕਿ ਕਈ ਵੀ ਇਹੋ ਜਿਹਾ ਸਰਕਾਰ ਦਾ ਪੱਖ ਨਹੀ ਜਿਸਦੀ ਸਾਡੇ

[ਡਾਕਟਰ ਦਲਜੀਤ ਸਿੰਘ ਚੀਮਾ]

ਮਾਨਯੋਗ ਰਾਜਪਾਲ ਜੀ ਨੇ ਚੰਗੇ ਲਫ਼ਜ਼ਾਂ ਦੇ ਵਿੱਚ ਸਲਾਘਾ ਨਾ ਕੀਤੀ ਹਵੇ ਅਤੇ ਬਹੁਤ ਅੱਛਾ ਮਾਰਗ ਦਰਸ਼ਨ ਸਾਡੇ ਸਾਰਿਆਂ ਦਾ ਉਨ੍ਹਾਂ ਨੇ ਕੀਤਾ ਹੈ। ਵੈਸੇ ਵੀ ਸਾਡੇ ਰਾਜਪਾਲ ਜੀ ਦੇਸ਼ ਦੀ ਬਹੁਤ ਵੱਡੀ ਮਹਾਨ ਸ਼ਖਸੀਅਤ ਹਨ ਉਹ ਇੱਕ ਵਿਜ਼ੀਨਰੀ ਸਟੇਟਸਮੈਨ ਹਨ ਉਨ੍ਹਾਂ ਦਾ ਤਜਰਬਾ ਬਹੁਤ ਲੰਬਾ ਹੈ। ਉਨ੍ਹਾਂ ਨੇ ਇਸ ਹਾਊਸ ਵਿੱਚ ਆ ਕੇ ਆਪਣਾ ਭਾਸ਼ਣ ਦੇ ਕੇ ਮੈਂ ਸਮਝਦਾ ਹਾਂ ਕਿ ਸਾਡੇ ਸਾਰਿਆਂ ਦਾ ਮਾਰਗ ਦਰਸ਼ਨ ਕੀਤਾ ਹੈ ਮੈਂ ਜਿੱਥੇ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ ਉੱਥੇ ਹੀ ਸਾਰੇ ਹਾਊਸ ਨੂੰ ਬੇਨਤੀ ਵੀ ਕਰਦਾ ਹਾਂ ਕਿ ਇਹ ਜਿਹੜਾ ਭਾਸ਼ਣ ਹੈ, ਇਸ ਵਾਸਤੇ ਉਨ੍ਹਾਂ ਦਾ ਧੰਨਵਾਦ ਕਰਨਾ ਚਾਹੀਦਾ ਹੈ ਅਤੇ ਜਿਹੜਾ ਮਤਾ ਮੈਂ ਉਨ੍ਹਾਂ ਦੇ ਧਨਵਾਦ, ਸਨਮਾਨ ਤੇ ਸਵਾਗਤ ਵਾਸਤੇ ਰੱਖਿਆ ਹੈ, ਉਸ ਨੂੰ ਸਰਬਸੰਮਤੀ ਨਾਲ ਪਾਸ ਕਰਕੇ ਭੇਜਣਾ ਚਾਹੀਦਾ ਹੈ ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ।

ਸ਼੍ਰੀ ਮਨੋਰੰਜਨ ਕਾਲੀਆ (ਜਲੰਧਰ ਕੇਂਦਰੀ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਅਭਾਰੀ ਹਾਂ ਕਿ ਤੁਸੀਂ ਮੈਨੂੰ ਮਾਨਯੋਗ ਰਾਜਪਾਲ ਜੀ ਦਾ ਭਾਸ਼ਣ ਜਿਹੜਾ ਕਿ ਉਨ੍ਹਾਂ ਨੇ 1 ਮਾਰਚ ਨੂੰ ਇਸ ਅਜ਼ੀਮ ਸਦਨ ਵਿੱਚ ਦਿੱਤਾ ਉਸ ਦੇ ਧੰਨਵਾਦ ਲਈ ਜੋ ਮਤਾ ਸਾਡੇ ਮਾਨਯੋਗ ਮੈਂਬਰ ਡਾਕਟਰ ਦਲਜੀਤ ਸਿੰਘ ਚੀਮਾ ਜੀ ਲੈ ਕੇ ਆਏ ਹਨ ਉਸ ਦੀ ਪ੍ਰੋੜ੍ਹਤਾ ਕਰਨ ਲਈ ਸਮਾਂ ਦਿੱਤਾ ਹੈ

ਹਰ ਬਜਟ ਸੈਸ਼ਨ ਤੇ ਇਹ ਰਵਾਇਤ ਹੈ ਕਿ ਰਾਜਪਾਲ ਜੀ ਇਸ ਸੈਸ਼ਨ ਵਿਚ ਸਦਨ ਵਿਚ ਆਉਂਦੇ ਹਨ ਅਤੇ ਉਹ ਆਪਣਾ ਭਾਸ਼ਣ ਦਿੰਦੇ ਹਨ ਅਤੇ ਹਰ ਸਾਲ ਬਜਟ ਸੈਸ਼ਨ ਦੀ ਸ਼ੁਰੂਆਤ ਹੁੰਦੀ ਹੈ ਜਿਥੇ ਉਹ ਆਪਣੀ ਸੰਵਿਧਾਨਕ ਜ਼ਿੰਮੇਵਾਰੀ ਦਾ ਨਿਰਬਾਹ ਕਰਦੇ ਹਨ ਉਥੇ ਉਨ੍ਹਾਂ ਦਾ ਜੋ ਭਾਸ਼ਣ ਹੁੰਦਾ ਹੈ ਉਹ ਪਿਛਲੇ ਸਾਲ ਦੀ ਕਾਰਗੁਜ਼ਾਰੀ ਜਿਹੜੀ ਸਰਕਾਰ ਨੇ ਕੀਤੀ ਹੁੰਦੀ ਹੈ ਉਸ ਦਾ ਲੇਖਾ ਜੋਖਾ ਵੀ ਉਸ ਵਿੱਚ ਨਜ਼ਰ ਆਉਂਦਾ ਹੈ ਅਤੇ ਆਉਣ ਵਾਲੇ ਸਾਲ ਦੇ ਵਿਚ ਕੀ ਕਝ ਕਰਨਾ ਹੈ ਇਸ ਦੀ ਤਸਵੀਰ ਵੀ ਮਿਲਦੀ ਹੈ ਡਿਪਟੀ ਸਪੀਕਰ ਸਾਹਿਬ, ਮਾਨਯੋਗ ਰਾਜਪਾਲ ਜੀ ਨੇ ਆਪਣੇ ਭਾਸ਼ਣ ਵਿਚ ਜ਼ਿਕਰ ਕੀਤਾ ਹੈ ਕਿ ਪਿਛਲੇ ਸਾਲ ਪੰਜਾਬ ਦੀ ਜਨਤਾ ਨੇ ਜਿਹੜਾ ਫ਼ਤਵਾ ਦਿੱਤਾ ਅਤੇ ਉਸ ਤੋਂ ਬਾਅਦ ਜਿਹੜੀਆਂ ਦੋ ਜ਼ਿਮਨੀ ਚੋਣਾਂ ਦਸੂਹਾ ਅਤੇ ਮੋਗਾ ਦੀਆਂ ਹੋਈਆਂ ਉਸ ਤੇ ਦੁਬਾਰਾ ਮੋਹਰ ਲਗਾਈ ਕਿਉਂਕਿ ਆਮ ਤੌਰ ਤੇ ਜਦ ਵੀ ਕੋਈ ਚੋਣ ਹੁੰਦੀ ਹੈ ਕਿਸੇ ਮੁੱਦੇ ਤੇ ਲੜਿਆ ਜਾਂਦਾ ਹੈ ਅਤੇ ਇਹ ਵੀ ਕਿਹਾ ਜਾਂਦਾ ਸੀ ਕਿ ਵਿਕਾਸ ਜਿਹੜਾ ਹੈ ਇਹ ਮੁੱਦਾ ਉਦੋਂ ਤੱਕ ਹੁੰਦਾ ਹੈ

ਜਦੋਂ ਤੱਕ ਵਿਕਾਸ ਨਾ ਹੋਵੇ Deve opment is an issue so long as t s not done The moment it is done, it becomes the duty ਔਰ ਇਹ ਵੀ ਕਿਹਾ ਜਾਂਦਾ ਸੀ ਕਿ ਸਰਕਾਰ ਵਿਕਾਸ ਦੇ ਮੁੱਦੇ ਦੇ ਉੱਤੇ ਨਹੀਂ ਬਣਦੀ ਹੈ ਲੇਕਿਨ ਪਿਛਲੀ ਜਨਵਰੀ ਵਿਚ ਪੰਜਾਬ ਦੇ ਲੋਕਾਂ ਨੇ ਜਿਹੜਾ ਫਤਵਾ ਦਿੱਤਾ ਔਰ ਇਸ ਗੱਲ ਉੱਤੇ ਕਿ ਵਿਕਾਸ ਦੇ ਮੁੱਦੇ ਤੇ ਚੋਣ ਲੜੀ ਔਰ ਵਿਕਾਸ ਦੇ ਮੁੱਦੇ ਉੱਤੇ ਦੁਬਾਰਾ ਅਕਾਲੀ ਭਾਜਪਾ ਸਰਕਾਰ ਨੂੰ ਪੰਜ ਸਾਲ ਦਿੱਤੇ ਔਰ ਪੰਜਵੀਂ ਵਾਰ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੂੰ ਮੁੱਖ ਮੰਤਰੀ ਬਣਾਇਆ, (ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਜਦੋਂ 6 ਮਾਰਚ ਨੂੰ ਰਿਜ਼ਲਟ ਨਿਕਲਿਆ ਉਸ ਤੋਂ ਹਫਤੇ ਕੁ ਬਾਅਦ ਜਲੰਧਰ ਦੇ ਵਰਨੈਕੂਲਰ ਪੇਪਰ ਦੇ ਐਡੀਟਰ ਹਨ, ਉਨ੍ਹਾਂ ਨੂੰ ਮੈਂ ਮਿਲਿਆ ਉਨ੍ਹਾਂ ਨੇ ਮੈਨੂੰ ਇਕ ਗੱਲ ਸੁਣਾਈ ਜਿਹੜਾ ਕਿ ਉਨ੍ਹਾਂ ਦਾ ਜਲੰਧਰ ਦੇ ਇਕ ਕਾਂਗਰਸੀ ਭਰਾ ਨਾਲ ਵਾਰਤਾਲਾਪ ਸੀ ਉਹ ਉਨ੍ਹਾਂ ਕੋਲ ਆਇਆ, ਉਹ ਕਹਿਣ ਲੱਗਾ ਕਿ ਅਕਾਲੀ ਭਾਜਪਾ ਸਰਕਾਰ ਦੁਬਾਰਾ ਬਣ ਗਈ ਹੈ ਇਹ ਕਾਂਗਰਸ ਲਈ ਬਹੁਤ ਮਾੜਾ ਹੋਇਆ ਪੰਜਾਬ ਦੀ ਕਾਂਗਰਸ ਲਈ ਬਹੁਤ ਮਾੜਾ ਹੋਇਆ। ਉਹ ਐਡੀਟਰ ਸਾਹਿਬਾਨ ਨੇ ਉਨ੍ਹਾਂ ਨੂੰ ਕਿਹਾ ਕਿ ਯਾਰ ਇੰਨੀ ਵੀ ਕਿਹੜੀ ਗੱਲ ਹੈ, ਸਰਕਾਰਾਂ ਬਣਦੀਆਂ ਟੁੱਟਦੀਆਂ ਰਹਿੰਦੀਆਂ ਹਨ, ਕੇਂਦਰ ਵਿਚ ਵੀ ਸਹਿਯੋਗੀ ਸਰਕਾਰ ਹੈ। ਪਹਿਲਾਂ ਐਨ ਡੀ ਏ ਸਰਕਾਰ ਸੀ ਉਹ ਕਹਿੰਦਾ ਕਿ ਗੱਲ ਇਹ ਹੈ ਕਿ ਜਦੋਂ ਕਈ ਗੈਰ ਕਾਂਗਰਸੀ ਸਰਕਾਰ ਦੁਬਾਰਾ ਬਣ ਜਾਂਦੀ ਹੈ ਤਾਂ ਉਥੇ ਫਿਰ ਕਦੀ ਕਾਂਗਰਸ ਸਰਕਾਰ ਦੁਬਾਰਾ ਨਹੀਂ ਬਣਦੀ ਅੱਜ ਮਾਨਯੋਗ ਮੁੱਖ ਮੰਤਰੀ ਜੀ ਨੇ ਵੀ ਉਸ ਗੱਲ ਦਾ ਹੀ ਜਿਕਰ ਕੀਤਾ ਹੈ ਤੁਸੀ ਇਹ ਦੇਖ ਲਓ ਕਿ ਵੈਸਟ ਬੰਗਾਲ ਵਿੱਚ ਅੱਜ ਲਗਭਗ 30 ਸਾਲ ਹੋ ਗਏ ਹਨ, ਕਾਂਗਰਸ ਸਰਕਾਰ ਉਥੇ ਨਹੀਂ ਬਣੀ ਗੁਜਰਾਤ ਦੇ ਵਿਚ ਤੀਸਰੀ ਵਾਰ, 20 ਸਾਲ ਹੋ ਗਏ ਹਨ, ਉਥੇ ਭਾਰਤੀ ਜਨਤਾ ਪਾਰਟੀ ਸ਼ਾਸਨ ਕਰ ਰਹੀ ਹੈ। ਉੱਤਰ ਪ੍ਰਦੇਸ਼ ਦੇਖ ਲਓ, ਉਥੇ ਵੀ ਗੈਰ ਕਾਂਗਰਸੀ ਸਰਕਾਰ ਹੈ ਉੜੀਸਾ ਦੇ ਵਿਚ ਵੀ ਦੇਖ ਲਓ, ਜਿਥੇ ਵੀ ਲਗਾਤਾਰ ਦੋ ਵਾਰੀ ਗੈਰ ਕਾਂਗਰਸ ਸਰਕਾਰ ਆ ਗਈ, ਉਥੇ ਕਾਂਗਰਸ ਕਦੇ ਨਹੀਂ ਆਈ ਬਿਹਾਰ ਜਿਸ ਵਿਚੋਂ ਹੁਣ ਛਤੀਸਗੜ੍ਹ ਹੈ, ਮੱਧ ਪ੍ਰਦੇਸ ਹੈ, ਇਥੇ ਵੀ ਦੋ ਦੋ ਵਾਰੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣੀ ਹੈ। ਸੋ ਗੱਲ ਇਹ ਹੈ ਕਿ ਹੁਣ ਪੰਜਾਬ ਵਿਚ ਜਿਹੜੀ ਦੁਬਾਰਾ ਸਰਕਾਰ ਅਕਾਲੀ ਭਾਜਪਾ ਬਣੀ ਹੈ, ਕਾਂਗਰਸ ਦਾ ਪੰਜਾਬ ਦੇ ਵਿਚੋਂ ਸਦਾ ਲਈ ਸਫ਼ਾਇਆ ਹੋ ਗਿਆ ਹੈ ਮਾਨਯੋਗ ਡਿਪਟੀ ਸਪੀਕਰ ਸਾਹਿਬ, ਰਾਜਪਾਲ ਜੀ ਨੇ ਆਪਣੇ ਭਾਸ਼ਣ ਦੇ ਵਿਚ ਕਿਸਾਨੀ ਦਾ ਜ਼ਿਕਰ ਕੀਤਾ ਹੈ ਕਿ ਪੰਜਾਬ ਕ੍ਰਿਸ਼ੀ ਪ੍ਰਧਾਨ ਦੇਸ਼

[ਸ੍ਰੀ ਮਨੋਰੰਜਨ ਕਾਲੀਆ]

ਹੈ। 70% ਪ੍ਰਦੇਸ ਦੇ ਲੋਕ ਕਿਸਾਨੀ ਦੇ ਵਿਚ ਲੱਗੇ ਹਨ ਅੰਰ ਇਹ 70% ਕਿਸਾਨ ਜਿਹੜੇ ਪੰਜਾਬੀ ਭਰਾ ਕਿਸਾਨੀ ਵਿਚ ਲੱਗੇ ਹੋਏ ਹਨ, ਇਨ੍ਹਾਂ ਨੇ ਜਦੋਂ 'ਜੈ ਜਵਾਨ, ਜੈ ਕਿਸਾਨ' ਦਾ ਨਾਅਰਾ ਬੁਲੰਦ ਕੀਤਾ, ਉਸ ਵਕਤ ਸਾਡੇ ਪ੍ਰਧਾਨ ਮੰਤਰੀ ਸਵਰਗੀ ਸ੍ਰੀ ਲਾਲ ਬਹਾਦਰ ਸ਼ਾਸਤਰੀ ਜੀ ਸੀ। ਉਸ ਵਕਤ ਹਾਲਤ ਇਹ ਸੀ ਕਿ ਸਾਨੂੰ ਅਨਾਜ ਬਾਹਰੋਂ ਮੰਗਵਾਉਣਾ ਪੈਂਦਾ ਸੀ। ਪੀ ਐਲ 480 ਕਣਕ ਵਾਸਤੇ ਅਸੀ ਦੂਜਿਆਂ ਤੇ ਨਿਰਭਰ ਸੀ ਲੇਕਿਨ ਉਸ ਵਕਤ ਪੰਜਾਬੀ ਅੱਗੇ ਆਇਆ ਅੱਰ ਪੂਰੇ ਦੇਸ਼ ਨੂੰ ਅਨਾਜ ਦੇ ਖੇਤਰ ਦੇ ਵਿੱਚ ਆਤਮ ਨਿਰਭਰ ਬਣਾਇਆ ਅਤੇ ਅਨਾਜ ਦਾ ਭੰਡਾਰ ਜਿਹੜਾ ਦੇਸ਼ ਦਾ ਸੀ, ਪੰਜਾਬ ਵੱਲੋਂ ਉਸ ਵਿੱਚ 60% ਦੀ ਕੰਟਰੀਬਿਊਸ਼ਨ ਹੁੰਦੀ ਸੀ। ਉਸ ਵਕਤ ਜਿਹੜਾ ਗਂਹੂੰ ਦਾ ਗਰੋਥ ਰੇਟ ਸੀ 1970 ਵਿੱਚ 7.31% ਸੀ, ਝੋਨੇ ਦਾ 5.25% ਸੀ। ਫਿਰ 1980 ਵਿੱਚ ਗਂਹੂੰ ਦਾ ਗਰੋਥ ਰੇਟ 3% ਹੋ ਗਿਆ ਅੰਰ ਰਾਈਸ ਦਾ 1.29% ਹੋ ਗਿਆ ਸੀ। ਇਸੇ ਤਰ੍ਹਾਂ ਜਿਹੜੀ ਐਗਰੀਕਲਚਰ ਗਰੋਥ ਰੇਟ ਹੈ, ਪੰਜਾਬ ਦਾ ਉਹ 1980 ਵਿੱਚ 5% ਪੀਕ ਤੇ ਰਿਹਾ। ਫਿਰ ਹੌਲੀ ਹੌਲੀ ਖੜੋਤ ਆ ਗਈ। ਹੁਣ ਸਨ 2010 ਦੇ ਵਿੱਚ 1.9%. ਇਹ ਜਿਹੜੀ ਗਰੋਥ ਰੇਟ ਵਿੱਚ ਖੜੋਤ ਆਈ ਹੈ, ਇਹ ਚਿੰਤਾ ਦਾ ਵਿਸ਼ਾ ਹੈ। ਇਸ ਦਾ ਕੋਈ ਨਾ ਕੋਈ ਢੁੱਕਵਾਂ ਹੱਲ ਸਾਨੂੰ ਲੱਭਣਾ ਪਏਗਾ ਕਿ ਜਿਥੇ ਇਸ ਤਰ੍ਹਾਂ ਲਗਦਾ ਹੈ ਕਿ ਦਰਵਾਜੇ ਬੰਦ ਹੋ ਚੁੱਕੇ ਹਨ। ਜਿਥੇ ਪੰਜਾਬ ਨੂੰ ਖੜੋਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਉਥੇ ਜਿਹੜੇ ਦੂਸਰੇ ਪ੍ਰਦੇਸ਼ ਹਨ, ਜਿਥੇ ਉਪਜਾਊ ਜ਼ਮੀਨ ਤਾਂ ਸੀ ਲੇਕਿਨ ਸਿੰਚਾਈ ਦੇ ਵਸੀਲੇ ਘੱਟ ਸੀ ਉਨ੍ਹਾਂ ਨੂੰ ਸਿੰਚਾਈ ਦੇ ਵਸੀਲੇ ਮਿਲ ਗਏ ਅਤੇ ਉਨ੍ਹਾਂ ਨੇ ਕ੍ਰਿਸ਼ੀ ਦੇ ਖੇਤਰ ਦੇ ਵਿੱਚ, ਐਗਰੀਕਲਚਰ ਦੇ ਵਿੱਚ ਕਈ ਮੱਲਾਂ ਮਾਰੀਆਂ। ਅੱਜ ਮੱਧ ਪ੍ਰਦੇਸ਼ ਦੇ ਵਿੱਚ 8% ਗੁਜਰਾਤ ਵਿੱਚ 10%, ਛੱਤੀਸਗੜ੍ਹ ਅੱਜ ਸਭ ਤੋਂ ਵੱਡਾ ਪੈਡੀ ਉਤਪਾਦਕ ਪ੍ਰਦੇਸ ਬਣ ਗਿਆ ਹੈ। ਇਹ ਠੀਕ ਹੈ ਕਿ ਅੱਜ ਗਰੋਥ ਦੂਸਰੇ ਪ੍ਰਦੇਸ਼ਾਂ ਵਿੱਚ ਹੋ ਰਹੀ ਹੈ, ਲੇਕਿਨ ਆਉਣ ਵਾਲੇ ਸਮੇ ਦੇ ਵਿੱਚ ਇਹ ਜਿੰਨੇ ਪ੍ਰਦੇਸ ਹਨ, ਚਾਹੇ ਮੱਧ ਪ੍ਰਦੇਸ਼ ਹੈ, ਚਾਹੇ ਗੁਜਰਾਤ ਹੈ, ਇਨ੍ਹਾਂ ਨੂੰ ਵੀ ਉਹੀ ਖੜੋਤ ਦਾ ਸਾਹਮਣਾ ਕਰਨਾ ਪੈਣਾ ਹੈ ਜਿਹੜਾ ਕਿ ਅੱਜ ਪੰਜਾਬ ਕਰ ਰਿਹਾ ਹੈ। ਇਸ ਲਈ ਜਰੂਰੀ ਹੈ ਕਿ ਇਸ ਦਾ ਕੋਈ ਨਾ ਕੋਈ ਢੁੱਕਵਾਂ ਹੱਲ ਹੋਵੇ ਕਿਉਂਕਿ ਅੱਜ ਜਿਥੇ ਖੜੋਤ ਹੈ, ਉਥੇ ਦੂਸਰੇ ਪਾਸੇ ਜਿਹੜੀ ਬਹੁਤਾਤ ਹੈ, ਸਾਡੀ ਸਟੋਰੇਜ ਕਪੈਸਿਟੀ ਹੈ, ਸਾਡੇ ਕੋਲ ਇੰਨਾ ਅਨਾਜ ਹੈ ਕਿ ਸੰਭਾਲਿਆ ਨਹੀ ਜਾ ਰਿਹਾ ਹੈ। ਦੇਸ਼ ਕੋਲੋਂ ਸਟੋਰੇਜ ਨਹੀ ਕੀਤਾ ਜਾ ਰਿਹਾ ਹੈ। 300 ਲੱਖ ਮੀਟ੍ਰਿਕ ਟਨ ਅਨਾਜ ਦੀ ਸਾਨੂੰ ਜਰੂਰਤ ਹੈ। ਲੇਕਿਨ 700 ਲੱਖ ਮੀਟ੍ਰਿਕ ਟਨ ਸਾਡੇ

ਕੱਲ ਓਵਰ ਬਫਰ ਸਟਾਕ ਪਿਆ ਹੋਇਆ ਹੈ। ਡਿਪਟੀ ਸਪੀਕਰ ਸਾਹਿਬ, ਇਸ ਦੇ ਨਾਲ ਕੀ ਹੋਇਆ ਹੈ ਕਿ ਅੰਨ ਨੂੰ ਅਸੀਂ ਭਗਵਾਨ ਕਹਿੰਦੇ ਹਾਂ, ਲੇਕਿਨ ਉਹ ਸੜ ਰਿਹਾ ਹੈ, ਗਲ ਰਿਹਾ ਹੈ। ਅੱਜ ਹਾਲਾਤ ਇਹ ਹੈ ਕਿ ਸੁਪਰੀਮ ਕੋਰਟ ਦੀਆਂ ਹਦਾਇਤਾਂ ਹਨ ਕਿ ਇਸ ਦੀ ਪਰਾਪਰ ਯੂਟੀਲਾਈਜ਼ੇਸ਼ਨ ਹਵੇ, ਜਿੱਥੇ ਭੁੱਖਮਰੀ ਹੈ, ਉਥੇ ਅਨਾਜ ਦਾ ਵਿਤਰਣ ਹੋਵੇ, ਲੇਕਿਨ ਕੇਂਦਰ ਸਰਕਾਰ ਬਜਾਏ ਉਸ ਦਾ ਵਿਤਰਣ ਕਰੇ, ਤੁਸੀਂ ਗਲਣ ਸੜਨ ਨਾਲ ਫਰੀ ਵੰਡ ਦਿਓ ਲੇਕਿਨ ਉਨ੍ਹਾਂ ਨੇ, ਅਨਾਜ ਸੜ ਜਾਵੇ, ਗਲ ਜਾਵੇ ਪਰ ਵੰਡਣਾ ਨਹੀਂ ਹੈ ਅੱਜ ਦੂਜੇ ਦੇਸ਼ਾਂ ਨੂੰ ਗਲਿਆ ਸੜਿਆ ਅਨਾਜ ਐਕਸਪੋਰਟ ਕੀਤਾ ਜਾ ਰਿਹਾ ਹੈ ਕਿ ਉਥੇ ਪਸ਼ੂਆਂ ਨੂੰ ਖਆਇਆ ਜਾਵੇ। ਇਹ ਹਾਲਤ ਹੈ, ਜਾਂ ਡਿਸਟਿਲਰੀਆਂ ਵਿੱਚ ਦਿੱਤਾ ਜਾਂਦਾ ਹੈ। ਵਾਜਪਾਈ ਸਾਹਿਬ ਨੇ ਇਸ ਦੇ ਲਈ 'ਅੰਨਤੋਦਿਆ' ਅੰਨ ਯੋਜਨਾ ਚਲਾਈ, ਜਿਹੜੀ ਅੱਜ ਚਲ ਰਹੀ ਹੈ ਕਿ ਗੇਹੂੰ ਤਿੰਨ ਰੁਪਏ ਕਿਲੋ, ਚਾਵਲ ਜਿਹੜੇ ਹਨ ਉਹ ਗ਼ਰੀਬਾਂ ਨੂੰ ਦਿੱਤੇ ਜਾਣ। ਸਾਡੇ ਕੋਲ ਬਫਰ ਸਟਾਕ ਜ਼ਿਆਦਾ ਹੈ। ਅਨਾਜ ਸਟੋਰ ਦੇ ਵਿੱਚ ਰਹਿ ਸਕਦਾ ਹੈ ਉਸ ਦੌਰਾਨ ਕੇਂਦਰ ਸਰਕਾਰ ਨੂੰ ਨੀਤੀ ਬਣਾਉਣੀ ਚਾਹੀਦੀ ਹੈ ਕਿ ਬਾਕੀ ਅਨਾਜ ਜੋ ਸਸਤੇ ਰੇਟ ਵਿੱਚ ਮਾਰਕੀਟ ਵਿਚ ਸੁੱਟ ਇਸ ਦੇ ਨਾਲ ਕੀਮਤਾਂ ਨੂੰ ਵੀ ਠੱਲ੍ਹ ਪਵੇਗੀ ਅੱਜ ਕੋਈ ਨੀਤੀ ਨਿਰਧਾਰਤ ਕਰਨ ਦੀ ਜ਼ਰੂਰਤ ਹੈ ਡਿਪਟੀ ਸਪੀਕਰ ਸਾਹਿਬ, ਅੱਜ ਇਸ ਗੱਲ ਦੀ ਜ਼ਰੂਰਤ ਹੈ ਕਿ ਜਿੱਥੇ ਵ੍ਹੀਟ ਅਤੇ ਰਾਈਸ ਵਿੱਚ ਸਾਡਾ ਬਫਰ ਸਟਾਕ ਬਹੁਤ ਹੈ, ਗਲ-ਸੜ ਰਿਹਾ ਹੈ, ਦੂਸਰੇ ਪਾਸੇ 0 ਹਜ਼ਾਰ ਕਰੋੜ ਰੁਪਿਆ ਦਾਲਾਂ ਤੇ ਫੌਰਨ ਐਕਸਚੇਂਜ ਵਜੋਂ ਖਰਚ ਕਰਨਾ ਪੈਂਦਾ ਹੈ ਜ ਕਿ ਅਸੀਂ ਇੰਪੋਰਟ ਕਰ ਰਹੇ ਹਾਂ। 30 ਹਜ਼ਾਰ ਕਰੋੜ ਰੁਪਿਆ ਸਾਨੂੰ ਆਇਲ ਸੀਡਜ਼ ਇੰਪੋਰਟ ਕਰਨ ਲਈ ਫਾਰਨ ਐਕਸਚੇਂਜ ਖਰਚ ਕਰਨੀ ਪੈਂਦੀ ਹੈ। ਅੱਜ ਜ਼ਰੂਰਤ ਹੈ ਕਿ ਇਕ ਪਾਸੇ ਖੜ੍ਹੋਤ ਹੈ, ਦੂਜੇ ਪਾਸੇ ਅਸੀਂ ਜਿੰਨਾ ਕੁ ਅੰਨ, ਗੇਹੂੰ, ਰਾਈਸ ਉਗਾ ਰਹੇ ਹਾਂ, ਉਸ ਨੂੰ ਸੰਭਾਲਿਆ ਨਹੀਂ ਜਾ ਰਿਹਾ ਅੱਜ ਇਸ ਦਾ ਢੁੱਕਵਾਂ ਹੱਲ ਲੱਭਣ ਦੀ ਜ਼ਰੂਰਤ ਹੈ ਢੁੱਕਵਾਂ ਹੱਲ ਕੀ ਹੋ ਸਕਦਾ ਹੈ? ਇਹ ਹੋ ਸਕਦਾ ਹੈ ਡਾਈਵਰਸੀਫਿਕੇਸ਼ਨ ਆਫ ਕਰਾਪਸ। ਇਸ ਦੇ ਵਿੱਚ ਠੀਕ ਹੈ ਕਿ ਜਿਹੜਾ ਖਾਧ ਪਦਾਰਥ ਅਸੀਂ ਇੰਪੋਰਟ ਕਰਦੇ ਹਾਂ, ਆਇਲ ਸੀਡਜ਼ ਹੈ, ਪਲਸਿਜ਼ ਹੈ ਜਾਂ ਹੋਰ ਵੀ ਕੋਈ ਹੈ ਜਿਸ ਦੀ ਸਾਨੂੰ ਅੱਜ ਜ਼ਰੂਰਤ ਹੈ, ਕੇਂਦਰ ਸਰਕਾਰ ਪੂਰੇ ਹਿੰਦੁਸਤਾਨ ਦਾ ਐਗਰੀਕਲਚਰ ਐਟਲਸ ਬਣਾਵੇ ਕੇਂਦਰ ਸਰਕਾਰ ਉਸ ਦੀ ਸਾਇੰਟੀਫਿਕ ਇਨਵੈਸਟੀਗੇਸ਼ਨ ਕਰਾਵੇ ਕਿ ਕਿਹੜੀ-ਕਿਹੜੀ ਜ਼ਮੀਨ ਕਿਹੜੀ ਕਿਹੜੀ ਫਸਲ ਉਗਾ ਸਕਦੀ ਹੈ ਫਿਰ ਕਿਸਾਨ ਨੂੰ ਪ੍ਰੇਰਿਤ ਕਰਨ ਲਈ ਇਹ ਜ਼ਰੂਰੀ ਹੈ ਕਿ ਕੜ ਦਾਲਾਂ ਉਤੇ

[ਸ਼੍ਰੀ ਮਨਰੰਜਨ ਕਾਲੀਆ]

ਮਿਨੀਮਮ ਸਪਰਟ ਪ੍ਰਾਈਸ ਘੱਟ ਹੈ। ਇਸਨੂੰ ਗਾਂਹੂ ਅਰ ਚਾਵਲ ਤੇ ਜੋ ਐਮ ਐਸ ਪੀ ਹੈ ਉਸ ਤੋਂ ਜਿਆਦਾ ਐਟਰੈਕਟਿਵ ਬਣਾਉਣਾ ਚਾਹੀਦਾ ਹੈ। ਚਾਹੇ ਉਹ ਆਇਲ ਸੀਡਜ਼ ਹੈ ਜਾਂ ਸਾਰੀਆਂ ਚੀਜ਼ਾਂ ਜੋ ਅਸੀਂ ਇੰਪੋਰਟ ਕਰਦੇ ਹਾਂ ਉਨ੍ਹਾਂ ਨੂੰ ਐਮ ਐਸ ਪੀ ਦੀ ਅੰਬਰੇਲਾ ਥੱਲੇ ਲੈ ਕੇ ਆਉ ਔਰ ਇਸ ਢੰਗ ਨਾਲ ਰਿਮਨਰੇਟਿਵ ਹਵੇ, ਇਸ ਢੰਗ ਨਾਲ ਅਟਰੈਕਟਿਵ ਹੋਵੇ ਕਿ ਕਿਸਾਨ ਗੇਂਹੂੰ, ਚਾਵਲ ਦੀ ਖੇਤੀ ਛੱਡ ਕੇ ਦਾਲਾਂ, ਆਇਲ ਸੀਡਜ਼ ਜਾਂ ਹੋਰ ਕੋਈ ਫੂਡ ਸਟਾਕ ਜੋ ਸਾਨੂੰ ਚਾਹੀਦਾ ਹੈ ਉਸ ਨੂੰ ਉਗਾਉਣ ਲਈ ਉਹ ਯਤਨ ਕਰੇ ਉਸ ਦੀ ਐਮ.ਐਸ ਪੀ ਇੰਨੀ ਕੁ ਅਟਰੈਕਟਿਵ ਹਣੀ ਚਾਹੀਦੀ ਹੈ ਕਿ ਉਹ ਸਚੇ ਕਿ ਹਣ ਮੈਂ ਗੇਹੂੰ, ਝੋਨਾ ਨਹੀਂ ਉਗਾਉਣਾ ਸਗੋਂ ਦਾਲਾਂ ਉਗਾਉਣੀਆਂ ਹਨ। ਐਸਾ ਨਹੀਂ ਹੈ ਕਿ ਗਰੀਨ ਰੈਵਲਿਊਸਨ ਤੋਂ ਪਹਿਲਾਂ ਵੀ ਜਦੋਂ ਹਰੀ ਕ੍ਰਾਂਤੀ ਆਈ ਉਸ ਤੋਂ ਪਹਿਲਾਂ ਵੀ ਪੰਜਾਬ ਵਿੱਚ ਕਈ ਤਰ੍ਹਾਂ ਦੀਆਂ ਫਸਲਾਂ ਉਗਾਈਆਂ ਜਾਦੀਆਂ ਸਨ। ਮੇਰੇ ਕੋਲ 2007 ਦੀ State of Environment Report ਹੈ। ਇਸ ਵਿੱਚ ਲਿਖਿਆ ਹੈ ਕਿ prior to the Green Revolution 41 varieties of Wheat, 3. varieties of Rice, 4 varieties of Maize 3 varieties of Bajra 16 varieties of Sugarcane, 19 varieties of Pulses, 9 varieties of Oil Seeds and 10 varieties of Cotton were grown in Punjab Present data indicates that out of 47 Green Revolutions varieties of Wheat released by the Punjab Agricultural University only 5 are widely used Similarly, out of 19 varieties of Rice released, only 8 are currently in use ਸੋ, ਇਸ ਦਾ ਮਤਲਬ ਹੈ ਕਿ ਜੇ ਐਮ ਐਸ ਪੀ ਦਾਲਾਂ ਦੀ, ਆਇਲ ਸੀਡਜ਼ ਦੀ ਐਟਰੈਕਟਿਵ ਬਣ ਜਾਵੇ ਤਾਂ ਅਸੀਂ ਪੰਜਾਬ ਵਿੱਚ ਆਈ ਇਸ ਖਤਰੇ ਦਾ ਸਾਹਮਣਾ ਕਰ ਸਕਦੇ ਹਾਂ ਔਰ ਕਿਸਾਨ ਦਾ ਇਹ ਕਿੱਤਾ ਹੋਰ ਲਾਹੇਵੰਦ ਬਣ ਸਕਦਾ ਹੈ। ਲੇਕਿਨ ਇਹ ਤਾਂ ਹੀ ਹੋ ਸਕਦਾ ਹੈ ਕਿ ਜੇ ਕੇਂਦਰ ਸਰਕਾਰ ਇਸ ਵੱਲ ਧਿਆਨ ਦੇਵੇ। ਇਸ ਲਈ ਇਹ ਉਪਰਾਲਾ ਕਰੀਏ ਕਿ ਅਸੀਂ ਡਾਈਵਰਸੀਫਿਕੇਸ਼ਨ ਆਫ ਕਰਾਪਸ ਲਿਆਈਏ। ਇਸੇ ਤਰ੍ਹਾਂ ਕਈ ਕਮਿਸ਼ਨ ਤਾਂ ਬਣਾ ਦਿੱਤੇ ਜਾਂਦੇ ਹਨ। ਹੁਣ ਸਵਾਮੀਨਾਥਨ ਕਮਿਸ਼ਨ ਬਣਾ ਦਿੱਤਾ, ਰਿਪੋਰਟ ਵੀ ਆ ਗਈ ਕਿ 50% of the cost price of the production, ਉਹ as a profit ਦੇਣਾ ਚਾਹੀਦਾ ਹੈ, ਲੇਕਿਨ ਲਾਗੂ ਨਹੀਂ ਕਰਨੀ

ਜੇ ਤੁਸੀਂ ਕਮਿਸ਼ਨ ਬਣਾਉਣਾ ਹੈ ਤਾਂ ਉਸ ਨੂੰ ਲਾਗੂ ਕਰਨਾ ਵੀ ਕੇਂਦਰ ਦੀ ਜ਼ਿੰਮੇਵਾਰੀ

ਹੈ ਲੇਕਿਨ ਓਹਦੇ ਲਈ ਐਜੀਟੇਸ਼ਨਜ ਹਨ, ਓਹਦੇ ਲਈ ਵੀ ਅੱਜ ਆਵਾਜ ਉਠਾਈ ਜਾਵੇ ਤਾਂ ਉਹ ਬਹੁਤ ਮਾੜੀ ਗੱਲ ਹੈ ਕਿਉਂਕਿ ਤੁਸੀਂ ਪਹਿਲਾ ਆਪ ਕਮਿਸਨ ਬਣਾਉਂਦੇ ਹ ਫਿਰ ਉਸ ਦੀ ਰਿਪਰਟ ਨੂ ਲਾਗੂ ਵੀ ਨਹੀਂ ਕਰਦੇ। ਇਸ ਲਈ ਇਹ ਜ਼ਰੂਰੀ ਹੈ ਕਿ ਨੀਤੀ ਬਣਾਈ ਜਾਵੇ ਕਿ ਜਿਸ ਦੇ ਨਾਲ ਡਾਈਵਰਸੀਫਿਕੇਸਨ ਆਫ ਕਰਾਪਸ ਕਰਕੇ ਜਿਹੜੀ ਅੱਜ ਪੰਜਾਬ ਦੇ ਵਿੱਚ ਖੜੋਤ, ਆਈ ਹੈ ਇਸ ਨੂੰ ਕੋਈ ਰਾਹਤ ਮਿਲ ਸਕੇ ਕਿਸਾਨੀ ਦਾ ਕਿੰਤਾ ਹੋਰ ਲਾਹੇਵੰਦ ਹ ਸਕੇ ਮਾਨਯੋਗ ਡਿਪਟੀ ਸਪੀਕਰ ਸਾਹਿਬ, ਰਾਜਪਾਲ ਜੀ ਨੇ ਆਪਣੇ ਭਾਸਣ ਵਿਚ ਪੰਜਾਬ ਦੀ ਜਿਹੜੀ ਇੰਡਸਟਰੀ ਹੈ ਉਸਦੇ ਬਾਰੇ ਵੀ ਆਪਣੀ ਚਿੰਤਾ ਜ਼ਾਹਿਰ ਕੀਤੀ ਹੈ ਕਿ ਅੱਜ ਜਿਹੜੀ ਇੰਡਸਟਰੀ ਪੰਜਾਬ ਦੇ ਵਿੱਚ ਲੱਗੀ ਹੈ ਉਹ ਦੂਸਰੇ ਪ੍ਰਦੇਸਾਂ ਵਿੱਚ ਜਾ ਰਹੀ ਹੈ। ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਹ ਜਿਹੜੀ ਪੰਜਾਬ ਦੇ ਵਿੱਚ ਇੰਡਸਟਰੀ ਲੱਗੀ ਹੈ ਇਸ ਦਾ ਵੀ ਆਪਣਾ ਇਤਿਹਾਸ ਹੈ ਇਹ ਇਸ ਕਰਕੇ ਲੱਗੀ ਹੈ ਕਿਉਂਕਿ ਪੰਜਾਬੀ ਉਦਮੀ ਹੈ। It is surely due to the enterprising nature of the Punjabis 70 80 ਦੇ ਦਸਕ ਵਿੱਚ ਜਦੋਂ ਇਥੇ ਗ੍ਰੀਨ ਰੈਵੋਲਿਊਸ਼ਨ ਆਇਆ ਤਾ ਓਸ ਤੋਂ ਬਾਅਦ ਇਹ ਸਚਿਆ ਗਿਆ ਕਿ ਇਥੇ ਇੰਡਸਟਰੀਲਾਈਜੇਸ਼ਨ, ਉਦਯੋਗੀਕਰਨ ਹੋਣਾ ਚਾਹੀਦਾ ਹੈ ਪੰਜਾਬੀ ਅੱਗੇ ਆਇਆ। ਉਸਨੇ ਕੀ ਕੀਤਾ, ਓਸ ਨੂੰ ਪਤਾ ਹੈ ਕਿ ਕੱਚਾ ਮਾਲ, ਰਾਅ ਮੈਟੀਰੀਅਲ ਏਥੇ ਹੈ ਨਹੀ। ਅੱਜ ਤੁਸੀ ਇਹ ਦੇਖ ਕਿ ਜਿੰਨੀ ਵੀ ਇੰਡਸਟਰੀ ਇਥੇ ਪੰਜਾਬ ਵਿਚ ਲੱਗੀ ਹਈ ਹੈ ਓਸਦਾ ਰਾਅ ਮੈਟੀਰੀਅਲ ਪੰਜਾਬ ਦੇ ਵਿਚ ਨਹੀਂ ਹੈ ਅੱਜ ਏਸੀਆ ਦੀ ਸਭ ਤੋਂ ਵੱਡੀ ਸਟੀਲ ਮੰਡੀ, ਮੰਡੀ ਗੋਬਿੰਦਗੜ੍ਹ ਹੈ ਲੇਕਿਨ ਸਾਡੇ ਕਲ ਕੋਈ ਆਇਰਨਔਰ ਨਹੀਂ ਹੈ। ਹੌਜਰੀ ਇਥੇ ਲੁਧਿਆਣੇ ਹੈ ਲੇਕਿਨ ਵੂਲ ਨਹੀਂ ਹੈ। ਸਪਰਟਸ ਇੰਡਸਟਰੀ ਜਲੰਧਰ ਵਿਖੇ ਹੈ ਲੇਕਿਨ ਸਾਡੇ ਕਲ ਵਿਲੋ ਨਹੀਂ ਹੈ। ਰਬੜ ਇੰਡਸਟਰੀ ਹੈ ਲੇਕਿਨ ਸਾਡੇ ਕਲ ਰਾਅ ਰਬੜ ਨਹੀ ਹੈ ਹੈਂਡਟੂਲ ਇੰਡਸਟਰੀ ਹੈ ਔਰ ਕੰਬਲਾਂ ਦੀ ਟੈਕਸਟਾਈਲ ਇੰਡਸਟਰੀ ਅੰਮ੍ਰਿਤਸਰ ਵਿੱਚ ਹੈ ਲੇਕਿਨ ਉਸ ਵਾਸਤੇ ਸਾਡੇ ਕਲ ਰਾਅ ਮੈਟੀਰੀਅਲ ਨਹੀਂ ਹੈ ਜਿਹੜੇ ਅੱਜ ਇੰਡਸਟਰੀ ਲਗਾਉਣ ਵਾਸਤੇ ਦੂਜੇ ਪ੍ਰਦੇਸਾਂ ਦੇ ਵਿਚ ਕਨਸੈਸਨ ਦਿੱਤੇ ਜਾ ਰਹੇ ਹਨ ਉਸ ਨਾਲ ਕੀ ਹੁੰਦਾ ਹੈ ਕਿ ਇਕ ਜਗ੍ਹਾ ਤੇ ਇੰਡਸਟਰੀ ਪੱਟੀ ਜਾਂਦੀ ਹੈ ਅਤੇ ਦੂਸਰੀ ਜਗ੍ਹਾ ਲੱਗ ਜਾਂਦੀ ਹੈ ਜਾ ਇਹ ਕਹਿ ਲਓ ਕਿ ਸਿਰਫ ਕਨਸੈਸ਼ਨ ਦੇਣ ਲਈ ਉਥੇ ਦੂਜੇ ਪ੍ਰਦੇਸ਼ਾਂ ਵਿੱਚੋਂ ਬਿਲ ਕੱਟੇ ਜਾਂਦੇ ਹਨ ਉਥੇ ਪ੍ਰੋਡਕਸ਼ਨ ਨਹੀਂ ਹੁੰਦੀ। ਓਸ ਚੀਜ਼

[ਸ੍ਰੀ ਮਨੋਰੰਜਨ ਕਾਲੀਆ]

ਦਾ ਇਫੈਕਟ ਕੀ ਹੁੰਦਾ ਹੈ ਕਿ ਤੁਸੀਂ ਕਨਸੈਸ਼ਨ ਲੈਣ ਦੀ ਖਾਤਰ ਇਕ ਪ੍ਰਦੇਸ਼ ਦੀ ਇੰਡਸਟਰੀ ਪੱਟ ਕੇ ਦੂਸਰੇ ਪ੍ਰਦੇਸ਼ ਵਿੱਚ ਲੈ ਕੇ ਜਾ ਰਹੇ ਹੋ। ਇਸ ਨਾਲ ਅਲਟੀਮੇਟਲੀ ਜੀ.ਡੀ.ਪੀ. ਦੇ ਵਿੱਚ, ਇੰਡਸਟਰੀਅਲ ਗ੍ਰੋਥ ਵਿਚ ਕਈ ਵਾਧਾ ਨਹੀਂ ਹੁੰਦਾ। ਮਾਨਯੋਗ ਡਿਪਟੀ ਸਪੀਕਰ ਸਾਹਿਬ, ਸਾਨੂੰ ਅੱਜ ਸੋਚ ਬਦਲਣੀ ਪਵੇਗੀ ਕਿਉਂਕਿ ਅੱਜ ਸਾਡਾ ਭਾਰਤ ਦਾ ਕੰਪੀਟੀਸ਼ਨ ਅੰਤਰ ਰਾਸ਼ਟਰੀ ਪੱਧਰ ਉੱਤੇ ਹੈ ਨਾ ਕਿ ਸਾਡਾ ਮੁਕਾਬਲਾ ਹਿਮਾਚਲ ਨਾਲ, ਦਿੱਲੀ ਨਾਲ ਜਾਂ ਹਰਿਆਣੇ ਨਾਲ ਹੈ। ਸਾਡਾ ਮੁਕਾਬਲਾ ਹੈ ਕਿ ਅੰਤਰ ਰਾਸ਼ਟਰੀ ਬਜ਼ਾਰ ਵਿੱਚ ਸਾਡਾ ਹਿੰਦੁਸਤਾਨ ਦਾ ਬਣਿਆ ਹੋਇਆ ਮਾਲ ਵਿਕੇ। ਉਹ ਕਿਸ ਤਰ੍ਹਾਂ ਵਿਕੇਗਾ, ਕਹਿੰਦੇ ਹਨ ਕਿ ਜੋ ਸਸਤਾ ਹੈ, ਉਹ ਵਿਕਦਾ ਹੈ, ਜਿਸ ਚੀਜ਼ ਦੀ ਕਾਸਟ ਆਫ ਪ੍ਰੋਡਕਸ਼ਨ ਘੱਟ ਹੈ, ਉਹ ਚੀਜ਼ ਵਿਕਦੀ ਹੈ। ਅੱਜ ਚਾਈਨਾ ਕਿਉਂ ਇੰਟਰਨੈਸ਼ਨਲ ਮਾਰਕੀਟ ਦੇ ਵਿੱਚ ਛਾਇਆ ਹੋਇਆ ਹੈ ਕਿਉਂਕਿ ਚਾਈਨਾ ਦੇ ਅੰਦਰ ਕਾਸਟ ਆਫ ਪ੍ਰੋਡਕਸ਼ਨ ਅੱਜ ਘੱਟ ਹੈ। ਉਸਦੇ ਲਈ ਅੱਜ ਜ਼ਰੂਰਤ ਹੈ ਕਿ ਜਿਹੜੀ ਅੱਜ ਅਸੀਂ ਖਿਚੋਤਾਣੀ ਕਰ ਰਹੇ ਹਾਂ, ਉਸਦੇ ਲਈ ਮੈਂ ਇਕ ਸੁਝਾਅ ਦਿੰਦਾ ਹਾਂ ਕਿ ਕੇਂਦਰ ਸਰਕਾਰ ਇਕ ਬਲਿਊ ਪ੍ਰਿੰਟ ਬਣਾਏ ਕਿ ਕਿਹੜੇ ਕਿਹੜੇ ਪ੍ਰਦੇਸ਼ ਕੋਲ ਪ੍ਰਾਕ੍ਰਿਤਕ ਸ੍ਰੋਤ ਹਨ। ਉਨ੍ਹਾਂ ਸ੍ਰੋਤਾਂ ਦਾ ਅਸੀਂ ਓਪਟੀਮਮ ਉਪਯੋਗ ਕਰੀਏ, ਵੱਧ ਤੋਂ ਵੱਧ ਉਨ੍ਹਾਂ ਸ੍ਰੋਤਾਂ ਦੀ ਵਰਤੋਂ ਕਰੀਏ। ਉਸ ਦੇ ਲਈ ਅਸੀਂ ਨੀਤੀ ਨਿਰਧਾਰਤ ਕਰਕੇ ਪੈਕੇਜ ਦੇਈਏ। ਹੁਣ ਤੁਸੀਂ ਦੇਖੋ ਕਿ ਪੰਜਾਬ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ ਕਿ ਹਿਮਾਚਲ ਕੋਲ ਪਾਣੀ ਹੈ, ਇਸ ਵਾਸਤੇ ਹਾਈਡਰੋ ਇਲੈਕਟ੍ਰੀਸਿਟੀ ਵਾਸਤੇ ਉਨ੍ਹਾਂ ਨੂੰ ਕਈ ਪੈਕੇਜ ਦੇ ਦਿੱਤਾ ਜਾਵੇ। ਛੱਤੀਸਗੜ੍ਹ ਹੈ, ਉਥੇ ਥਰਮਲ ਪਾਵਰ ਜਨਰੇਸ਼ਨ ਦਾ ਕਈ ਸੈਂਟਰ ਬਣਾਇਆ ਜਾ ਸਕਦਾ ਹੈ। ਸਾਨੂੰ ਕਈ ਇਤਰਾਜ਼ ਨਹੀਂ ਹੈ। ਰਬੜ ਹੈ, ਕੇਰਲ ਵਿੱਚ ਹੁੰਦੀ ਹੈ। ਰਬੜ ਇੰਡਸਟਰੀ ਵਾਸਤੇ ਤੁਸੀਂ ਕੇਰਲ ਨੂੰ ਪੂਰਾ ਪੈਕੇਜ ਦਿਓ। ਟੂਰਿਜ਼ਮ ਦਾ ਪੈਕੇਜ ਦਿਓ ਕਿਉਂਕਿ ਪੰਜਾਬ ਟੂਰਿਜ਼ਮ ਦੇ ਵਿੱਚ ਐਕਸੈਲ ਨਹੀਂ ਕਰ ਸਕਦਾ। ਹਿਮਾਚਲ ਪ੍ਰਦੇਸ਼ ਨੂੰ ਫਾਰੈਸਟੇਸ਼ਨ ਦੇ ਲਈ ਪੈਕੇਜ ਦਿਓ ਕਿਉਂਕਿ ਜਿਹੜੇ ਹਿਲੀ ਪ੍ਰਦੇਸ਼ ਹਨ ਜਿਵੇਂ ਹਿਮਾਚਲ ਪ੍ਰਦੇਸ਼ ਹੈ, they are the lungs of the Country. ਇਸੇ ਤਰ੍ਹਾਂ ਹੀ ਜਿਹੜਾ ਪੰਜਾਬ ਹੈ ਇਸ ਵਾਸਤੇ ਅਸੀਂ ਐਗਰੋ ਬੇਸਡ ਇੰਡਸਟਰੀ ਲੈ ਕੇ ਆਈਏ। ਤੁਸੀਂ ਜੰਮੂ ਕਸ਼ਮੀਰ ਨੂੰ ਫਰੂਟ ਬੇਸਡ ਇੰਡਸਟਰੀ ਦਾ ਪੈਕੇਜ ਦਿਉ। ਜਿਹੜੀ ਬਿਜਲੀ ਹਾਈਡਰ ਪਾਵਰ ਜਨਰੇਸ਼ਨ ਰਾਹੀਂ ਪੈਦਾ ਹੁੰਦੀ ਹੈ, ਚਾਹੇ ਉਸ ਦੀ ਕੈਪੀਟਲ ਕਾਸਟ ਜ਼ਿਆਦਾ ਆਉਂਦੀ ਹੈ, ਪਰ ਉਸ ਦੀ ਰੰਨਿੰਗ ਕਾਸਟ

ਬੜੀ ਘਟ ਹੁੰਦੀ ਹੈ ਇਸ ਨਾਲ ਬਿਜਲੀ ਸਸਤੀ ਮਿਲੇਗੀ ਹਿਮਾਚਲ ਪ੍ਰਦੇਸ਼ ਵਿਚ ਬਿਜਲੀ ਸਰਪਲੱਸ ਹੋਵੇਗੀ ਅਤੇ ਉਸ ਦਾ ਲਾਭ ਪੰਜਾਬ ਨੂੰ ਹੋਵੇਗਾ। ਬਿਜਲੀ ਸਸਤੀ ਹੋਣ ਨਾਲ ਪੰਜਾਬ ਵਿਚ ਕਾਸਟ ਆਫ ਪ੍ਰੋਡਕਸ਼ਨ ਘਟੇਗੀ ਜਿਹੜਾ ਅਸੀ ਇਕ ਦੂਜੇ ਦਾ ਗਲਾ ਕੱਟਣ ਲੱਗੇ ਹੋਏ ਹਾਂ। ਜੇਕਰ ਅਸੀਂ ਇਕ-ਦੂਜੇ ਦੀ ਬਾਂਹ ਫੜਾਂਗੇ ਤਾਂ ਹੀ ਦੇਸ਼ ਨੂੰ ਅੱਗੇ ਲਿਜਾਵਾਂਗੇ We will usher in an era of mutual co-operation ਜ਼ਰੂਰਤ ਤਾਂ ਇਸ ਗੱਲ ਦੀ ਹੈ ਪਰ ਅੱਜ ਹਾਲਾਤ ਇਹ ਹੈ ਕਿ ਇਕ ਨੂੰ ਪੈਕੇਜ ਦੇ ਦਿਉ ਇਸ ਦੇ ਨਾਲ ਦੂਜੀ ਥਾਂ ਤੋਂ ਇਕ ਇੰਡਸਟਰੀ ਚੁੱਕੀ ਜਾਂਦੀ ਹੈ ਇਸ ਨਾਲ ਕੀ ਹੁੰਦਾ ਹੈ It is a wastage of men, money and material ਇਕ ਥਾਂ ਤੋਂ ਇਕ ਆਪਣੀ ਇੰਡਸਟਰੀ ਨੂੰ ਚੱਕ ਕੇ ਦੂਜੀ ਥਾਂ ਲੈ ਜਾਂਦਾ ਹੈ ਕਿਉਂਕਿ ਉਸਨੂੰ ਕਨਸੈਸ਼ਨ ਮਿਲਣਾ ਹੁੰਦਾ ਹੈ। ਇਸ ਤਰ੍ਹਾਂ ਕਰਨ ਨਾਲ ਜੀ ਡੀ ਪੀ ਵਿਚ ਕੋਈ ਵਾਧਾ ਨਹੀਂ ਹੁੰਦਾ ਇਸ ਲਈ ਅੱਜ ਜ਼ਰੂਰਤ ਹੈ ਕਿ ਕੇਂਦਰ ਸਰਕਾਰ ਆਪਣੀ ਸੋਚ ਇਸ ਤਰ੍ਹਾਂ ਦੀ ਬਣਾਵੇ ਕਿ ਇਸ ਤਰ੍ਹਾਂ ਦੇ ਪੈਕੇਜ ਇਕ ਨੂੰ ਨਹੀ ਦੇਣੇ ਚਾਹੀਦੇ

ਡਿਪਟੀ ਸਪੀਕਰ ਸਾਹਿਬ, ਰਾਜਪਾਲ ਜੀ ਦੇ ਭਾਸ਼ਣ ਵਿਚ ਜਿਕਰ ਹੋਇਆ ਹੈ ਕਿ ਕੇਂਦਰ ਸਰਕਾਰ ਕੋਲੋਂ ਟੈਕਸਾਂ ਦਾ 50% ਸ਼ੇਅਰ ਮਿਲਣਾ ਚਾਹੀਦਾ ਹੈ ਇਥੋਂ ਸੈਂਟਰਲ ਸਰਕਾਰ 65% ਟੈਕਸ ਇਕੱਠੇ ਕਰ ਕੇ ਲੈ ਜਾਂਦੀ ਹੈ ਪ੍ਰੰਤੂ ਉਸ ਵਿਚੋਂ ਪੰਜਾਬ ਨੂੰ ਕੇਵਲ 35% ਸ਼ੇਅਰ ਹੀ ਵਾਪਸ ਮਿਲਦਾ ਹੈ। ਫਿਰ ਇਸ ਢੰਗ ਨਾਲ ਸਕੀਮਾਂ ਬਣਾਈਆਂ ਜਾਂਦੀਆ ਹਨ। ਐਨੀਆਂ ਜਿਆਦਾ ਸਕੀਮਾਂ ਸੈਂਟਰ ਨੇ ਬਣਾ ਦਿੱਤੀਆਂ ਹਨ ਤੁਹਾਨੂੰ ਚੰਗੀਆਂ ਲਗਦੀਆਂ ਹਨ ਜਾਂ ਨਹੀ ਪਰ ਜੇ ਤੁਸੀਂ ਉਨ੍ਹਾਂ ਨੂੰ ਲਵੋਗੇ ਤਾਂ ਹੀ ਤੁਹਾਨੂੰ ਪੈਸੇ ਮਿਲਣਗੇ। ਉਸ ਦੇ ਨਾਲ ਸਮੱਸਿਆ ਇਹ ਖੜ੍ਹੀ ਹੋ ਗਈ ਹੈ ਕਿ ਅੱਜ ਜਿਹੜੇ ਪ੍ਰਦੇਸ਼ ਹਨ, ਉਹ ਸੈਂਟਰ ਸਰਕਾਰ ਤੇ ਨਿਰਭਰ ਹੋ ਗਏ ਹਨ ਮੈਂ ਤਾਂ ਇਹ ਕਹਾਂਗਾ ਕਿ ਇਸ ਤਰ੍ਹਾਂ ਦੀਆਂ ਸਕੀਮਾਂ ਬਣਾਉਣਾ ਪ੍ਰਦੇਸ਼ ਦੇ ਅਧਿਕਾਰ ਉਤੇ ਡਾਕਾ ਹੈ ਤੁਸੀਂ ਦੇਖ, ਜਿਨੇ ਫੰਡ ਹਨ, ਪਹਿਲਾਂ ਸਰਵ ਸਿੱਖਿਆ ਅਭਿਆਨ ਵਿਚ 75 25 ਦੀ ਰੇਸ਼ੋ ਸੀ ਜਿਹੜੀ ਕਿ ਹੁਣ 65 35 ਕਰ ਦਿੱਤੀ ਹੈ ਭਾਵ ਪ੍ਰਦੇਸ਼ ਆਪਣੇ ਕੋਲੋਂ 35% ਹਿੱਸਾ ਪਾਵੇ। ਫਿਰ ਇਹ ਹੈ ਕਿ ਇਕ ਕਿਲੋਮੀਟਰ ਦੇ ਅੰਦਰ ਦੀ ਪਾਪੂਲੇਸ਼ਨ ਵਿਚ ਸਕੂਲ ਨਾ ਹੋਵੇ ਸਾਡੀ ਸਰਕਾਰ ਨੇ ਉਹ ਪਹਿਲਾਂ ਹੀ ਬਣਾਏ ਹੋਏ ਹਨ ਇਸੇ ਤਰ੍ਹਾਂ ਰਾਸ਼ਟਰੀ ਕ੍ਰਿਸ਼ੀ ਯੋਜਨਾ ਵਿਚ ਵੀ ਇਹ ਹੈ ਕਿ ਜਿਥੇ ਅਨ ਇਰੀਗੇਟੇਡ ਏਰੀਆ ਹੈ, ਉਥੇ ਹੀ ਪੈਸੇ ਦੇਣੇ ਹਨ। ਲੇਕਿਨ ਪੰਜਾਬ ਵਿੱਚ ਤਾਂ ਕਦੋਂ ਦੇ ਖਾਲੇ ਪੱਕੇ ਹੋਏ ਹਨ। ਜਦੋਂ ਸਰਦਾਰ ਪਰਕਾਸ਼ ਸਿੰਘ ਬਾਦਲ ਪਹਿਲੀ

[ਸ਼੍ਰੀ ਮਨੋਰੰਜਨ ਕਾਲੀਆ]

ਵਾਰ ਮੁੱਖ ਮੰਤਰੀ ਬਣੇ ਸਨ ਤਾਂ ਉਦੋਂ ਉਨ੍ਹਾਂ ਨੇ ਖਾਲੇ ਪੱਕੇ ਕਰਨ ਦੀ ਸਕੀਮ ਬਣਾਈ ਸੀ ਇਸ ਤਰ੍ਹਾਂ ਸਾਰੇ ਪ੍ਰਦੇਸ਼ ਵਿਚ ਤਾਂ ਖਾਲੇ ਪੱਕੇ ਹੋਇਆਂ ਨੂੰ 30 32 ਸਾਲ ਹੋ ਗਏ ਹਨ ਮੇਨਟੀਨੈਂਸ ਲਈ ਪੈਸਾ ਨਹੀਂ ਮਿਲਦਾ ਇਸ ਤਰ੍ਹਾਂ ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਯੋਜਨਾ ਵਿਚ ਸਾਡੇ ਪ੍ਰਦੇਸ ਵਿਚ ਪਹਿਲਾਂ ਹੀ ਸੜਕਾਂ ਬਣੀਆਂ ਹੋਈਆਂ ਹਨ ਅਤੇ ਅਸੀਂ ਕਾਫੀ ਦੇਰ ਤੋਂ ਲਿੰਕ ਰੋਡਜ਼ ਬਣਾਈਆਂ ਹੋਈਆਂ ਹਨ ਰਾਜੀਵ ਗਾਂਧੀ ਗ੍ਰਾਮੀਣ ਵਿਦੁੱਤ ਯੋਜਨਾ ਵਿੱਚ ਪਹਿਲਾਂ ਹੀ ਅਸੀਂ ਪਿੰਡਾਂ ਵਿਚ ਲਾਈਟ ਦਿੱਤੀ ਹੋਈ ਹੈ। ਇਸੇ ਤਰ੍ਹਾਂ ਨਰੇਗਾ ਸਕੀਮ ਹੈ ਇਹ ਸਾਰੀਆਂ ਸਕੀਮਾਂ straight-jacketed ਹਨ, ਇਹ ਪ੍ਰਦੇਸ਼ ਵਾਸਤੇ ਠੀਕ ਹਨ ਜਾਂ ਨਹੀਂ ਹਨ, ਇਹ ਬਿਨਾਂ ਸੋਚੇ-ਸਮਝੇ ਇਕ ਲਿਸਟ ਬਣਾਈ ਹੋਈ ਹੈ ਇਸ ਲਈ ਜ਼ਰੂਰੀ ਹੈ ਕਿ ਸੈਂਟਰ ਨੂੰ ਚਾਹੀਦਾ ਹੈ ਕਿ ਇਹ ਪੈਸਾ ਪ੍ਰਦੇਸ਼ ਦਾ ਹੈ, ਜਿਹੜੀਆਂ ਅਸੀਂ ਸਕੀਮਾਂ ਤੁਹਾਨੂੰ ਦੇ ਰਹੇ ਹਾਂ ਉਨ੍ਹਾਂ ਵਿਚੋਂ ਜਿਹੜੀ ਤੁਹਾਨੂੰ ਸੂਟ ਕਰਦੀ ਹੈ, ਉਹ ਸਕੀਮ ਲੈ ਲਵੋ, ਉਸ ਸਕੀਮ ਵਿਚ ਪੈਸਾ ਟ੍ਰਾਂਸਫਰ ਹੋ ਜਾਵੇਗਾ। ਇਸ ਤਰ੍ਹਾਂ ਪੈਸੇ ਦਾ ਔਪਟੀਮਮ ਯੂਜ਼ ਹੋ ਸਕੇਗਾ ਪਰ ਅੱਜ ਸੈਂਟਰ ਸਰਕਾਰ ਦੀਆਂ ਸਾਰੀਆਂ ਸਕੀਮਾਂ straight-jacketed ਬਣਾਈਆਂ ਹੋਈਆਂ ਹਨ, ਤੁਹਾਡੇ ਪ੍ਰਦੇਸ਼ ਨੂੰ ਸੂਟ ਕਰਦੀਆਂ ਹਨ ਜਾਂ ਨਹੀਂ ਕਰਦੀਆਂ, ਤੁਹਾਨੂੰ ਅਪਨਾਉਣੀਆਂ ਪੈਣਗੀਆਂ। ਇਸ ਲਈ ਇਹ ਜ਼ਰੂਰੀ ਹੈ ਕਿ ਪ੍ਰਦੇਸ਼ਾਂ ਵਿਚੋਂ ਜਿੰਨਾ ਵੀ ਟੈਕਸ ਇਕੱਠਾ ਹੋ ਕੇ ਸੈਂਟਰ ਸਰਕਾਰ ਨੂੰ ਜਾਂਦਾ ਹੈ, ਉਸ ਵਿਚੋਂ 50% ਸ਼ੇਅਰ ਵਾਪਸ ਮਿਲਣਾ ਜ਼ਰੂਰੀ ਹੈ ਇਹ ਬਿਲਕੁਲ ਠੀਕ ਹੈ

ਮਾਨਯੋਗ ਡਿਪਟੀ ਸਪੀਕਰ ਸਾਹਿਬ, ਪੁਲਿਸ ਦੀ ਭਰਤੀ ਦਾ ਜ਼ਿਕਰ ਹੋਇਆ ਹੈ 3233 ਲੇਡੀਜ਼ ਕਾਂਸਟੇਬਲ ਭਰਤੀ ਕੀਤੀਆਂ ਗਈਆਂ ਹਨ ਇਸੇ ਤਰ੍ਹਾਂ 1200 ਲੇਡੀਜ਼ ਕਾਂਸਟੇਬਲ ਅਤੇ 338 ਸਬ ਇੰਸਪੈਕਟਰ ਆਉਣ ਵਾਲੇ ਤਿੰਨ ਸਾਲਾਂ ਵਿੱਚ ਭਰਤੀ ਕੀਤੇ ਜਾਣਗੇ ਮੈਂ ਇਸ ਵਾਸਤੇ ਮਾਨਯੋਗ ਮੁੱਖ ਮੰਤਰੀ ਜੀ ਅਤੇ ਡਿਪਟੀ ਸੀ.ਐਮ.ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਜਿਹੜਾ ਉਪਰਾਲਾ ਕੀਤਾ ਹੈ ਕਿ ਜਿੰਨੀ ਭਰਤੀ ਹੋਈ ਹੈ, ਚਾਹੇ ਐਜੂਕੇਸ਼ਨ ਡਿਪਾਰਟਮੈਂਟ ਵਿੱਚ ਹੈ ਤੇ ਚਾਹੇ ਪੁਲਿਸ ਵਿੱਚ ਹੈ, ਇਹ ਸਾਰੀ ਮੈਰਿਟ ਤੇ ਹੋਈ ਹੈ ਅਤੇ ਕੋਈ ਵੀ ਅੱਜ ਉਂਗਲ ਨਹੀਂ ਕਰ ਸਕਦਾ। ਇਸ ਲਈ ਜਿਹੜਾ ਇਹ ਲੇਡੀਜ਼ ਕਾਂਸਟੇਬਲ ਦੀ ਭਰਤੀ ਦਾ ਫੈਸਲਾ ਲਿਆ ਗਿਆ ਹੈ, ਇਹ ਬਹੁਤ ਹੀ ਵਧੀਆ ਸਟੈਪ ਹੈ। ਮੈਨੂੰ ਗੱਲ ਯਾਦ ਆ ਗਈ। ਮੈਂ ਜਲੰਧਰ ਗੁਰੂ ਨਾਨਕ ਚੌਕ ਕੋਲ ਜਾ ਰਿਹਾ ਸੀ ਅਤੇ ਰੈਡ ਲਾਈਟ ਆਉਣ ਤੇ ਮੈਂ ਰੁਕ ਗਿਆ। ਉਥੇ ਮੇਲ ਪੁਲਿਸ ਕਾਂਸਟੇਬਲ ਨਾਲ

ਲੇਡੀਜ਼ ਪੁਲਿਸ ਕਾਂਸਟੇਬਲ ਵੀ ਲਗਾਈਆਂ ਹੋਈਆਂ ਸਨ। ਉਸ ਨੇ ਆ ਕੇ ਬਜ਼ੁਰਗ ਸਕੂਟਰ ਸਵਾਰ ਨੂੰ ਕਿਹਾ ਕਿ ਆਪ ਨੇ ਹੈਲਮਟ ਨਹੀਂ ਡਾਲਾ। ਕਾਰ ਵਾਲੇ ਨੂੰ ਕਹੇ ਕਿ ਤੂੰ ਬੈਲਟ ਨਹੀਂ ਲਗਾਈ। ਉਸ ਨੇ ਫਟਾਫਟ ਬੈਲਟ ਲਗਾਈ। ਇਸ ਦਾ ਇਫੈਕਟ ਕੀ ਹੋਇਆ? ਜਿਹੜੀ ਲੇਡੀਜ਼ ਕਾਂਸਟੇਬਲ ਖੜ੍ਹੀ ਹੈ, ਇੱਕ ਤਾਂ ਜੈਬਰਾ ਕਰਾਸਿੰਗ ਤੇ ਕੋਈ ਬੰਦਾ ਕਰਾਸਿੰਗ ਕਰਨ ਦੀ ਜੁਰਅਤ ਨਹੀਂ ਕਰਦਾ ਅਤੇ ਨਾ ਹੀ ਕੋਈ ਉੱਚਾ ਬੋਲ ਸਕਦਾ ਹੈ। ਉਥੇ ਮੈਂ ਪੁਲਿਸ ਕਮਿਸ਼ਨਰ, ਜਲੰਧਰ ਨੂੰ ਕੰਪਲੀਮੈਂਟਸ ਦਿੱਤੇ ਕਿ ਤੁਹਾਡਾ ਜਿਹੜਾ ਪ੍ਰਯਾਸ ਹੈ ਕਿ ਟ੍ਰੈਫਿਕ ਪਲੀਸਿੰਗ ਵਿੱਚ ਲੇਡੀਜ਼ ਪੁਲਿਸ ਦਾ ਸਹਿਯੋਗ ਲੈ ਰਹੇ ਹੋ, ਇਹ ਬਹੁਤ ਅੱਛਾ ਉਪਰਾਲਾ ਹੈ ਅਤੇ ਇਸ ਦਾ ਅੱਛਾ ਇਫੈਕਟ ਜਾ ਰਿਹਾ ਹੈ, ਬਜਾਏ ਇਸ ਦੇ ਕਿ ਤੁਸੀਂ ਚਲਾਨ ਕੱਟੀ ਜਾਓ ਤੇ ਲੋਕ ਦੁਖੀ ਹੋਣ। ਬਜ਼ੁਰਗ ਸਕੂਟਰ ਸਵਾਰ ਜਿਸ ਨੂੰ ਇੱਕ ਵਾਰੀ ਕਹਿ ਦਿੱਤਾ ਕਿ ਲੇਡੀਜ਼ ਪੁਲਿਸ ਕਾਂਸਟੇਬਲ ਬੈਠੀ ਹੈ ਤੇ ਉਸ ਨੇ ਫਿਰ ਦੁਬਾਰਾ ਜਾ ਕੇ ਕਹਿਣਾ ਹੈ ਕਿ ਤੂੰ ਹੈਲਮਟ ਨਹੀਂ ਪਾਇਆ ਤੇ ਅਗਲੀ ਵਾਰ ਉਹ ਪਾ ਕੇ ਆਵੇਗਾ।

ਡਿਪਟੀ ਸਪੀਕਰ ਸਾਹਿਬ, ਸਾਡਾ ਪੰਜਾਬ ਦਾ ਜਿਹੜਾ ਬਾਰਡਰ ਹੈ, ਉਹ ਪਾਕਿਸਤਾਨ ਨਾਲ ਲਗਦਾ ਹੈ। ਹਮੇਸ਼ਾ ਕੋਸ਼ਿਸ਼ਾਂ ਹੁੰਦੀਆਂ ਹਨ ਅਤੇ ਪੰਜਾਬ ਦੀ ਅਮਨ ਸ਼ਾਂਤੀ ਤੇ ਦੇਸ਼ ਦੀ ਅਮਨ ਸ਼ਾਂਤੀ ਨੂੰ ਭੰਗ ਕਰਨ ਦਾ ਪ੍ਰਯਾਸ ਹੁੰਦਾ ਹੈ। ਪੰਜਾਬ ਪੁਲਿਸ ਨੇ ਹਥਿਆਰਾਂ ਦੇ ਜ਼ਖੀਰੇ, ਟੈਰਰਿਸਟ ਮੌਡਿਊਲਸ ਜਿਹੜੇ ਹਨ, ਉਹ ਕਾਫੀ ਖਤਮ ਕੀਤੇ ਇਸ ਦੇ ਵੀ ਮਾਨਯੋਗ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਜੀ ਵਧਾਈ ਦੇ ਪਾਤਰ ਹਨ। ਇਸੇ ਤਰ੍ਹਾਂ ਪਿਛਲੇ ਸਮਿਆਂ ਵਿੱਚ ਡਰੱਗਜ਼ ਦੇ ਵੀ ਰੈਕਿਟ ਫੜੇ ਗਏ। ਇਹ ਪ੍ਰਯਾਸ ਵੀ ਸਰਾਹੁਨਾਯੋਗ ਹੈ। ਇਸੇ ਤਰ੍ਹਾਂ ਜਿੱਥੇ ਪੁਲਿਸ ਨੇ ਟੈਰੇਰਿਸਟ ਮੌਡਿਊਲਜ਼ ਖਤਮ ਕੀਤੇ ਹਨ ਅਤੇ ਹਥਿਆਰਾਂ ਦੇ ਜ਼ਖੀਰੇ ਵੀ ਪਕੜੇ ਹਨ, ਇਸ ਤਰ੍ਹਾਂ ਦੇ ਕਦਮ ਚੁੱਕਦਿਆ ਚੁੱਕਦਿਆਂ ਪੁਲਿਸ ਦੀ ਨੇਚਰ ਜਿਹੜੀ ਹੈ, ਇਹ ਸਖਤ ਹੋ ਗਈ ਹੈ। ਅੱਜ ਵੀ ਜ਼ਿਕਰ ਹੋਇਆ ਹੈ ਕਿ ਤਰਨਤਾਰਨ ਦਾ ਇੰਸੀਡੈਂਟ ਕਿਸੇ ਨੇ ਸਲਾਹਿਆ ਨਹੀਂ ਹੈ। ਸਾਰਿਆਂ ਨੇ ਕੰਡੈਮ ਕੀਤਾ ਔਰ ਦੁੱਖ ਆਉਂਦਾ ਹੈ ਕਿ ਜਿਸ ਢੰਗ ਨਾਲ ਲੀਡਰ ਆਫ ਦਿ ਆਪੋਜ਼ੀਸ਼ਨ ਨੇ ਬੀਹੇਵ ਕੀਤਾ। ਉਨ੍ਹਾਂ ਨੂੰ ਉਹ ਲੜਕੀ ਇੱਥੇ ਲਿਆਉਣ ਦੀ ਜ਼ਰੂਰਤ ਨਹੀਂ ਸੀ। ਅਸੀਂ ਇੱਥੇ ਨੁਮਾਇੰਦੇ ਬੈਠੇ ਹਾਂ। ਤੁਸੀਂ ਆਪਣੀ ਗੱਲ ਕਹਿ ਸਕਦੇ ਹੋ। ਕਿਸੇ ਬੰਦੇ ਨੇ ਉਸ ਦੀ ਪਿੱਠ ਨਹੀਂ ਠੋਕੀ। ਕਿਸੇ ਨੇ ਨਹੀਂ ਕਿਹਾ ਕਿ ਪਲੀਸ ਨੇ ਠੀਕ ਕੀਤਾ ਹੈ। ਲੇਕਿਨ ਮੈਨੂੰ ਯਾਦ ਹੈ 23 ਸਤੰਬਰ, 2006 ਦਾ ਦਿਨ ਜਦੋਂ ਗੁਰੂ ਅੰਗਦ ਦੇਵ ਵੈਟਰਨਰੀ ਯੂਨੀਵਰਸਿਟੀ ਦੇ ਵੂਮੈਨ ਡਾਕਟਰਜ਼ ਸਟੂਡੈਂਟਸ ਨੂੰ ਪੁਲਿਸ ਨੇ ਮੈਨਹੈਂਡਲ ਕੀਤਾ। ਉਸ ਵੇਲੇ ਦੇ ਮੁੱਖ ਮੰਤਰੀ

[ਸ੍ਰੀ ਮਨੋਰੰਜਨ ਕਾਲੀਆ]

ਨੇ ਪੁਲਿਸ ਦੀ ਪਿੱਠ ਠੋਕਦਿਆਂ ਹੋਇਆ ਕਿਹਾ ਸੀ ਕਿ ਇਨ੍ਹਾਂ ਨਾਲ ਇਸ ਤਰ੍ਹਾਂ ਹੀ ਵਿਵਹਾਰ ਹੋਣਾ ਚਾਹੀਦਾ ਹੈ ਉਹ ਕਾਂਗਰਸ ਦਾ ਮੁੱਖ ਮੰਤਰੀ ਸੀ। ਇੱਥੇ ਕਿਸੇ ਨੇ ਪਿਠ ਨਹੀਂ ਠੋਕੀ। ਲੇਕਿਨ ਮੈਂ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਪੁਲਿਸ ਨੂੰ ਮਾਰਲ ਟੀਚਿੰਗ ਦੀ ਲੋੜ ਹੈ ਕਿ ਜਿਹੜਾ ਵਰਤਾਓ ਅਸੀਂ ਕਿਸੇ ਆਤੰਕਵਾਦੀ ਨਾਲ ਕਰਦੇ ਹਾਂ ਜਾਂ ਬੈਡ ਐਲੀਮੈਂਟ ਨਾਲ ਕਰਦੇ ਹਾਂ, ਉਹ ਆਮ ਸ਼ਹਿਰੀ ਨਾਲ ਨਹੀਂ ਹੋਣਾ ਚਾਹੀਦਾ। ਮਾਰਲ ਟੀਚਿੰਗ ਅਤੇ ਪੁਲਾਈਟਨੈਸ ਦੀ ਜਰੂਰਤ ਹੈ ਤਾਂ ਕਿ ਅਗਾਂਹ ਤੋਂ ਅਜਿਹੀਆਂ ਘਟਨਾਵਾਂ ਨਾ ਵਾਪਰਨ। ਪੁਲਿਸ ਨੂੰ ਚਾਹੀਦਾ ਹੈ ਕਿ ਆਮ ਲੋਕਾਂ ਨਾਲ ਅੱਛਾ ਵਿਵਹਾਰ ਕਰੇ। ਇਸ ਦੀ ਇੱਕ ਜ਼ਰੂਰਤ ਹੈ। ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਸੁਝਾਓ ਮਾਨਯੋਗ ਡਿਪਟੀ ਸੀ ਐਮ ਸਾਹਿਬ ਅੱਗੇ ਦੱਸਣਾ ਚਾਹੁੰਦਾ ਹਾਂ। ਮਾਰਲ ਟੀਚਿੰਗ ਅਤੇ ਪਲਾਈਟਨੈਸ ਬਾਰੇ ਪੁਲਿਸ ਨੂੰ ਜਾਗਰੂਕ ਕਰਨਾ ਚਾਹੀਦਾ ਹੈ। ਇਸੇ ਤਰ੍ਹਾਂ ਮਾਨਯੋਗ ਡਿਪਟੀ ਸਪੀਕਰ ਸਾਹਿਬ, ਜਿਹੜੇ ਮੈਮੋਰੀਅਲ ਬਣਾਏ ਗਏ ਹਨ, ਬਾਬਾ ਬੰਦਾ ਸਿੰਘ ਜੀ ਬਹਾਦਰ ਮੈਮੋਰੀਅਲ, ਵਿਰਾਸਤ ਏ ਖਾਲਸਾ, ਵੱਡਾ ਘੱਲੂਘਾਰਾ ਅਤੇ ਛੋਟਾ ਘੱਲੂਘਾਰਾ ਅਤੇ ਜੰਗੇ ਆਜ਼ਾਦੀ ਮੈਮੋਰੀਅਲ ਕਰਤਾਰਪੁਰ ਵਿਖੇ ਬਣਨ ਜਾ ਰਿਹਾ ਹੈ। ਇਹ ਮੈਮੋਰੀਅਲ ਕਿਉਂ ਬਣਾਏ ਜਾਂਦੇ ਹਨ ਕਿਉਂਕਿ ਜਿਹੜੀਆਂ ਕੌਮਾਂ ਆਪਣੇ ਵਿਰਸੇ, ਆਪਣੇ ਇਤਿਹਾਸ ਨੂੰ ਭੁਲਾ ਦਿੰਦੀਆਂ ਹਨ, ਉਹ ਖਤਮ ਹੋ ਜਾਂਦੀਆਂ ਹਨ।

ਯੂਨਾਨ, ਰੋਮ, ਮਿਸਰ ਸਭ ਮਿਟ ਗਏ,
ਕਿਆ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ।

ਉਸ ਦਾ ਕਾਰਨ ਹੈ ਕਿ ਅਸੀਂ ਆਪਣੇ ਇਤਿਹਾਸ ਨੂੰ, ਆਪਣੇ ਵਿਰਸੇ ਨੂੰ ਨਹੀਂ ਭੁਲਾਇਆ। ਪ੍ਰਯਾਸ ਹੈ, ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੇ ਇਤਿਹਾਸ ਅਤੇ ਵਿਰਸੇ ਨਾਲ ਜੋੜਨ ਦਾ ਉਪਰਾਲਾ ਹੈ। ਮੈਂ ਪਿਛਲੇ ਸਾਲ ਵੀ ਇਹ ਜ਼ਿਕਰ ਕੀਤਾ ਸੀ ਕਿ ਜਿਹੜੇ ਸਾਡੇ ਪੰਜਾਬ ਦੀ ਅਮਨ ਸ਼ਾਂਤੀ ਦੀ ਰਾਖੀ ਲਈ ਸ਼ਹੀਦ ਹੋਏ ਹਨ, ਉਨ੍ਹਾਂ ਲਈ ਵੀ ਇੱਕ ਯਾਦਗਾਰ ਬਣੇ ਕਿਉਂਕਿ ਅਮਨ ਸ਼ਾਂਤੀ ਲਈ ਸਾਰੀਆਂ ਪਾਰਟੀਆਂ ਨੇ ਕੁਰਬਾਨੀਆਂ ਦਿੱਤੀਆਂ ਹਨ। ਜਿਥੇ ਜਥੇਦਾਰ ਹਰਚੰਦ ਸਿੰਘ ਲੌਂਗੋਵਾਲ, ਸ਼੍ਰੋਮਣੀ ਅਕਾਲੀ ਦਲ ਦੇ ਸੀ, ਬਾਬੂ ਹਿਤ ਅਭਿਲਾਸ਼ੀ ਜੀ ਭਾਰਤੀ ਜਨਤਾ ਪਾਰਟੀ ਦੇ ਅਧਿਅਕਸ਼ ਰਹੇ,ਉਨ੍ਹਾਂ ਨੇ ਸ਼ਹਾਦਤ ਦਿੱਤੀ। ਸਰਦਾਰ ਬੇਅੰਤ ਸਿੰਘ ਜੀ ਕਾਂਗਰਸ ਦੇ ਮੁੱਖ ਮੰਤਰੀ ਸੀ, ਉਨ੍ਹਾਂ ਨੇ ਸ਼ਹਾਦਤ ਦਿੱਤੀ। ਸ਼ਹੀਦ ਰਮੇਸ਼ ਚੰਦਰ ਜੀ, ਪੰਜਾਬ ਕੇਸਰੀ, ਇਸੇ ਤਰ੍ਹਾਂ ਲਾਲਾ ਜਗਤ

ਨਰਾਇਣ ਜੀ, ਸਰਦਾਰ ਦਰਸ਼ਨ ਸਿੰਘ ਕੈਨੇਡੀਅਨ ਸੀ.ਪੀ.ਆਈ. ਦੇ ਸਨ, ਜਥੇਦਾਰ ਜਾਗੀਰ ਸਿੰਘ ਜੀ, ਮੈਂਬਰ ਐਸ.ਜੀ.ਪੀ.ਸੀ. ਸੀ। ਸਰਦਾਰ ਸਰਵਣ ਸਿੰਘ ਚੀਮਾ, ਸੀ.ਪੀ.ਆਈ. (ਐਮ) ਸਨ, ਸਰਦਾਰ ਸੁਮੀਤ ਸਿੰਘ ਪ੍ਰੀਤਲੜੀ, ਸ੍ਰੀ ਵਰਿੰਦਰ, ਫਿਲਮੀ ਐਕਟਰ, ਇਹ ਸਾਰੇ ਸ਼ਹੀਦ ਹੋਏ ਹਨ। ਇਨ੍ਹਾਂ ਸ਼ਹੀਦਾਂ ਪ੍ਰਤੀ ਨਤਮਸਤਕ ਹੋਣ ਲਈ ਮੈਂ ਮਾਨਯੋਗ ਮੁੱਖ ਮੰਤਰੀ ਜੀ ਤੋਂ ਮੰਗ ਕਰਦਾ ਹਾਂ ਕਿ ਉਨ੍ਹਾਂ ਦੀ ਯਾਦ ਵਿੱਚ ਪੰਜਾਬ ਵਿੱਚ ਯਾਦਗਾਰ ਬਣਾਈ ਜਾਵੇ, ਜਿਥੇ ਜੋ ਅੱਜ ਪੰਜਾਬ ਵਿਚ ਅਮਨ ਸ਼ਾਂਤੀ ਆਈ ਹੈ, ਉਸ ਨੂੰ ਕਾਇਮ ਰੱਖਣ ਲਈ ਜਿਨ੍ਹਾ ਨੇ ਸ਼ਹਾਦਤਾਂ ਦਿੱਤੀਆਂ ਹਨ, ਉਨ੍ਹਾ ਲਈ ਇੱਕ ਯਾਦਗਾਰ ਬਣੇ। ਇਹ ਯਾਦਗਾਰ ਉਸੇ ਤਰ੍ਹਾ ਦੀ ਬਣੇ ਜਿਸ ਤਰ੍ਹਾ ਜਲ੍ਹਿਆਂ ਵਾਲਾ ਬਾਗ ਇੱਕ ਤੀਰਥ ਅਸਥਾਨ ਬਣਿਆ ਹੋਇਆ ਹੈ। ਇਹ ਪੰਜਾਬ ਦੀ ਅਮਨ ਸ਼ਾਂਤੀ ਮਹਿੰਗੀ ਖਰੀਦੀ ਹੋਈ ਹੈ ਅਤੇ ਆਉਣ ਵਾਲੀਆਂ ਨਸਲਾਂ ਨੂੰ ਇਸ ਗੱਲ ਦਾ ਪਤਾ ਲੱਗੇ। ਮਾਨਯੋਗ ਮੁੱਖ ਮੰਤਰੀ ਜੀ, ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਜਿਹੜੀ ਸਰਕਾਰ ਹੈ, ਪਤਾ ਲੱਗੇ ਕਿ ਅਸੀ ਆਪਣੇ ਵਿਰਸੇ ਨੂੰ ਹੋਰ ਮਜ਼ਬੂਤ ਕਰਦੇ ਹਾਂ। ਸੋ ਉਪਰਾਲਾ ਹੋਣਾ ਚਾਹੀਦਾ ਹੈ।

ਮਾਨਯੋਗ ਡਿਪਟੀ ਸਪੀਕਰ ਸਾਹਿਬ, ਸਿੱਖਿਆ ਦੇ ਖੇਤਰ ਵਿੱਚ ਪੰਜਾਬ ਨੇ ਜਿਹੜੀਆਂ ਮੱਲਾਂ ਮਾਰੀਆਂ ਹਨ, ਕੰਪੋਜਿਟ ਐਜੂਕੇਸ਼ਨ ਡਿਵੈਲਪਮੈਂਟ ਇੰਡੈਕਸ ਵਿੱਚ ਪੰਜਾਬ ਪਹਿਲਾ ਤੇਰ੍ਹਵੀਂ ਪੁਜ਼ੀਸ਼ਨ ਤੇ ਸੀ ਅਤੇ ਅੱਜ ਪੰਜਾਬ ਪਹਿਲੇ ਨੰਬਰ ਤੇ ਆਇਆ ਹੈ। ਮੈਂ ਵਧਾਈ ਦਿੰਦਾ ਹਾਂ ਮੁੱਖ ਮੰਤਰੀ ਜੀ ਨੂੰ ਅਤੇ ਖਾਸ ਕਰਕੇ ਸਿੱਖਿਆ ਮੰਤਰੀ ਜੀ ਨੂੰ ਕਿ ਉਨ੍ਹਾਂ ਨੇ ਪੰਜਾਬ ਵਿੱਚ ਸਿੱਖਿਆ ਦੇ ਖੇਤਰ ਵਿੱਚ ਇਹ ਉਪਰਾਲਾ ਕੀਤਾ ਹੈ। ਜਿਹੜੀ ਭਰਤੀ ਹੋਈ ਹੈ, ਉਹ ਵੀ ਫੁਲਪਰੂਫ ਹੋਈ ਹੈ। ਜਿੰਨੀਆਂ ਵੀ ਭਰਤੀਆਂ ਹੋਈਆਂ ਹਨ, ਉਹ ਮੈਰਿਟ ਤੇ ਹੋਈਆਂ ਹਨ। ਅੱਜ ਡਰਾਪ ਆਊਟ ਰੇਟ 2 ਪ੍ਰਤੀਸ਼ਤ ਤੋਂ ਘਟ ਕੇ 1 ਪ੍ਰਤੀਸ਼ਤ ਤੇ ਆਇਆ ਹੈ। ਸੋ, ਇਸ ਲਈ ਜਿਥੇ ਹਾਇਰ ਐਜੂਕੇਸ਼ਨ ਵਿੱਚ ਉਪਰਾਲਾ ਹੋਇਆ ਹੈ ਕਿ 9 ਸੈਲਫ ਫਾਈਨਾਂਸ ਪ੍ਰਾਈਵੇਟ ਯੂਨੀਵਰਸਿਟੀਜ਼ ਆਈਆਂ ਹਨ ਔਰ ਹੋਰ ਵੀ ਯੂਨੀਵਰਸਿਟੀਜ਼ ਆ ਰਹੀਆਂ ਹਨ। ਸਿੱਖਿਆ ਦਾ ਖੇਤਰ ਇੱਕ ਐਸਾ ਖੇਤਰ ਹੈ ਕਿ ਇਸ ਵਿੱਚ ਜਿੰਨਾ ਵੀ ਕੰਮ ਕੀਤਾ ਜਾਵੇ, ਚਾਹੇ ਸਰਕਾਰੀ ਪੱਖ ਹੋਵੇ, ਚਾਹੇ ਪ੍ਰਾਈਵੇਟ ਅਦਾਰਿਆਂ ਵੱਲੋਂ ਹੋਵੇ, ਉਨਾ ਹੀ ਥੋੜ੍ਹਾ ਹੈ। ਇਸ ਵਿੱਚ ਅਸੀਂ ਆਪਣੇ ਸਮਾਜ ਦਾ ਅਤੇ ਦੇਸ਼ ਦਾ ਭਵਿੱਖ ਉਜਵਲ ਬਣਾਉਣਾ ਹੈ। ਜੇ ਆਉਣ ਵਾਲਾ ਨੌਜਵਾਨ ਪੜ੍ਹਿਆ ਲਿਖਿਆ ਹੋਵੇਗਾ ਤਾਂ ਦੇਸ਼ ਦਾ ਭਵਿੱਖ ਉਜਵਲ ਹੋਵੇਗਾ। ਇਸ ਗੱਲ ਬਾਰੇ ਮੈਂ ਸਰਕਾਰ ਦੇ ਧਿਆਨ ਅਤੇ ਤੁਹਾਡੇ ਰਾਹੀਂ ਮਾਨਯੋਗ ਮੁੱਖ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ

[ਸ੍ਰੀ ਮਨਰੰਜਨ ਕਾਲੀਆ]

ਚਾਹੁੰਦਾ ਹਾਂ ਕਿ ਜਿਹੜੀਆਂ ਪ੍ਰਾਈਵੇਟ ਯੂਨੀਵਰਸਿਟੀਜ਼ ਹਨ, ਉਨ੍ਹਾਂ ਤੇ ਕਈ ਨਾ ਕੋਈ ਚੈੱਕ ਰੱਖਿਆ ਜਾਵੇ ਕਿ ਜਿਹੜੇ ਰੂਲਜ਼ ਐਂਡ ਰੈਗੂਲੇਸ਼ਨ ਹਨ ਕੀ ਉਨ੍ਹਾਂ ਨੂੰ ਉਹ ਫਾਲੋ ਕਰ ਰਹੇ ਹਨ ਕਿ ਨਹੀਂ ਕਰ ਰਹੇ। ਫੀਸ ਸਟਰਕਚਰ ਅਜ ਮਹਿੰਗਾ ਹੁੰਦਾ ਜਾ ਰਿਹਾ ਹੈ, ਸਿੱਖਿਆ ਅੱਜ ਮਹਿੰਗੀ ਹੁੰਦੀ ਜਾ ਰਹੀ ਹੈ। ਸਾਡੇ ਲਈ ਇਹ ਚਿੰਤਾ ਦਾ ਵਿਸ਼ਾ ਹੈ। ਜਿਹੜਾ ਕੁਰੀਕਲਮ ਹੈ, ਉਸ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ ਕਿ ਅਸੀਂ ਪੁਰਾਣੀਆਂ ਕਿਤਾਬਾਂ ਨਾ ਪੜ੍ਹਾਈ ਜਾਈਏ। ਕਿਤਾਬਾਂ ਇਸ ਕਿਸਮ ਦੀਆਂ ਨਾ ਹੋਣ ਕਿ ਜਦੋਂ ਬੱਚਾ ਇੰਜੀਨੀਅਰ ਬਣ ਕੇ ਜਾਂਦਾ ਹੈ ਜਾਂ ਕੋਈ ਵੀ ਡਿਗਰੀ ਹਾਸਲ ਕਰਦਾ ਹੈ, ਉਹ ਉਸ ਦੇ ਯੋਗ ਹੀ ਨਾ ਹਵੇ। ਜਰੂਰਤ ਹੈ ਕਿ ਕਈ ਨਾ ਕੋਈ ਐਸਾ ਉਪਰਾਲਾ ਕੀਤਾ ਜਾਵੇ, ਐਸਾ ਮਕੈਨਿਜ਼ਮ ਬਣਾਇਆ ਜਾਵੇ ਕਿ ਉਹ ਆਪਣੇ ਵਿਸ਼ੇ ਵਿੱਚ ਟਰੇਂਡ ਹੋ ਕੇ ਨਿਕਲੇ, ਮੇਰੀ ਇੱਕ ਪਰਿਚਿਤ ਫੈਮਲੀ ਹੈ, ਉਹ ਡਿਗਰੀ ਪਾਸ ਕਰਕੇ ਆਇਆ ਸੀ ਲੇਕਿਨ ਅੱਜ ਉਹ ਮਾਰਬਲ ਦੀ ਦੁਕਾਨ ਕਰਦਾ ਹੈ ਕਿਉਂਕਿ ਨੌਕਰੀ ਨਹੀਂ ਹੈ। ਸਿਰਫ ਇਹ ਨਾ ਹਵੇ ਕਿ ਬੀ ਟੈੱਕ ਲੈਣਾ ਹੈ ਸਿਰਫ ਮੈਟਰੀਮੋਨੀਅਲ ਐਸਪੈਕਟਸ ਤੇ ਪਰੌਸਪੈਕਟਸ ਨੂੰ ਬੈਟਰ ਕਰਨਾ ਹੈ ਬਾਕੀ ਨੌਕਰੀ ਨਹੀਂ ਮਿਲਣੀ। ਸੋ ਇਸ ਗੱਲ ਲਈ ਧਿਆਨ ਦੇਣ ਦੀ ਜਰੂਰਤ ਹੈ।

ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਸ ਤਰ੍ਹਾਂ ਜਿਹੜੇ ਗੌਰਮਿੰਟ ਰਿਫਾਰਮਜ਼ ਹਨ, ਇਹ ਸ੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦਾ ਬਹੁਤ ਅੱਛਾ ਉਪਰਾਲਾ ਲੋਕਾਂ ਤੱਕ ਪਹੁੰਚਣ ਦਾ ਹੈ, ਇਸ ਵਾਸਤੇ ਸਰਕਾਰ ਆਮ ਲੋਕਾਂ ਦੇ ਦੁਆਰ ਤੱਕ ਪਹੁੰਚੇ ਔਰ ਹਰ ਇਕ ਚੀਜ਼ ਉਨ੍ਹਾਂ ਨੂੰ ਬਿਨਾ ਮੁਸੀਬਤ ਤੋਂ ਮਿਲ ਪਾਏ, ਅੱਜ ਉਸ ਦੀ ਇਕ ਸ਼ੁਰੂਆਤ ਹੋਈ ਹੈ, ਉਸ ਵਿੱਚ ਬੇਹਤਰੀ ਲਿਆਉਣ ਦੀ ਲੋੜ ਹੈ।

ਮਾਨਯੋਗ ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਲੋਕਲ ਗੌਰਮਿੰਟ ਦਾ ਵੀ ਜ਼ਿਕਰ ਕੀਤਾ ਹੈ। ਸਥਾਨਕ ਸਰਕਾਰ ਦੇ ਵਿਚ ਜਿਹੜੇ ਪੈਸੇ ਵਿਕਾਸ ਕਾਰਜਾਂ ਲਈ ਖਰਚ ਕੀਤੇ ਜਾਣਗੇ, ਲੇਕਿਨ ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਸ ਦੇ ਨਾਲ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਪ੍ਰਾਪਰਟੀ ਟੈਕਸ ਹੈ, ਇਹ ਜਿਹੜਾ ਟੈਕਸ ਹੈ ਇਸ ਵਿੱਚ ਕੇਂਦਰ ਸਰਕਾਰ ਨੇ ਜਵਾਹਰ ਲਾਲ ਨਹਿਰੂ ਅਰਬਨ ਰਿਨਿਊਅਲ ਮਿਸ਼ਨ ਵਿਚ ਇਹ ਕੰਡੀਸ਼ਨ ਰੱਖੀ ਹੈ ਕਿ ਪੈਸਾ ਤਾਂ ਮਿਲੇਗਾ ਜੇ ਤੁਸੀ ਪ੍ਰਾਪਰਟੀ ਟੈਕਸ ਲਗਾਉਗੇ, ਲੇਕਿਨ ਪ੍ਰਾਪਰਟੀ ਟੈਕਸ ਕਿਸ ਢੰਗ ਦੇ ਨਾਲ ਲਗਾਉਣਾ ਹੈ, ਕੀ ਫਾਰਮੂਲਾ

ਰੱਖਣਾ ਹੈ ਇਹ ਉਨ੍ਹਾਂ ਨੇ ਛੱਡਿਆ ਹੋਇਆ ਹੈ ਹਰ ਇਕ ਪ੍ਰਦੇਸ਼ ਸਰਕਾਰ ਦੇ ਉੱਤੇ ਇਸ ਲਈ ਇਹ ਫਾਰਮੂਲਾ ਜਿਹੜਾ ਹੈ ਇਸ ਬਾਰੇ ਕਈ ਸੂਬਿਆਂ ਵਿਚ ਫਾਰਮੂਲੇ ਬੜੇ ਸਿੰਪਲ ਹਨ ਕਿ ਸੈਲਫ ਅਸੈਸਮੈਂਟ ਟਾਈਪ ਹਨ ਲੇਕਿਨ ਇਹ ਜਿਹੜਾ ਫਾਰਮੂਲਾ ਹੈ ਇਸ ਦੇ ਬਾਰੇ ਮੈਨੂੰ ਜਿੱਥੇ ਤੱਕ ਜਾਣਕਾਰੀ ਹੈ ਕਿ ਜੋਨਿੰਗ ਕਰ ਰਹੇ ਹਨ ਜ਼ੋਨਿੰਗ ਦੇ ਨਾਲ ਜੇ ਬਿਹਤਰ ਹਵੇ ਕਿ ਬਜਾਏ ਜ਼ੋਨਿੰਗ ਕਰਨ ਦੇ ਜਿਹੜੀ ਰਜਿਸਟਰਾਰ ਵੈਲਿਊ ਆਲਰੇਡੀ ਲੱਗੀ ਹੋਈ ਹੈ ਜੇਕਰ ਤੁਸੀਂ ਉਹੀ ਲੈ ਲਵ ਤਾਂ ਬਿਹਤਰ ਹੈ ਕਿਉਂਕਿ ਉਸ ਵਿਚ ਜੋਨਿੰਗ ਕਰਕੇ ਫਿਰ ਇਨ੍ਹਾਂ ਨੇ ਯੂਨਿਟ ਵੈਲਿਊ ਲਈ ਹੈ ਹੁਣ ਜਲੰਧਰ ਵਿਖੇ ਮਾਸਟਰ ਤਾਰਾ ਸਿੰਘ ਨਗਰ ਹੈ ਉਥੇ ਰੈਜੀਡੈਂਸੀਅਲ ਏਰੀਏ ਦਾ ਰਜਿਸਟਰੀ ਦਾ ਭਾਅ ਚਾਰ ਲੱਖ ਰੁਪਏ ਹੈ ਅਤੇ ਕਮਰਸੀਅਲ ਦਾ 4 ਲੱਖ ਹੈ ਇਨ੍ਹਾ ਨੇ ਕੀ ਕੀਤਾ ਹੈ ਕਿ 4 ਲੱਖ ਅਤੇ 4 ਲੱਖ ਨੂੰ ਜਮ੍ਹਾਂ ਕਰਕੇ ਉਸ ਦੀ ਐਵਰੇਜ 7 ਲੱਖ ਰੁਪਏ ਦੀ ਲੈ ਲਈ ਤੇ ਇਸ ਹਿਸਾਬ ਨਾਲ ਯੂਨਿਟ ਵੈਲਿਊ ਉਤੇ ਟੈਕਸ ਲਗਾਉਣਾ ਹੈ ਹੁਣ ਉਸ ਦੇ ਨਾਲ ਕੀ ਹੋਇਆ ਜਿਹੜਾ ਰੈਜੀਡੈਂਸੀਅਲ ਵਾਲਾ ਹੈ ਉਸ ਨੂੰ 7 ਲੱਖ ਪੈ ਗਿਆ ਜਦ ਕਿ ਉਸ ਦੀ ਪ੍ਰਾਪਰਟੀ ਦਾ ਭਾਅ 4 ਲੱਖ ਰੁਪਏ ਹੈ ਸੋ ਉਸ ਗੱਲ ਨੂੰ ਠੀਕ ਕਰਨ ਲਈ ਸਾਨੂੰ ਆਉਣ ਵਾਲੇ ਸਮੇਂ ਵਿਚ ਇਨ੍ਹਾਂ ਗੱਲਾਂ ਦਾ ਬੜਾ ਧਿਆਨ ਰੱਖਣਾ ਚਾਹੀਦਾ ਹੈ। ਇਸ ਦੇ ਵਿਚ 6 ਫੈਕਟਰਜ ਹਨ ਜਿਹੜੇ ਕਿ ਸਾਨੂੰ ਲੈਣੇ ਪੈਣੇ ਹਨ, ਉਸ ਦੇ ਵਿਚ ਯੂਸੇਜ ਫੈਕਟਰ ਹੈ, ਟਾਈਪ ਫੈਕਟਰ ਹੈ, ਸਟਰਕਚਰ ਫੈਕਟਰ ਹੈ, ਆਕੂਪੈਂਸੀ ਫੈਕਟਰ ਹੈ ਸੋ 6 7 ਫੈਕਟਰਜ ਬਾਰੇ ਧਿਆਨ ਰੱਖਣਾ ਪਵੇਗਾ। ਮਤਲਬ ਜੇਕਰ ਇਕ ਰੁਪਿਆ ਰੈਜੀਡੈਂਸੀਅਲ ਵਾਲਾ ਪ੍ਰਾਪਰਟੀ ਟੈਕਸ ਦੇਵੇਗਾ ਤੇ ਚਾਰ ਰੁਪਏ ਕਮਰਸੀਅਲ ਦਾ ਹੋਵੇਗਾ ਇਸ ਵਿਚ ਇਹ ਵੀ ਹੈ ਕਿ ਜੇਕਰ ਤੁਸੀਂ ਅੱਜ ਦੇ ਰੇਟ ਦੇ ਉਤੇ ਕੈਲਕਲੇਟ ਕਰਰੋ ਕਿ ਜਿਹੜੀ 30 ਸਾਲ ਪੁਰਾਣੀ ਰੈਂਟਿਡ ਬਿਲਡਿੰਗ ਹੈ ਉਹ 50 ਰੁਪਏ, 100 ਰੁਪਏ ਰੇਟ ਤੇ ਹੈ ਤੇ ਉਸ ਤੇ ਆ ਜਾਵੇਗਾ ਕਿ 1000 ਰੁਪਿਆ ਸਾਲ ਦਾ ਤੁਸੀਂ ਟੈਕਸ ਦਿਓ ਤਾਂ ਦਾੜ੍ਹੀ ਨਾਲੋਂ ਮੁੱਛਾਂ ਲੰਮੀਆਂ ਉਹ ਕਹੇਗਾ ਕਿ ਭਰਾ ਮੈਨੂੰ ਕਿਰਾਇਆ ਤਾਂ ਮਿਲਣਾ ਨਹੀਂ, ਇਹ ਹਾਊਸ ਟੈਕਸ, ਪ੍ਰਾਪਰਟੀ ਟੈਕਸ ਹੈ, ਇਹ ਮੈਂ ਕਿਥੋਂ ਦੇ ਪਾਵਾਂਗਾ

ਡਿਪਟੀ ਸਪੀਕਰ ਸਾਹਿਬ, ਮੈਨੂੰ ਗੱਲ ਯਾਦ ਆ ਰਹੀ ਕਿ ਟੀ ਡੀ ਐਸ ਫਿਕਸ ਡਿਪਾਜ਼ਿਟ ਉਤੇ ਲੱਗਣਾ ਸ਼ੁਰੂ ਹੋਇਆ ਸੀ, ਇਹ ਤਕਰੀਬਨ 20 ਕੁ ਸਾਲ ਪਹਿਲਾਂ ਦੀ ਗੱਲ ਹੈ ਮੈਂ ਬੈਂਕ ਗਿਆ ਹੋਇਆ ਸੀ ਉਥੇ ਇਕ ਵਿਚਾਰਾ ਕਿਸਾਨ ਚਲਾ ਗਿਆ ਤੇ ਕਹਿੰਦਾ ਮੇਰੀ ਕੁੜੀ ਦਾ ਵਿਆਹ ਹੈ ਤੇ ਜਿਹੜੀ ਮੇਰੀ ਐਫ ਡੀ ਹੈ, ਉਹ ਮੈਨੂੰ ਦੇ ਦਿਉ। ਉਸ ਵੇਲੇ ਬਜਟ ਤਾਜਾ ਤਾਜਾ ਆਇਆ ਸੀ ਤੇ ਬੈਂਕ ਵਾਲੇ ਕਹਿੰਦੇ ਕਿ ਤੇਰਾ ਤੇ ਟੈਕਸ

ਸ੍ਰੀ ਮਨਰੰਜਨ ਕਾਲੀਆ]

ਕੱਟਣਾ ਪੈਣਾ ਹੈ ਤਾਂ ਉਹ ਕਹਿੰਦਾ ਕਿ ਤੁਸੀਂ ਟੈਕਸ ਕੱਟ ਲਵ ਤੇ ਬੈਂਕ ਵਾਲੇ ਕਹਿੰਦੇ ਕਿ ਇੰਸਟ੍ਰਕਸ਼ਨਜ਼ ਨਹੀਂ ਆਈਆਂ ਉਹ ਕਹਿੰਦਾ ਕਿ ਮੈਂ ਹੁਣ ਇਸ ਬਾਰੇ ਕੀ ਕਹਾਂ ਜੇ ਤੁਸੀਂ ਟੈਕਸ ਲੈਣਾ ਹੈ ਉਹ ਕੱਟ ਲਵ ਅੰਤ ਫਿਰ ਉਹ ਕਹਿੰਦਾ ਹੈ ਕਿ ਮੇਰੀ ਕੁੜੀ ਦਾ ਵਿਆਹ ਹੈ ਕੀ ਮੈਨੂੰ ਮੇਰੇ ਪੈਸੇ ਵੀ ਮਿਲ ਜਾਣਗੇ ਜਾਂ ਸਾਰਾ ਟੈਕਸ ਦੇ ਵਿਚ ਹੀ ਚਲਿਆ ਜਾਵੇਗਾ ਸ, ਇਸ ਲਈ ਡਿਪਟੀ ਸਪੀਕਰ ਸਾਹਿਬ, ਇਹ ਮਸਲਾ ਥੋੜ੍ਹਾ ਗੰਭੀਰ ਹੈ ਇਹ ਜਿਹੜਾ ਪ੍ਰਾਪਰਟੀ ਟੈਕਸ ਹੈ ਇਸ ਲਈ ਜੇਕਰ ਬਹਤਰ ਹਵੇ ਤਾਂ ਤੁਹਾਡੇ ਰਾਹੀ ਧਿਆਨ ਵਿਚ ਲਿਆਉਣਾ ਚਾਹੁੰਦਾ ਹਾ ਕਿ ਕੋਈ ਟੀਮ ਬਣਾ ਕੇ, ਇਸ ਦੀ ਸੈਂਪਲ ਟੈਸਟਿੰਗ, ਸੈਂਪਲ ਸਰਵੇ ਜ਼ਰੂਰ ਕਰ ਲਿਆ ਜਾਵੇ। ਥੱਲੇ ਜਿਹੜੀ ਕਸ਼ਮਕਸ ਹਰ ਇਕ ਵਿਧਾਇਕ ਦੀ ਹੈ ਕਿ ਜਿਹੜਾ ਜ਼ੋਨਿੰਗ ਹੈ, ਉਸ ਦੇ ਵਿਚ ਮੇਰਾ ਸਭ ਤੋਂ ਘੱਟ ਕੈਟਾਗਰੀ ਵਾਲਾ ਹਵੇ ਕਿਉਂਕਿ ਉਸ ਦਾ ਬਸ ਹੀ ਕੋਈ ਨਹੀ ਹੈ। ਤੁਸੀਂ ਕਹੋਗੇ ਕਿ ਇਹ ਜ਼ੋਨ 'ਡੀ' ਵਿਚ ਪੈਂਦਾ ਹੈ ਜਾਂ 'ਈ' ਵਿਚ ਪੈਂਦਾ ਹੈ ਤਾਂ ਉਸ ਦਾ ਕੋਈ ਕਰਾਈਟੇਰੀਆ ਨਹੀਂ ਹੈ ਸ, ਇਸ ਲਈ ਇਹ ਜ਼ਰੂਰਤ ਹੈ ਕਿ ਇਸ ਗੱਲ ਨੂ ਥੋੜ੍ਹਾ ਰਿਵਿਊ ਕਰ ਲਿਆ ਜਾਵੇ ਤਾ ਕੋਈ ਹਰਜ ਨਹੀਂ ਹੈ ਕਿਉਂਕਿ ਪਿਛਲੇ ਸਮੇਂ ਵਿਚ ਇਸ ਵਿਭਾਗ ਦੇ ਵਿਚ ਕੁਝ ਨੀਤੀਆਂ, ਪਾਲਿਸੀਜ਼ ਮੈਂ ਬਣਾਈਆਂ ਸਨ ਉਸ ਵਿਚ ਇਸ ਗੱਲ ਨੂੰ ਸਿੰਪਲ ਰੱਖਿਆ ਸੀ ਅਤੇ ਅਸੀ ਕਾਫੀ ਟੈਸਟਿੰਗ ਵਗੈਰਾ ਕੀਤੀ ਸੀ ਅਸੀਂ ਜੋ ਪ੍ਰਾਪਰਟੀ ਦੀ ਰਜਿਸਟਰਡ ਵੈਲਿਊ ਹੈ, ਉਹ ਹੀ ਬੇਸ ਲਿਆ ਸੀ ਦਿੱਲੀ ਵਿਚ ਜਦੋਂ ਮੁੱਖ ਮੰਤਰੀ ਸ੍ਰੀ ਮਦਨ ਲਾਲ ਖੁਰਾਣਾ ਜੀ ਸਨ ਉਨ੍ਹਾਂ ਨੇ ਸੁਝਾਅ ਦਿੱਤਾ ਸੀ ਕਿ ਜੋ ਰਜਿਸਟਰੀ ਦੀ ਵੈਲਿਊ ਹੈ, ਉਹੀ ਕਾਸਟ ਵੈਲਿਊ, ਲੈਂਡ ਵੈਲਿਊ ਲੈ ਲਓ। ਜੇਕਰ ਇਹ ਨਹੀ ਲੈਣੀ ਤਾਂ ਜਿਹੜੀ ਅੱਜ ਦੀ ਮਾਰਕੀਟ ਦੀ ਰਜਿਸਟਰਡ ਵੈਲਿਊ ਹੈ, ਓਹ ਲੈ ਲਓ ਬਜਾਏ ਇਸ ਦੇ ਕਿ ਤੁਸੀਂ ਜ਼ੋਨ ਬਣਾਓ ਅਤੇ ਯੂਨਿਟ ਵੈਲਿਊ ਨਵੀ ਕੱਢੋ ਇਸ ਨਾਲ ਕੀ ਹੈ ਕਿ ਇੱਕ ਤਾਂ ਇਹ ਫਾਰਮੂਲਾ ਬੜਾ ਔਖਾ ਹੈ, ਦੂਜਾ ਇਹ ਕਿ ਇਹ ਏ ਗਰੇਡ ਹੈ, ਬੀ ਗਰੇਡ ਹੈ ਜਾਂ ਸੀ ਗਰੇਡ ਹੈ ਕਿਹੜੀ ਕੰਸਟ੍ਰਕਸ਼ਨ ਹੈ, ਇਸ ਦੀ ਡਿਸਕਰੀਸ਼ਨ ਹਾਲੇ ਵੀ ਅਫਸਰਾਂ ਕੋਲ ਹੋਣਾ ਹੈ। ਇਹ ਫਾਰਮੂਲਾ ਇਸ ਤਰ੍ਹਾਂ ਦਾ ਹੈ ਕਿ ਆਮ ਬੰਦੇ ਦੇ ਪੱਲੇ ਨਹੀਂ ਪੈਣਾ ਸਾਡੇ ਤੁਹਾਡੇ ਵਰਗਿਆਂ ਲਈ ਵੀ ਮੁਸ਼ਕਿਲ ਹੈ। ਇਸ ਗੱਲ ਦੀ ਜ਼ਰੂਰਤ ਹੈ ਕਿ ਇਸ ਨੂੰ ਸਿੰਪਲੀਫਾਈ ਕੀਤਾ ਜਾਵੇ ਕਿਉਂਕਿ ਪ੍ਰਾਪਰਟੀ ਟੈਕਸ ਕੇਂਦਰ ਨੇ ਕਿਹਾ ਹੈ ਕਿ ਇਸ ਨੂੰ ਲਗਾਉਣਾ ਹੈ। ਮੇਰੀ ਪ੍ਰਾਰਥਨਾ ਸਿਰਫ ਇੰਨੀ ਹੈ ਕਿ ਇਸ ਨੂ ਮੁੜ ਦੇਖ ਕੇ ਜਿਹੜਾ ਸਿੰਪਲ ਪ੍ਰੋਸੀਜ਼ਰ ਹੈ ਉਹ

ਰੱਖਿਆ ਜਾਵੇ ਤਾਂ ਕਿ ਆਮ ਵਿਅਕਤੀ ਵੀ ਜ਼ਰਬ ਦੇ ਕੇ ਜਿਸ ਤਰ੍ਹਾਂ ਇਨਕਮ ਟੈਕਸ ਦਿੱਤਾ ਜਾਂਦਾ ਹੈ ਉਵੇਂ ਕਰ ਸਕੇ। ਸੋ, ਜਿਹੜਾ ਰਾਜਪਾਲ ਜੀ ਦਾ ਭਾਸ਼ਣ ਹੈ, ਉਸ ਬਾਰੇ ਜਿਹੜਾ ਪ੍ਰਸਤਾਵ ਡਾਕਟਰ ਦਲਜੀਤ ਸਿੰਘ ਚੀਮਾ ਜੀ ਲੈ ਕੇ ਆਏ ਹਨ, ਇਨ੍ਹਾਂ ਸ਼ਬਦਾਂ ਨਾਲ, ਮੈਂ ਇਸ ਦੀ ਪ੍ਰੋੜ੍ਹਤਾ ਕਰਦਾ ਹਾਂ ਬਹੁਤ ਬਹੁਤ ਧੰਨਵਾਦ।

ਸ੍ਰੀ ਅਸ਼ਵਨੀ ਕੁਮਾਰ ਸ਼ਰਮਾ (ਪਠਾਨਕੋਟ) : ਸਪੀਕਰ ਸਾਹਿਬ .

(ਇੱਕ ਆਵਾਜ਼ ਡਿਪਟੀ ਸਪੀਕਰ ਸਾਹਿਬ ਕਹੋ)

ਸ੍ਰੀ ਅਸ਼ਵਨੀ ਕੁਮਾਰ ਸ਼ਰਮਾ : ਜਿਹੜੇ ਉਸ ਸੀਟ ਤੇ ਬੈਠੇ ਹਨ, ਉਹ ਸਪੀਕਰ ਹੀ ਹਨ ਇਹ ਪਰੰਪਰਾ ਗਲਤ ਹੈ। ਜਿਹੜਾ ਚੇਅਰ ਤੇ ਬੈਠ ਗਿਆ ਉਹ ਸਪੀਕਰ ਹੀ ਹੈ. ਇਸ ਤੋਂ ਪਹਿਲਾਂ ਕਿ ਮੈਂ ਰਾਜਪਾਲ ਜੀ ਦੇ ਭਾਸ਼ਣ ਦੇ ਪੱਖ ਵਿੱਚ ਆਪਣੇ ਵਿਚਾਰ ਰੱਖਾਂ, ਮੈਂ ਆਪ ਜੀ ਤੋਂ ਅਤੇ ਸਦਨ ਦੇ ਮੈਂਬਰ ਸਾਹਿਬਾਨ ਤੋਂ ਆਗਿਆ ਚਾਹਾਂਗਾ ਕਿ ਮੈਂ ਹਿੰਦੀ ਵਿੱਚ ਬੋਲਾਂ ਮੈਨੂੰ ਪੰਜਾਬੀ ਹੋਣ ਦਾ ਬਹੁਤ ਮਾਣ ਹੈ, ਪੰਜਾਬੀਅਤ ਤੇ ਵੀ ਬਹੁਤ ਮਾਣ ਹੈ ਅਤੇ ਪੰਜਾਬੀ ਬੋਲੀ ਤੇ ਵੀ ਬਹੁਤ ਮਾਣ ਹੈ ਪਰ ਮੈਂ ਉਸ ਇਲਾਕੇ ਤੋਂ ਆਉਂਦਾ ਹਾਂ ਕਿ ਜੇਕਰ ਅਸੀਂ ਪੰਜਾਬੀ ਵੀ ਬੋਲੀਏ ਤਾਂ ਲਗਦਾ ਹੈ ਕਿ ਹਿੰਦੀ ਬੋਲ ਰਹੇ ਹਾਂ। ਇਸ ਕਰਕੇ ਮੈਨੂੰ ਲੱਗਦਾ ਹੈ ਕਿ ਅਗਰ ਸਾਰਿਆਂ ਦੀ ਸਹਿਮਤੀ ਹੋਵੇ ਤਾਂ ਮੈਂ ਆਪਣੀ ਗੱਲ ਹਿੰਦੀ ਵਿੱਚ ਰੱਖਾਂ.

(ਇੱਕ ਅਵਾਜ਼ ਪੰਜਾਬੀ ਵਿੱਚ ਹੀ ਬੋਲੋ।)

ਸ੍ਰੀ ਅਸ਼ਵਨੀ ਕੁਮਾਰ ਸ਼ਰਮਾ : ਬੋਲਣ ਵੇਲੇ ਹਿੰਦੀ ਜਿਆਦਾ ਆ ਜਾਂਦੀ ਹੈ, ਫਰ ਵੀ ਮੈਂ ਕੋਸ਼ਿਸ਼ ਕਰਾਂਗਾ

(ਇੱਕ ਆਵਾਜ਼ ਪੰਜਾਬੀ ਹੀ ਬੋਲ।)

ਸ੍ਰੀ ਅਸ਼ਵਨੀ ਕੁਮਾਰ ਸ਼ਰਮਾ: ਸਾਰਿਆਂ ਦੀ ਰਾਏ ਹੈ ਕਿ ਮੈਂ ਪੰਜਾਬੀ ਬੋਲਾਂ ਪਰ ਮੈਂ ਵਿੱਚ ਵਿੱਚ ਹਿੰਦੀ ਵੀ ਬੋਲਾਂਗਾ ਅਤੇ ਤੁਸੀਂ ਬੁਰਾ ਨਾ ਮੰਨਣਾ. ਅੱਜ ਜਿਸ ਵੇਲੇ ਇਸ ਸਦਨ ਦੇ ਅੰਦਰ ਅਸੀਂ ਰਾਜਪਾਲ ਜੀ ਦੇ ਭਾਸ਼ਣ ਉੱਤੇ ਚਰਚਾ ਕਰ ਰਹੇ ਹਾਂ, ਬਹੁਤ ਅਛਾ ਹੁੰਦਾ ਜੇਕਰ ਸਾਹਮਣੇ ਵਾਲੇ ਬੈਂਚ ਵੀ ਭਰੇ ਹੁੰਦੇ। ਅਸੀਂ ਉਨ੍ਹਾਂ ਨੂੰ ਕੁਝ ਕਹਿੰਦੇ ਅਤੇ ਉਹ ਸਾਨੂੰ ਕੁਝ ਕਹਿੰਦੇ ਪਰ ਇਨ੍ਹਾਂ ਦਾ ਇਹ ਹਾਲ ਹੈ

ਗੈਰੋਂ ਸੇ ਸੁਨਾ ਤੁਮ ਨੇ, ਗੈਰੋਂ ਸੇ ਕਹਾ ਤੁਮ ਨੇ,
ਕਭੀ ਕੁਛ ਹਮ ਸੇ ਭੀ ਸੁਨਾ ਹੋਤਾ,
ਕਭੀ ਕੁਛ ਹਮ ਸੇ ਭੀ ਕਹਾ ਹੋਤਾ

[ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ]

ਲੇਕਿਨ ਉਹ ਸਦਨ ਛੱਡ ਕੇ ਚਲੇ ਗਏ। ਰਾਜਪਾਲ ਜੀ ਨੇ ਆਪਣਾ ਭਾਸ਼ਣ ਸ਼ੁਰੂ ਕਰਦੇ ਹੋਏ ਦੇਸ਼ ਦੀ ਵਰਤਮਾਨ ਸਥਿਤੀ ਬਾਰੇ ਗੱਲਬਾਤ ਸ਼ੁਰੂ ਕੀਤੀ। ਜਿਸ ਵੇਲੇ ਮੈਂ ਉਨ੍ਹਾਂ ਦੇ ਭਾਸ਼ਣ ਉੱਤੇ ਬੋਲਣ ਲਈ ਖੜ੍ਹਾ ਹੋਇਆ ਹਾਂ, ਡਿਪਟੀ ਸਪੀਕਰ ਸਾਹਿਬ, ਅੱਜ ਦੇਸ਼ ਦੀ ਸਥਿਤੀ ਬੜੀ ਡਾਵਾਂਡੋਲ ਹੈ। ਭੈਅ, ਭੁੱਖ, ਮਹਿੰਗਾਈ, ਭ੍ਰਿਸ਼ਟਾਚਾਰ, ਅੰਦਰੂਨੀ ਸੁਰੱਖਿਆ ਬੜੀ ਬੁਰੀ ਤਰ੍ਹਾਂ ਨਾਲ ਚਰਮਰਾ ਗਈ ਹੈ। ਇਟਲੀ ਵਰਗਾ ਦੇਸ਼ ਦੇ ਸੈਨਿਕ ਫੜ੍ਹ ਕੇ ਲੈ ਗਿਆ। ਉਹ ਵਾਪਸ ਭੇਜਣੇ ਸੀ, ਵਾਪਸ ਨਹੀਂ ਆ ਰਹੇ, ਸਾਨੂੰ ਅੱਖਾਂ ਦਿਖਾ ਰਹੇ ਹਨ। ਮੰਨਿਆ ਕਿ ਇਟਲੀ ਨਾਲ ਸਾਡਾ ਬੜਾ ਪਿਆਰ ਹੈ, ਉਥੇ ਦੀ ਕੁੜੀ ਇੱਥੇ ਵਿਆਹੀ ਹੈ ਪਰ ਕੁੜੀ ਵਿਆਹੀ ਹੈ, ਦੇਸ਼ ਤਾਂ ਨਹੀਂ ਦੇ ਦੇਣਾ। ਦੇਸ਼ ਨਾਲ ਤਾਂ ਪਿਆਰ ਹੋਣਾ ਚਾਹੀਦਾ ਹੈ। ਜਦੋਂ ਮੈਂ ਇੱਥੇ ਬੋਲ ਰਿਹਾ ਹਾਂ, ਕੱਲ੍ਹ ਪਾਕਿਸਤਾਨ ਦੀ ਅਸੈਂਬਲੀ ਨੇ ਹਿੰਦੁਸਤਾਨ ਦਾ ਦਿਲ ਕਹੇ ਜਾਣ ਵਾਲੇ ਪਾਰਲੀਮੈਂਟ ਤੇ ਜਿਨ੍ਹਾਂ ਨੇ ਹਮਲਾ ਕੀਤਾ, ਉਸ ਦੀ ਫਾਂਸੀ ਦੇ ਵਿਰੁੱਧ ਵਿੱਚ ਮਤਾ ਹੀ ਨਹੀਂ ਪਾਸ ਕੀਤਾ, ਕਸ਼ਮੀਰ ਤੋਂ ਸੈਨਾ ਹਟਾਓ, ਇਹ ਪਾਕਿਸਤਾਨ ਦੀ ਅਸੈਂਬਲੀ ਵਿੱਚ ਪਾਸ ਹੋ ਗਿਆ। ਇਸ ਦੇਸ਼ ਅੰਦਰ ਜਿਸ ਵੇਲੇ ਅਸੀਂ ਖੜ੍ਹੇ ਹਾਂ, ਇਸ ਵੇਲੇ ਦੇਸ਼ ਚੌਰਾਹੇ ਤੇ ਖੜ੍ਹਾ ਹੈ। ਇਹ ਦੇਸ਼ ਲਈ ਸੰਕਟ ਦਾ ਕਾਲ ਹੈ। ਪਾਕਿਸਤਾਨ, ਬਾਰਡਰ ਉੱਤੇ ਸਾਡੇ ਫੌਜੀਆਂ ਦੇ ਸਿਰ ਕੱਟ ਕੇ ਲੈ ਜਾਂਦਾ ਹੈ ਅਤੇ ਪੂਰਾ ਦੇਸ਼ ਸਟੈਂਡ ਹੋ ਜਾਂਦਾ ਹੈ। ਇੱਕ ਪਾਸੇ ਪਾਕਿਸਤਾਨ ਅੱਖਾਂ ਦਿਖਾਈ ਜਾ ਰਿਹਾ ਹੈ, ਚੀਨ ਅੱਖਾਂ ਦਿਖਾਈ ਜਾ ਰਿਹਾ ਹੈ, ਇਟਲੀ ਅੱਖਾਂ ਦਿਖਾਈ ਜਾ ਰਿਹਾ ਹੈ ਅਤੇ ਪੂਰੇ ਦੇਸ਼ ਅੰਦਰ ਦਿੱਲੀ ਜੋ ਲੁੱਟ ਕੀਤੀ ਜਾਂਦੀ ਹੈ, ਉੱਥੇ ਜਿਹੜਾ ਵਾਤਾਵਰਣ ਹੈ ਉਸ ਦੀ ਚਰਚਾ ਮੈਂ ਬਾਅਦ ਵਿੱਚ ਕਰਾਂਗਾ। ਇਸੇ ਵਾਤਾਵਰਣ ਅੰਦਰ ਪੰਜਾਬ ਵਿੱਚ ਛੇ ਸਾਲ ਤੋਂ ਲਗਾਤਾਰ, ਮੁਸਲਸਲ ਛੇ ਸਾਲ ਤੋਂ ਇਸ ਕਰਕੇ ਸਥਾਈ ਵਿਕਾਸਸ਼ੀਲ ਅਤੇ ਪ੍ਰਗਤੀਸ਼ੀਲ ਭਾਈਚਾਰੇ ਦੀ ਅਮਨ-ਸ਼ਾਂਤੀ ਦੀ ਸਰਕਾਰ ਚੱਲ ਰਹੀ ਹੈ ਕਿਉਂਕਿ ਸਾਡੇ ਕੋਲ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਜੈਸਾ ਸੂਝਵਾਨ ਨੇਤਾ ਹੈ। (ਥੰਪਿੰਗ) ਮੈਂ ਉਨ੍ਹਾਂ ਨੂੰ ਸੁਣ ਰਿਹਾ ਸੀ। ਉਦੋਂ ਅਸੀਂ ਛੋਟੇ ਛੋਟੇ ਸੀ, ਮੈਨੂੰ ਉਦੋਂ ਦੋ ਵਿਅਕਤੀ ਬਹੁਤ ਪ੍ਰਭਾਵਿਤ ਕਰਦੇ ਸੀ, ਇੱਕ ਸ੍ਰੀ ਅਟਲ ਬਿਹਾਰੀ ਵਾਜਪਾਈ ਜੀ ਅਤੇ ਦੂਸਰੇ ਸਰਦਾਰ ਪਰਕਾਸ਼ ਸਿੰਘ ਬਾਦਲ ਜੀ। ਮੈਂ ਕਦੇ ਪਹਿਲਾਂ ਸੋਚਿਆ ਵੀ ਨਹੀਂ ਸੀ ਕਿ ਇਸ ਸਦਨ ਵਿੱਚ ਆਵਾਂਗਾ ਜਾਂ ਪਾਰਟੀ ਦੇ ਅਧਿਅਕਸ਼ ਬਣਾਂਗਾ ਤੇ ਇਨ੍ਹਾਂ ਨੂੰ ਕੋਲੋਂ ਦੇਖਣ ਦਾ ਮੌਕਾ ਮਿਲੇਗਾ। ਮੈਨੂੰ ਲੱਗਦਾ ਹੈ ਕਿ

ਓਹੀ ਸਹਿਣਸ਼ੀਲਤਾ ਉਹੀ ਪਵਿੱਤਰਤਾ ਵਾਕਪਟੁਤਾ ਔਰ ਆਪਣੀ ਕੌੜੀ ਤੋਂ ਕੌੜੀ ਗੱਲ ਨੂੰ ਮਿੱਠਾ ਕਰਕੇ ਕਹਿਣਾ, ਇਹ ਕਲਾ, ਪੰਜਾਬ ਦੀ ਨਬਜ਼ ਨੂੰ ਸਮਝਣ ਵਾਲੇ ਐਸੇ ਸੂਝਵਾਨ ਨੇਤਾ ਦਾ ਸਾਇਆ ਜਿੱਥੇ ਇੱਕ ਪਾਸੇ ਦੇਸ਼ ਵਿੱਚ ਐਸਾ ਵਾਤਾਵਰਣ ਹੈ, ਪੰਜਾਬ ਇਸ ਸਾਰੇ ਵਾਤਾਵਰਨ ਤੋਂ ਨਿਕਲਦਾ ਹੋਇਆ ਪ੍ਰਗਤੀ ਉੱਨਤੀ ਤੇ ਵਿਕਾਸ ਵੱਲ ਵੱਧ ਰਿਹਾ ਹੈ। ਅਮਨ ਤੇ ਸਾਂਝੀ ਦੀਆਂ ਗੱਲਾਂ ਇੱਥੇ ਹੋ ਰਹੀਆਂ ਹਨ। ਮੇਰੇ ਤੋਂ ਪੂਰਵ ਵਕਤਾਵਾਂ ਨੇ ਬਹੁਤ ਸਾਰੀਆਂ ਗੱਲਾਂ ਕਹੀਆਂ ਹਨ ਔਰ ਚੀਮਾ ਸਾਹਿਬ ਤੇ ਸ੍ਰੀ ਮਨਰੰਜਨ ਕਾਲੀਆ ਜੀ ਨੇ ਤਾਂ ਭਾਸ਼ਣ ਦਾ ਇੱਕ ਇੱਕ ਪੇਜ ਫੜ ਕੇ ਉਸ ਤੇ ਆਪਣੇ ਵਿਚਾਰ ਰੱਖੇ ਹਨ ਮੈਂ ਵਿਸਥਾਰ ਵਿੱਚ ਨਹੀਂ ਜਾਵਾਂਗਾ ਇਹ ਸਰਕਾਰ ਲਗਾਤਾਰ ਛੇ ਸਾਲ ਤੋਂ ਇਸ ਕਰਕੇ ਹੈ ਕਿ 2002 ਤੋਂ ਲੈ ਕੇ 2007 ਦਾ ਜਿਹੜਾ ਸਮਾ ਸੀ, ਉਹ ਪੰਜਾਬੀਆ ਨੇ ਬੜੀ ਨੇੜੇ ਤੋਂ ਵੇਖਿਆ ਹੈ। ਉਸ ਵੇਲੇ ਲੋਕਤੰਤਰ ਦਾ ਰਾਜ ਨਹੀਂ ਸੀ ਸਗੋਂ ਤਾਨਾਸ਼ਾਹ ਤੇ ਅਰਾਜਕਤਾ ਦਾ ਰਾਜ ਸੀ। ਆਪਣੇ ਵਿਚਾਰਾਂ ਦੀ ਅਭਿਵਿਅਕਤੀ ਕਰਨ ਤੇ ਡੰਡੇ ਪੈਂਦੇ ਸੀ। ਨੌਜਵਾਨ ਬੇਰੁਜ਼ਗਾਰ ਸੀ, ਕਿਸਾਨਾਂ ਨਾਲ ਵਾਅਦਾ ਕਰਕੇ ਵੀ ਤਿੰਨ ਸਾਲ ਉਨ੍ਹਾਂ ਨੂੰ ਮੁਫ਼ਤ ਬਿਜਲੀ ਨਹੀਂ ਦਿੱਤੀ ਗਈ। ਅਨੇਕ ਪ੍ਰਕਾਰ ਦਾ ਕੁਠਾਰਾਘਾਤ ਪੰਜਾਬੀਆਂ ਦੇ ਉਤੇ ਹੋਇਆ ਔਰ ਪੰਜਾਬੀਆਂ ਨੇ ਉਸ ਦਾ ਬਦਲਾ ਸਖਤ ਦਿਲ ਨਾਲ ਲਿਆ ਔਰ ਦੁਬਾਰਾ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੂੰ ਪੰਜਾਬ ਦਾ ਰਾਜ ਭਾਗ ਦੇ ਦਿੱਤਾ। ਪੰਜ ਸਾਲਾਂ ਦੇ ਅੰਦਰ ਜਿਹੜੀ ਵਿਕਾਸ ਦੀ ਲਤੀ ਚੱਲੀ, ਜਿਹੜਾ ਵਿਕਾਸ ਹੋਇਆ, ਉਸ ਨੇ ਪੰਜਾਬ ਦੀ ਰਾਜਨੀਤੀ ਦੇ ਮਾਇਨੇ ਹੀ ਬਦਲ ਦਿੱਤੇ ਅਤੇ ਪੰਜਾਬ ਦੀ ਰਾਜਨੀਤੀ ਦਾ ਏਜੰਡਾ ਹੀ ਬਦਲ ਗਿਆ ਪੰਜਾਬ ਦੀ ਰਾਜਨੀਤੀ ਦੇ ਅੰਦਰ ਜਿਹੜੇ ਪੰਜ ਸਾਲ ਸੀ ਸਾਲ 2002 ਤੋਂ 2007 ਤੱਕ ਉਦੋਂ ਇੱਕ ਹੀ ਨਾਅਰਾ ਲਗਦਾ ਸੀ, ਬਦਲਾ, ਬਾਦਲ ਤੇ ਬਦਲੀ।' ਲੇਕਿਨ ਜਦੋਂ ਸਰਕਾਰ ਦੁਬਾਰਾ ਆਈ ਤਾਂ ਬਦਲਾ ਲੈਣ ਵਾਲਿਆਂ ਨੂੰ ਵੀ ਮੁੱਖ ਮੰਤਰੀ ਜੀ ਨੇ ਮੁਆਫ ਕਰ ਦਿੱਤਾ ਔਰ ਬਦਲੇ ਤੇ ਬਦਲੀ ਦੀ ਜਗ੍ਹਾ ਵੀ ਚਹੁਮੁਖੀ ਵਿਕਾਸ ਦਾ ਨਾਅਰਾ ਪੰਜਾਬ ਦੇ ਅੰਦਰ ਭਾਈਚਾਰੇ ਨੂੰ ਅੱਗੇ ਲਿਆਉਂਦਾ ਰਿਹਾ ਅਤੇ ਅਮਨ ਔਰ ਸਾਂਝੀ ਦੇ ਨਾਲ ਪੰਜਾਬ ਅਗੇ ਵਧਦਾ ਰਿਹਾ ਅਤੇ ਉਸ ਦਾ ਹੀ ਇਹ ਨਤੀਜਾ ਨਿਕਲਿਆ। ਇਕ ਪਾਸੇ ਦੇਸ ਦੇਖੋ। ਅੱਜ ਦੇਸ ਦੇ ਅੰਦਰ ਨੌ ਸਾਲ ਤੋਂ ਯੂ.ਪੀ.ਏ. ਦਾ ਰਾਜ ਹੈ ਕੋਈ ਸਾਲ ਐਸਾ ਨਹੀਂ ਹੈ ਜਦੋਂ ਕੋਈ ਨਾ ਕੋਈ ਵੱਡਾ ਘਟਾਲਾ ਨਾ ਨਿਕਲਿਆ ਹਵੇ। ਮੈਨੂੰ ਇੱਕ ਕਹਾਣੀ ਯਾਦ ਆ ਰਹੀ ਹੈ। ਪੋਤਾ ਆਪਣੇ ਦਾਦੇ ਨੂੰ ਰੋਜ਼ ਤੰਗ ਕਰਦਾ ਸੀ ਕਿ ਮੈਨੂੰ ਕਹਾਣੀ ਸੁਣਾਉ। ਦਾਦੇ ਨੇ ਕਹਾਣੀ ਸੁਣਾਓਣੀ

[ਸ੍ਰੀ ਅਸ਼ਵਨੀ ਕੁਮਾਰ ਸ਼ਰਮਾ]

ਕਹਾਣੀ ਕਿਵੇਂ ਖਤਮ ਹੀ ਹੋਣੀ ਹੈ। ਕਹਾਣੀ ਖਤਮ ਹੋ ਜਾਣੀ, ਬੱਚੇ ਨੇ ਕਹਿਣਾ, 'ਫੇਰ'। ਦਾਦਾ ਬੜਾ ਪਰੇਸ਼ਾਨ ਹੋਇਆ ਕਿ ਰਜ਼ ਹੀ ਕਹਾਣੀ ਸੁਣਾ ਦਿੰਦਾ ਹਾਂ, ਕਹਾਣੀ ਖਤਮ ਹੋ ਜਾਂਦੀ ਹੈ ਤੇ ਇਹ ਮੈਨੂੰ ਫਿਰ 'ਫੇਰ' 'ਫੇਰ' ਕਹਿ ਕੇ ਤੰਗ ਕਰਦਾ ਹੈ। ਦਾਦੇ ਨੂੰ ਇੱਕ ਚਾਲ ਸੁੱਝੀ। ਜਦੋਂ ਪੋਤੇ ਨੇ ਕਿਹਾ ਕਿ ਮੈਨੂੰ ਕਹਾਣੀ ਸੁਣਾ ਤਾਂ ਦਾਦੇ ਨੇ ਕਿਹਾ ਕਿ ਇੱਕ ਸ਼ਿਕਾਰੀ ਸੀ। ਉਸ ਕੋਲ ਇਕ ਜਾਲ ਸੀ। ਪਰ ਉਸ ਕੋਲ ਸਰਦਾਰ ਸੁਖਬੀਰ ਬਾਦਲ ਜੀ ਵਾਲਾ ਜਾਲ ਨਹੀਂ ਸੀ, ਜਿਸ ਦਾ ਜ਼ਿਕਰ ਸਵੇਰੇ ਮੁੱਖ ਮੰਤਰੀ ਜੀ ਕਰ ਰਹੇ ਸੀ। ਉਹ ਵਾਲਾ ਜਾਲ ਨਹੀਂ ਸੀ। ਉਸਦੇ ਜਾਲ ਵਿਚ ਮਗੀ ਸੀ। ਉਸ ਨੇ ਦਾਣਾ ਪਾਇਆ, ਚਿੜੀਆਂ ਆਈਆਂ। ਉਹ ਚਿੜੀ ਨੂੰ ਫੜਨ ਜਾਂਦਾ ਸੀ। ਉਹ ਮਗੇ ਵਿਚੋਂ ਫੁਰਰ ਕਰਕੇ ਉੜ ਜਾਂਦੀ ਸੀ। ਬੱਚਾ ਕਹਿੰਦਾ ਕਿ ਅੱਗੇ ਕੀ ਹੋਇਆ ਉਹ ਕਹਿੰਦਾ ਕਿ ਫਰਰ! ਫਿਰ ਅਗਲੀ ਵਾਰ ਕਹਿੰਦਾ ਕਿ ਕੀ ਹੋਇਆ, ਉਹ ਕਹਿੰਦਾ ਕਿ ਫੁਰਰ। ਕਾਂਗਰਸ ਨੇ ਵੀ ਇਸ ਦੇਸ਼ ਦੀ ਜਨਤਾ ਨੂੰ ਫੁਰਰ ਸਮਝੀ ਰੱਖਿਆ। ਬੱਚਾ ਸਮਝ ਰੱਖਿਆ ਜਿਸ ਨੂੰ ਅਕਲ ਨਹੀਂ। ਦੇਸ਼ ਨੇ ਪੁੱਛਿਆ ਕਿ ਕਾਮਨਵੈਲਥ ਘਟਾਲੇ ਦਾ ਕੀ ਹੋਇਆ। ਕਾਂਗਰਸ ਨੇ ਕਿਹਾ ਕਿ ਫੁਰਰ। ਲੋਕਾਂ ਨੇ ਪੁੱਛਿਆ ਕਿ ਚੁੰਗੀ ਘਟਾਲੇ ਦਾ ਕੀ ਹੋਇਆ? ਕਾਂਗਰਸ ਕਹਿੰਦੀ ਕਿ ਫੁਰਰ। ਕਾਂਗਰਸ ਨੇ ਫਰਰ ਫਰਰ ਕਰ ਦਿੱਤਾ ਕਿ ਨਹੀਂ, ਹੁਣ ਤਾਂ ਹੈਲੀਕਾਪਟਰ ਦਾ ਘਟਾਲਾ। ਪਤਾ ਨਹੀਂ ਇਟਲੀ ਦਾ ਨਾਮ ਆਉਂਦਿਆਂ ਹੀ ਸੱਪ ਕਿਉਂ ਸੁੰਘ ਜਾਂਦਾ ਹੈ। ਲੇਕਿਨ ਇਹ ਜਨਤਾ ਇੱਕ ਅਬੋਧ ਬੱਚਾ ਨਹੀਂ ਹੈ। ਇਹ ਗੱਲ ਕਾਂਗਰਸ ਨੂੰ ਸਮਝਣੀ ਚਾਹੀਦੀ ਹੈ। ਇਹ ਦੇਸ਼ ਦੀ ਜਨਤਾ ਇੰਤਜ਼ਾਰ ਕਰ ਰਹੀ ਹੈ। ਇਹ ਦੇਸ਼ ਦੀ ਜਨਤਾ ਮੌਕੇ ਦੀ ਤਲਾਸ਼ ਵਿਚ ਹੈ ਕਿ ਕਦੋਂ ਕੇਂਦਰ ਦੀ ਸਰਕਾਰ ਵਿਚ ਵੋਟਾਂ ਆਉਣ ਤੇ ਕਾਂਗਰਸ ਵਾਲੇ ਆ ਕੇ ਜਦ ਵੋਟਾਂ ਮੰਗਣਗੇ ਤਾਂ ਲੋਕ ਕਹਿਣਗੇ ਕਿ ਫੁਰਰ ਫਰਰ। (ਟਰੈਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਮੈਂ ਇਸ ਕਰਕੇ ਕਹਿ ਰਿਹਾ ਹਾਂ ਕਿ ਅਜਿਹੇ ਵਾਤਾਵਰਣ ਦੇ ਅਦਰ ਪੰਜਾਬ ਅੱਗੇ ਵੱਧ ਰਿਹਾ ਹੈ। ਤਰਨ ਤਾਰਨ ਦੀ ਘਟਨਾ ਨੂੰ ਲੈ ਕੇ ਕਿਸੇ ਨੇ ਕਿਹਾ ਕਿ ਘਟਨਾ ਅੱਛੀ ਹੈ? ਕਿਸੇ ਨੇ ਕਿਹਾ ਨਹੀਂ? ਸਾਡੇ ਊਰਜਾਵਾਨ, ਗਤੀਸ਼ੀਲ ਉਪ ਮੁੱਖ ਮੰਤਰੀ ਨੇ ਇਸ ਘਟਨਾ ਤੇ ਐਕਸ਼ਨ ਲਿਆ। ਜਿਹੜਾ ਐਕਸ਼ਨ ਬਣਦਾ ਸੀ ਉਸ ਤੋਂ ਵੀ ਜ਼ਿਆਦਾ ਵੱਧ ਕੇ ਐਕਸ਼ਨ ਲਿਆ। ਸਾਰੇ ਸਦਨ ਨੇ ਇਸ ਘਟਨਾ ਦੀ ਨਿੰਦਾ ਕੀਤੀ। ਮੈਂ ਇਥੇ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਕਿਸੇ ਇਕ ਕਰਮਚਾਰੀ ਦੇ ਕਾਰਨ ਜਾਂ ਚੰਦ ਕਰਮਚਾਰੀਆਂ ਦੇ ਕਾਰਨ

ਪੂਰੇ ਪੁਲਿਸ ਬਲ ਦਾ ਮਨਬਲ ਡਿਗਣਾ ਨਹੀਂ ਚਾਹੀਦਾ। ਇਕ ਇੰਸੀਡੈਂਟ ਹੈ, ਸਾਨੂੰ ਦੁੱਖ ਹੈ ਇਹ ਦੁਬਾਰਾ ਨਹੀਂ ਹੋਣਾ ਚਾਹੀਦਾ ਲੇਕਿਨ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਉਹੀ ਪੰਜਾਬ ਪੁਲਿਸ ਹੈ, ਜਿਸ ਦਾ ਬੜਾ ਗੌਰਵਸ਼ਾਲੀ ਇਤਿਹਾਸ ਹੈ, ਜਦੋਂ ਪੰਜਾਬ ਬਾਰੂਦ ਦੇ ਢੇਰ ਤੇ ਬੈਠਾ ਸੀ, ਉਦੋਂ ਪੰਜਾਬ ਦੇ ਲੋਕ ਗਲੀਆਂ ਦੀ ਦਨ ਦਨਾਹਟ ਦੇ ਅੰਦਰ ਖ਼ੌਫ਼ ਖਾਂਦੇ ਸੀ ਪਰ ਪੰਜਾਬ ਦੇ ਲੋਕਾਂ ਨੇ ਰਾਜਨੀਤਿਕ ਦਲਾਂ ਨੇ ਅਤੇ ਸਮਾਜਿਕ ਲੋਕਾਂ ਨੇ ਆਪਣੀਆਂ ਕੁਰਬਾਨੀਆਂ ਦੇ ਕੇ ਪੰਜਾਬ ਨੂੰ ਅਮਨ ਅਤੇ ਸ਼ਾਂਤੀ ਦੀ ਰਾਹ ਤੇ ਲਿਆਂਦਾ ਉਸ ਵੇਲੇ ਪੁਲਿਸ ਦੇ ਬਲਿਦਾਨ ਨੂੰ ਵੀ ਭੁੱਲਿਆ ਨਹੀਂ ਜਾ ਸਕਦਾ। ਇਸ ਕਰਕੇ ਸਿਰਫ਼ ਇਕ ਜਾਂ ਦੋ ਚਾਰ ਬੰਦਿਆਂ ਦੀਆਂ ਗਲਤੀਆਂ ਕਾਰਨ ਪੂਰੇ ਵਿਭਾਗ ਨੂੰ ਘੇਰਨਾ ਉਨ੍ਹਾਂ ਨਾਲ ਬੇਇਨਸਾਫ਼ੀ ਹੈ। ਔਰ ਮੈਂ ਇਹ ਗੱਲ ਜ਼ਰੂਰ ਕਹਾਂਗਾ ਕਿ ਯੁੱਗ ਬਦਲ ਗਿਆ ਹੈ। ਹੁਣ ਪੁਲਿਸ ਨੂੰ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ, ਸੈਂਸੇਟਿਵ ਹੋਣਾ ਚਾਹੀਦਾ ਹੈ, ਔਰਤਾਂ ਨੂੰ ਲੈ ਕੇ ਤਾਂ ਹੋਰ ਵੀ ਜ਼ਿਆਦਾ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ, ਲੇਕਿਨ ਮੈਂ ਪੁੱਛਣਾ ਚਾਹੁੰਦਾ ਹਾਂ ਦਿੱਲੀ ਦੇ ਅੰਦਰ ਕੇਂਦਰ ਦੀ ਸਰਕਾਰ ਦੇ ਨੱਕ ਥੱਲੇ, ਜਿਥੇ ਮਹਿਲਾ ਮੁੱਖ ਮੰਤਰੀ ਹੈ ਉੱਥੇ ਸੁਰੱਖਿਆ ਦਾ ਕੀ ਹਾਲ ਹੈ? 16 ਦਸੰਬਰ, 2012 ਨੂੰ ਇਕ ਯੁਵਤੀ ਆਪਣੇ ਘਰ ਤੋਂ ਨਿਕਲੀ ਹੈ, ਬੱਸ ਤੇ ਸਫ਼ਰ ਕਰ ਰਹੀ ਹੈ, ਉਸਦਾ ਰੇਪ ਹੋ ਗਿਆ ਹੈ, ਸਰਕਾਰ ਨੂੰ ਤਾਂ ਦੋ ਦਿਨ ਪਤਾ ਹੀ ਨਹੀਂ ਲੱਗਿਆ ਕਿ ਕੀ ਹੋਇਆ ਪੂਰਾ ਦੇਸ਼ ਅੰਦੋਲਿਤ ਹੋ ਗਿਆ ਪੂਰੇ ਦੇਸ਼ ਵਿਚ ਅੰਦੋਲਨ ਖੜ੍ਹਾ ਹੋ ਗਿਆ, ਅਵਾਜ਼ ਆਉਣ ਲੱਗੀ ਕਿ ਔਰਤਾਂ ਨੂੰ ਲੈ ਕੇ ਸੋਚ ਬਦਲੋ ਔਰਤਾਂ ਨੂੰ ਲੈ ਕੇ ਸਖ਼ਤ ਤੋਂ ਸਖ਼ਤ ਕਾਨੂੰਨ ਬਣਨਾ ਚਾਹੀਦਾ ਹੈ, ਕੀ ਕਾਨੂੰਨ ਬਣੇਗਾ? ਸਖ਼ਤ ਕਾਨੂੰਨ ਬਣੇਗਾ? ਕੀ ਹੋਏਗਾ ਫਿਰ, ਇਹ ਬੜੀ ਚਿੰਤਾ ਦਾ ਵਿਸ਼ਾ ਹੈ ਪਰ ਕੀ ਦਿੱਲੀ ਵਿਚ ਉਸ ਅੰਦੋਲਨ ਤੋਂ ਬਾਅਦ ਕਾਂਗਰਸ ਦੀ ਨੱਕ ਥੱਲੇ, ਹਾਲ ਦੇਖ ਲੈਣਾ ਸੁਰੱਖਿਆ ਦਾ ਉਥੇ ਔਰਤਾਂ ਦਾ ਕੀ ਹੈ, ਪਿਛਲੇ ਸਾਲ 712 ਬਲਾਤਕਾਰ ਹੋਏ ਸੀ ਹੁਣ 16 ਦਸੰਬਰ 2012 ਤੋਂ ਲੈ ਕੇ ਹੁਣ ਤੱਕ, ਜਦੋਂ ਮੈਂ ਇਥੇ ਬੋਲ ਰਿਹਾ ਹਾਂ ਪਤਾ ਨਹੀਂ ਦੋ ਤਿੰਨ ਵੱਧ ਨਾ ਗਏ ਹੋਣ 246 ਬਲਾਤਕਾਰ ਹੋ ਚੁੱਕੇ ਹਨ, ਉਸ ਘਟਨਾ ਤੋਂ ਬਾਅਦ। ਛੱਜ ਤਾਂ ਬੋਲੇ, ਛਾਨਣੀ ਕਿਉਂ ਬੋਲੇ। ਸ਼ੇਮ ਸ਼ੇਮ ਦੀਆਂ ਅਵਾਜ਼ਾਂ ਇਹ ਸਾਨੂੰ ਕੀ ਸਿਖਾਉਣਗੇ? ਅਸੀਂ ਮਹਿਲਾਵਾਂ ਦੀ ਇੱਜ਼ਤ ਕਰਦੇ ਹਾਂ। ਅਸੀਂ ਉਸ ਦੇਸ਼ ਦੇ ਵਾਸੀ ਹਾਂ ਜਿਥੇ ਕਿਹਾ ਗਿਆ ਹੈ

यत्र नार्यस्तु पूज्यन्ते, रमन्ते तत्र देवता।

[ਸ੍ਰੀ ਅਸ਼ਵਨੀ ਕੁਮਾਰ ਸ਼ਰਮਾ]

ਜਿਥੇ ਨਾਰੀ ਦੀ ਪੂਜਾ ਹੁੰਦੀ ਹੈ, ਉਥੇ ਦੇਵਤਾ ਵਾਸ ਕਰਦੇ ਹਨ। ਅਸੀ ਉਸ ਦੇਸ ਦੇ ਰਹਿਣ ਵਾਲੇ ਹਾਂ ਸਾਨੂੰ ਇਨ੍ਹਾਂ ਤੋਂ ਸਿਕਸ਼ਾ ਲੈਣ ਦੀ ਲੋੜ ਨਹੀਂ ਹੈ। ਲੇਕਿਨ ਇਸ ਦੇਸ ਨੂੰ ਇੱਕ ਚਿੰਤਨ ਕਰਨਾ ਪਏਗਾ ਜਿਸ ਦੇਸ ਅੰਦਰ ਅੱਜ ਸਵਾਮੀ ਵਿਵੇਕਾਨੰਦ ਇਕ ਐਸੇ ਮਹਾਨ ਸੰਤ ਦੀ 150 ਵੀਂ ਵਰ੍ਹੇਗੰਢ ਪੂਰਾ ਦੇਸ਼ ਮਨਾ ਰਿਹਾ ਹੈ ਉਹ ਐਸਾ ਸੰਤ ਸੀ, ਕ੍ਰਾਂਤੀਕਾਰੀ ਸੰਤ ਸੀ, ਜਿਸ ਦੀ ਵਰ੍ਹੇਗੰਢ ਮਨਾਉਣ ਬਾਰੇ ਮੁੱਖ ਮੰਤਰੀ ਜੀ ਨੇ ਘੋਸ਼ਣਾ ਕੀਤੀ ਅਸੀਂ ਵਾਰਸ ਕਿਸ ਦੇ ਹਾਂ? ਅਸੀਂ ਵਿਵੇਕਾਨੰਦ ਜੀ ਦੇ ਵਾਰਸ ਹਾਂ। ਅਸੀਂ ਗੁਰੂ ਪੁੱਤਰਾਂ ਦੇ ਵਾਰਸ ਹਾਂ ਅਸੀਂ ਚੰਦਰ ਸ਼ੇਖਰ ਆਜ਼ਾਦ ਰਾਜ ਗੁਰੂ, ਸੁਖਦੇਵ, ਭਗਤ ਸਿੰਘ ਦੇ ਵਾਰਸ ਹਾਂ ਇਹ ਯਾਦ ਦਿਵਾਉਣਾ ਪੈਣਾ ਹੈ। ਵਿਵੇਕਾਨੰਦ ਜੀ ਨੂੰ ਇੰਗਲੈਂਡ ਵਿੱਚ ਇੱਕ ਔਰਤ ਨੇ ਕਿਹਾ ਕਿ ਮੈਂ ਤੁਹਾਡੇ ਤੋਂ ਇੱਕ ਬੱਚਾ ਪੈਦਾ ਕਰਨਾ ਚਾਹੁੰਦੀ ਹਾਂ ਜੋ ਤੁਹਾਡੇ ਵਰਗਾ ਹੋਵੇ। ਜਵਾਬ ਕੀ ਦਿੱਤਾ ਸਵਾਮੀ ਵਿਵੇਕਾਨੰਦ ਨੇ? ਸਵਾਮੀ ਵਿਵੇਕਾਨੰਦ ਨੇ ਕਿਹਾ ਕਿ ਹੇ ਮਾਂ, ਤੂੰ ਮੈਨੂੰ ਆਪਣਾ ਪੁੱਤਰ ਹੀ ਮੰਨ ਲੈ ਲੇਕਿਨ ਅੱਜ ਸਰਕਾਰ, ਕੇਂਦਰ ਦੀ ਸਰਕਾਰ ਧਰਮ ਨਿਰਪੱਖਤਾ ਦੀ ਝੂਠੀ ਆੜ ਦੇ ਅੰਦਰ Pseudo Secular ਜਿਹੜੇ ਲੀਡਰ ਉੱਪਰ ਬੈਠੇ ਹਨ ਮੈਂ Pseudo Secular ਕਹਿ ਰਿਹਾ ਹਾਂ। ਧਰਮ ਨਿਰਪੱਖਤਾ ਦਾ ਮਤਲਬ ਇਹ ਨਹੀ ਸੀ ਕਿ ਧਰਮ ਤੋਂ ਬੇਮੁੱਖ ਹੋ ਜਾਓ। ਕੱਲ੍ਹ ਬੀਬੀ ਜੀ ਬੋਲ ਰਹੇ ਸੀ ਕਿ ਇਸ ਦੇਸ ਦੀਆਂ ਬਹੁਤ ਸਾਰੀਆ ਸਮੱਸਿਆਵਾਂ ਦਾ ਕਾਰਣ ਇਹ Pseudo Secular ਲੋਕ ਹਨ। ਧਰਮ ਨਿਰਪੱਖਤਾ ਦਾ ਮਤਲਬ ਸੀ ਕਿ ਆਪਣੇ ਆਪਣੇ ਤਰੀਕੇ ਨਾਲ ਆਪਣੇ ਆਪਣੇ ਧਰਮ ਨੂੰ ਮੰਨਣ ਦੀ ਇਜਾਜ਼ਤ ਹੈ ਇਨ੍ਹਾਂ ਨੇ ਧਰਮ ਨਿਰਪੱਖਤਾ ਦੀ ਆੜ ਲੈ ਕੇ ਮੌਲਿਕ ਸਿਕਸ਼ਾ ਜਿਹੜੀ ਹੈ, ਉਹ ਦੂਰ ਕਰ ਦਿੱਤੀ ਹੈ ਮੌਲਿਕ ਸਿਕਸ਼ਾ ਤੋਂ ਚਰਿੱਤਰ ਨਿਰਮਾਣ ਹੋਣਾ ਸੀ ਜਿਸ ਦੇ ਨਾਲ ਵਿਅਕਤੀ ਦਾ ਨਿਰਮਾਣ ਹੋਣਾ ਸੀ, ਉਸ ਤੋਂ ਦੂਰ ਕਰ ਦਿੱਤਾ। ਇਹ ਉਹੀ ਦੇਸ ਹੈ ਜਿੱਥੇ ਦੁਰਗਾ ਜੀ ਦੀ ਪੂਜਾ ਹੁੰਦੀ ਹੈ। ਇਹ ਉਹੀ ਦੇਸ ਹੈ ਜਿਹੜਾ ਸਾਲ ਵਿੱਚ ਦੋ ਵਾਰ ਕੰਜਕਾਂ ਪੂਜਦਾ ਹੈ ਅੱਜ ਕਹਿ ਰਹੇ ਹਨ ਕਿ ਇਸਤਰੀ ਨੂੰ ਲੈ ਕੇ ਸੋਚ ਬਦਲੋ ਅਸੀਂ ਜਦ ਛੋਟੇ ਸੀ, ਪੜ੍ਹਦੇ ਹੁੰਦੇ ਸੀ, ਮੈਨੂੰ ਅੱਜ ਵੀ ਯਾਦ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਦੋ ਸਾਹਿਬਜ਼ਾਦਿਆਂ ਦੀ ਕਵਿਤਾ ਪੜ੍ਹਦੇ ਸੀ ਅੱਜ ਮੈਨੂੰ ਨਹੀਂ ਲੱਗਦਾ ਕਿ ਕਿਸੇ ਕਿਤਾਬ ਵਿੱਚ ਹੋਵੇ, ਕੇਂਦਰ ਨੇ ਐਸਾ ਕੋਟਾਰਾ ਕਰ ਦਿੱਤਾ ਹੈ। ਉਹ ਕਵਿਤਾ ਪੜ੍ਹਨ ਤੋਂ ਬਾਅਦ, ਉਹ ਪ੍ਰਸੰਗ ਸੁਣਨ ਤੋਂ ਬਾਅਦ, ਮੈਂ ਕਈ ਵਾਰ ਇਕੱਲਾ ਬਹਿ ਕੇ ਰੋਂਦਾ ਸੀ ਅਸੀਂ ਉਨ੍ਹਾਂ ਦੇ ਵੰਸ਼ਜ ਹਾਂ ਦੋ ਛੋਟੇ ਛੋਟੇ ਬੱਚੇ ਦੀਵਾਰਾਂ ਵਿੱਚ ਚਿਣ

ਰਹੇ ਹਨ ਦੇਸ਼ ਦੀ ਖਾਤਰ ਧਰਮ ਦੀ ਖਾਤਰ, ਸਮਾਜ ਦੀ ਖਾਤਰ, ਚਿਣਦੇ-ਚਿਣਦੇ ਵੱਡੇ ਦੀ ਅੱਖਾਂ ਵਿੱਚ ਅਾਂਸੂ ਆ ਗਏ ਤੇ ਛੋਟੇ ਨੇ ਪੁੱਛਿਆ ਵੀਰ ਕੀ ਗੱਲ ਡਰ ਗਿਆ ? ਉਨ੍ਹਾਂ ਨੇ ਕਿਹਾ ਕਿ ਮੈਂ ਡਰਿਆ ਨਹੀਂ ਹਾਂ, ਮੈਂ ਇਸ ਕਰਕੇ ਰੋ ਰਿਹਾ ਹਾਂ ਕਿ ਮੈਂ ਇਸ ਦੁਨੀਆ ਵਿੱਚ ਤੇਰੇ ਤੋਂ ਪਹਿਲਾ ਆਇਆ ਸੀ ਅਤੇ ਇਸ ਦੇਸ਼ ਤੇ ਬਲੀਦਾਨ ਹੋਣ ਦਾ ਮੌਕਾ ਤੈਨੂੰ ਮੇਰੇ ਤੋਂ ਪਹਿਲਾਂ ਮਿਲ ਰਿਹਾ ਹੈ ਅੱਜ ਅਸੀਂ ਉਸ ਦੇ ਵੰਸ਼ਜ ਹਾਂ ਉਸ ਦੇ ਵਿੱਚ ਕਵਿਤਾ ਹੁੰਦੀ ਸੀ ਕਿ ਜ਼ੋਰਾਵਰ ਜ਼ੋਰ ਸੇ ਬੋਲਾ, ਫਤਹਿ ਸਿੰਘ ਸ਼ੋਰ ਸੇ ਬੋਲਾ, ਰੱਖੋਂ ਇੱਟੇਂ ਭਰੋ ਗਾਰੇ, ਚੁਨੋ ਦੀਵਾਰੇ ਪਿਆਰੇ ਕਿੱਥੇ ਗਈ ਉਹ ਕਵਿਤਾ, ਲੁਪਤ ਹੋ ਗਈ ਖਤਮ ਕਰ ਦਿੱਤਾ ਦੇਸ਼ ਨੂੰ ਸਿਰਫ Pseudo Secular ਲੋਕਾਂ ਨੇ, ਧਰਮ ਨਿਰਪੱਖਤਾ ਦੀ ਆੜ ਦੇ ਅੰਦਰ ਦੇਸ਼ ਨੂੰ ਉਸ ਦੀ ਮੂਲ ਸੰਸਕ੍ਰਿਤੀ ਤੋਂ ਦੂਰ ਕਰ ਦਿੱਤਾ

(10* ਵਜੇ ਬਾਅਦ ਦੁਪਹਿਰ) (*ਇਸ ਸਮੇਂ ਸਰਦਾਰ ਇਕਬਾਲ ਸਿੰਘ ਝੂੰਦਾਂ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।

ਮੈਂ ਧੰਨਵਾਦ ਦੇਣਾ ਚਾਹੁੰਦਾ ਹਾਂ, ਚੇਅਰਮੈਨ ਸਾਹਿਬ, ਮਾਨਯੋਗ ਮੁੱਖ ਮੰਤਰੀ ਜੀ ਬੈਠੇ ਨਹੀਂ ਹਨ, ਡਿਪਟੀ ਮੁੱਖ ਮੰਤਰੀ ਜੀ ਬੈਠੇ ਨਹੀਂ ਹਨ, ਜਿਹੜਾ ਉਨ੍ਹਾਂ ਨੇ ਪੰਜਾਬ ਦੇ ਵਿਰਸੇ ਨਾਲ ਪੰਜਾਬੀਆਂ ਨੂੰ ਜੋੜਨ ਦਾ ਹਵਾਲਾ ਕੀਤਾ ਇਹ ਵਿਰਾਸਤ ਏ-ਖਾਲਸਾ, ਬੰਦਾ ਸਿੰਘ ਬਹਾਦੁਰ ਦੀ ਯਾਦ ਅੰਦਰ ਬਣਾਇਆ, ਰਿਸ਼ੀ ਬਾਲਮਿਕੀ ਰਵਿਦਾਸ ਜੀ, ਸਵਾਮੀ ਵਿਵੇਕਾਨੰਦ ਜੀ, ਇਨ੍ਹਾਂ ਦੀਆ ਜਿਹੜੀਆਂ ਯਾਦਗਾਰਾਂ ਹਨ, ਇਹ ਸਾਡੀ ਪੀੜ੍ਹੀ ਨੂੰ ਆਪਣੇ ਇਤਿਹਾਸ ਨਾਲ ਜੋੜਨਗੀਆਂ। ਅਜ ਸਾਡੀ ਪੀੜ੍ਹੀ ਦਾ ਆਦਰਸ਼ ਕੀ ਹੈ ਅਜ ਪੀੜ੍ਹੀ ਦਾ ਆਦਰਸ਼ ਐਕਟਰ ਔਰ ਐਕਟਰੈਸ ਹਨ ਜੀਜਾ ਬਾਈ ਕੌਣ ਸੀ ਕਿਸੇ ਨੂੰ ਨਹੀਂ ਪਤਾ ਮਾਤਾ ਗੁਜਰੀ ਕੌਣ ਸਨ ਕਿਸੇ ਨੂੰ ਨਹੀਂ ਪਤਾ, ਅੱਜ ਵੀ ਅਸੀਂ ਇਸ ਦੇਸ਼ ਦੀ ਨਬਜ ਨਹੀਂ ਫੜਨਾ ਚਾਹੁੰਦੇ ਹਾਂ। ਅਜ ਵੀ ਦੇਸ਼ ਨੂੰ ਆਪਣੇ ਪਿਛੋਕੜ ਤੋਂ ਦੂਰ ਲੈ ਕੇ ਜਾਣਾ ਚਾਹੁੰਦੇ ਹਾਂ। ਆਉ, ਵਾਪਸ ਆਓ ਔਰ ਸਦੀਆ ਯਾਦ ਰੱਖਣਗੀਆਂ ਬਾਦਲ ਸਾਹਿਬ ਨੂੰ, ਇਹ ਇੱਕ ਯੁੱਗ ਪੁਰਸ਼ ਬਣ ਕੇ ਉਭਰਨਗੇ, ਜਿਨ੍ਹਾਂ ਨੇ ਪੰਜਾਬੀਆ ਨੂੰ, ਪੰਜਾਬੀ ਵਿਰਸੇ ਨਾਲ ਜੋੜਨ ਦਾ ਕੰਮ ਕੀਤਾ (ਥੰਪਿੰਗ) ਇਸ ਦੇਸ਼ ਦੇ ਮਹਾਂਪੁਰਸ਼ਾਂ ਦੀ ਪਹਿਚਾਣ ਕਰਵਾਈ ਹੈ। ਇਹ ਬਹੁਤ ਵੱਡਾ ਕੰਮ ਹੈ, ਸਵਾਮੀ ਵਿਵੇਕਾਨੰਦ ਜੀ ਦੀ ਅੱਜ ਅਸੀ ਸ਼ਤਾਬਦੀ ਮਨਾ ਰਹੇ ਹਾਂ। ਓਹ ਮੋਕਸ਼ ਪ੍ਰਾਪਤੀ ਦੀ ਇੱਛਾ ਕਰਕੇ ਇਸ ਵੱਲ ਵਧੇ ਸਨ। ਆਪਣੇ ਗੁਰੂ ਰਾਮ ਕ੍ਰਿਸ਼ਨ ਪਰਮਹੰਸ ਨੂੰ ਜਿਨ੍ਹਾਂ ਨੇ ਉਨ੍ਹਾਂ ਦਾ ਯਗ ਪੂਰਾ ਕੀਤਾ, ਉਨ੍ਹਾਂ ਨੇ ਉਨ੍ਹਾਂ ਨੂੰ ਕਿਹਾ ਕਿ ਵਿਵੇਕਾਨੰਦ ਤੁਮ ਮੋਕਸ਼ ਚਾਹਤੇ ਥੇ ਕਿਆ ਤੁਮਹੇਂ ਮੋਕਸ਼ ਚਾਹੀਏ ?

[ਸ੍ਰੀ ਅਸਵਨੀ ਕੁਮਾਰ ਸਰਮਾ]

ਵਿਵੇਕਾਨੰਦ ਜੀ ਕਹਿਤੇ, ਹਾਂ। ਕਹਿੰਦੇ ਠੀਕ ਹੈ ਮੈ ਤੁਮਾਂ ਮੋਕਸ਼ ਕੀ ਪ੍ਰਾਪਤੀ ਕਰਵਾਊਂਗਾ ਪਰ ਪਹਿਲੇ ਏਕ ਬਾਰ ਇਸ ਭਾਰਤ ਕਾ ਭ੍ਰਮਣ ਕਰਕੇ ਆਓ। ਸਵਾਮੀ ਵਿਵੇਕਾਨੰਦ ਭ੍ਰਮਣ ਕਰਨੇ ਕੇ ਲੀਏ ਨਿਕਲੇ ਔਰ ਬਾਅਦ ਮੇ ਆਏ ਤੋਂ ਗੁਰੂ ਨੇ ਪੂਛਾ, ਬੋਲ ਵਿਵੇਕਾਨੰਦ, ਮੋਕਸ਼ ਚਾਹੀਏ? ਉਸ ਸੰਤ ਨੇ ਜਵਾਬ ਦੀਆ ਜਬ ਤਕ ਮੇਰੇ ਭਾਰਤ ਕਾ ਏਕ ਭੀ ਇਨਸਾਨ ਭੂਖੇ ਪੇਟ ਸੋਤਾ ਹੈ, ਮੁਝੇ ਮੋਕਸ਼ ਨਹੀਂ ਚਾਹੀਏ। ਮੈ ਬਾਰ ਬਾਰ ਇਸ ਧਰਤੀ ਪਰ ਜਨਮ ਲੇਨਾ ਚਾਹੂਗਾ ਔਰ ਜੋ ਜਰੂਰਤਮੰਦ ਹੈ ਉਸ ਕੀ ਸੇਵਾ ਕਰਨਾ ਚਾਹੂੰਗਾ ਅਤੇ ਇਹੀ ਕਾਰਜ ਆਟਾ ਦਾਲ ਸਕੀਮ ਨਾਲ ਬਾਦਲ ਸਾਹਿਬ ਕਰ ਰਹੇ ਹਨ (ਥੰਪਿੰਗ) ਇਸ ਤਰ੍ਹਾਂ ਤਾਂ ਸਵਾਮੀ ਵਿਵੇਕਾਨੰਦ ਦੇ ਅਨੁਯਾਈ ਬਾਦਲ ਸਾਹਿਬ ਹਨ। ਨਾ ਕਾਂਗਰਸ ਨੂੰ ਤਾਂ ਇਸ ਦੀ ਚਿੰਤਾ ਨਹੀਂ

ਇਸ ਦੇਸ਼ ਵਿੱਚ ਅਨੇਕ ਐਸੇ ਵਿਸ਼ੇ ਹਨ ਜਿਨ੍ਹਾਂ ਨੂੰ ਲੈ ਕੇ ਦੇਸ਼ ਦੁਆਰੇ ਤੇ ਖੜ੍ਹਾ ਹੈ, ਦੇਸ਼ ਦੀ ਆਂਤਰਿਕ ਸੁਰੱਖਿਆ, ਦੇਸ਼ ਦਾ ਵਾਤਾਵਰਣ, ਅੱਜ ਪੰਜਾਬ ਵਿੱਚ ਭਾਈਚਾਰਾ ਹੈ, ਅੱਜ ਪੰਜਾਬ ਵਿਕਾਸ ਵੱਲ ਵਧ ਰਿਹਾ ਹੈ, ਅੱਜ ਪੰਜਾਬ ਉਨਤੀ ਵੱਲ ਵਧ ਰਿਹਾ ਹੈ, ਅੱਜ ਪੰਜਾਬ ਤਰੱਕੀ ਵੱਲ ਜਾ ਰਿਹਾ ਹੈ, ਅੱਜ ਪੰਜਾਬ ਦੇ ਨੌਜਵਾਨ ਨੂੰ ਉਸ ਦੀ ਪਹਿਚਾਣ ਕਰਵਾਈ ਜਾ ਰਹੀ ਹੈ ਉਹ ਨਸ਼ਿਆਂ ਤੋਂ ਮੁਕਤ ਹੋਵੇ, ਇਸ ਲਈ ਖੇਡਾਂ ਵੱਲ ਉਸਦਾ ਧਿਆਨ ਕੀਤਾ ਜਾ ਰਿਹਾ ਹੈ ਕਿ ਅੱਜ ਇੱਥੇ ਵਿਤਕਰਾ ਨਹੀਂ ਹੈ, ਸ਼ਹਿਰੀ ਔਰ ਪੇਂਡੂ ਦਾ ਵਿਤਕਰਾ ਨਹੀ ਹੈ, ਅਜ ਪੰਜਾਬ ਬਿਜਲੀ ਦੇ ਖੇਤਰ ਵਿੱਚ ਸਵੈ ਨਿਰਭਰ ਹੋਣ ਜਾ ਰਿਹਾ ਹੈ। ਅੱਜ ਪੰਜਾਬ ਦੇ ਅੰਦਰ ਸ਼ਹਿਰਾਂ ਦਾ ਵਿਕਾਸ ਲੋਕਾਂ ਨੂੰ ਦਿਖਣਾ ਚਾਲੂ ਹੋਇਆ ਹੈ ਲੇਕਿਨ ਕੇਂਦਰ ਦੀ ਸਰਕਾਰ ਕੀ ਪੰਜਾਬ ਦੇ ਨਾਲ ਵਿਤਕਰਾ ਨਹੀ ਕਰ ਰਹੀ? ਚਾਹੇ ਉਹ ਇੰਡਸਟਰੀ ਦਾ ਮਾਮਲਾ ਹੈ। ਮੈਂ ਉਸ ਖੇਤਰ ਤੋਂ ਆਉਂਦਾ ਹਾਂ ਜੋ ਹਿਮਾਚਲ ਅਤੇ ਜੇ ਐਂਡ ਕੇ, ਦੇ ਬਿਲਕੁਲ ਨਾਲ ਲਗਦਾ ਹੈ ਔਰ ਇਹ ਬਾਰਡਰ ਦਾ ਏਰੀਆ ਹੈ ਅਸੀਂ ਛੋਟੇ ਸੀ, ਅੱਜ ਤੋਂ 20 25 ਸਾਲ ਪਹਿਲਾਂ ਉਥੇ ਸੁਣਿਆ ਸੀ ਕਿ ਇੱਕ ਇੰਡਸਟਰੀਅਲ ਏਰੀਆ ਵਾਸਤੇ ਕਿੰਨੀ ਵੱਡੀ ਜਗ੍ਹਾ ਛੱਡੀ ਹੋਈ ਹੈ ਇੰਡਸਟਰੀ ਮੰਤਰੀ ਜੀ ਬੈਠੇ ਹਨ ਅੱਜ ਤੱਕ ਉਹ ਜਗ੍ਹਾ ਹੀ ਹੈ ਇੰਡਸਟਰੀ ਇੱਕ ਵੀ ਨਹੀ ਲੱਗ ਪਾਈ। ਕਾਰਨ? ਕਿਉਂ ਲੱਗੇਗੀ ਇੰਡਸਟਰੀ ਉਸ ਜਗ੍ਹਾ ਤੋਂ 8 ਕਿਲੋਮੀਟਰ ਦੀ ਦੂਰੀ ਤੇ ਹਿਮਾਚਲ ਹੈ, 12 ਕਿਲੋਮੀਟਰ ਦੀ ਦੂਰੀ ਤੇ ਜੇ ਐਂਡ ਕੇ ਹੈ ਉਨ੍ਹਾਂ ਨੂੰ ਕਈ ਸਹੂਲਤ ਮਿਲੇ, ਹਿੱਸਾ ਮਿਲੇ, ਉਹ ਖੁਸ਼ਹਾਲ ਹੋਣ, ਉਹ ਪ੍ਰਗਤੀ ਕਰਨ ਉਹ ਅਗੇ ਵਧਣ, ਸਾਨੂੰ ਇਸ ਦੀ ਈਰਖਾ

ਨਹੀਂ ਹੈ ਲੇਕਿਨ ਸਾਨੂੰ ਸਾਡਾ ਅਧਿਕਾਰ ਮਿਲੇ ਇਸ ਦਾ ਤਾਂ ਸਾਡਾ ਹੱਕ ਹੈ ਚੇਅਰਮੈਨ ਸਾਹਿਬ, ਉਥੇ ਇਕ ਇੰਡਸਟਰੀ ਇਸ ਕਰਕੇ ਨਹੀਂ ਲੱਗ ਸਕੀ ਕਿਉਂਕਿ ਸਾਨੂੰ ਉਹ ਸੁਵਿਧਾਵਾਂ ਨਹੀਂ ਹਨ ਜੋ ਜੰਮੂ ਐਂਡ ਕੇ ਵਿੱਚ ਇੰਡਸਟਰੀ ਲਗਾਉਣ ਵਾਲੇ ਨੂੰ ਹਨ ਅਤੇ ਜਿਹੜੀਆਂ ਹਿਮਾਚਲ ਨੂੰ ਹਨ। ਬਾਕੀ ਪੰਜਾਬ ਦਾ ਕੀ ਹਾਲ ਹੋਵੇਗਾ, ਸਭ ਲੋਕ ਜਾਣਦੇ ਹਨ

ਮੈਂ ਧੰਨਵਾਦੀ ਹਾਂ ਬਾਦਲ ਸਾਹਿਬ ਦਾ ਕਿ ਉਨ੍ਹਾਂ ਨੇ ਸਾਡਾ ਛੋਟਾ ਜਿਹਾ ਜ਼ਿਲ੍ਹਾ ਵੀ ਬਣਾ ਦਿੱਤਾ ਨਹੀਂ ਤਾਂ ਇੱਥੇ ਜ਼ਿਲ੍ਹੇ ਬਾਰੇ ਕੌਣ ਸੋਚਦਾ ਸੀ ਚਾਹੇ ਮਹਿਲਾਵਾਂ ਦੀ ਸੁਰੱਖਿਆ ਹੋਵੇ, ਮਹਿਲਾਵਾਂ ਦੀਆਂ ਸਮੱਸਿਆਵਾਂ ਮਹਿਲਾਵਾਂ ਜ਼ਿਆਦਾ ਸਮਝ ਸਕਦੀਆਂ ਹਨ, ਅੱਜ ਪੁਲਿਸ ਵਿੱਚ ਮਹਿਲਾਵਾਂ ਦੀ ਭਰਤੀ ਹੋ ਰਹੀ ਹੈ। ਪਾਰਦਰਸ਼ਤਾ ਨਾਲ ਨੌਕਰੀਆਂ ਮਿਲ ਰਹੀਆਂ ਹਨ ਦੂਸਰੇ ਪਾਸੇ ਜਦ ਕਿ ਮਹਿੰਗਾਈ ਦਾ ਬੋਲਬਾਲਾ ਹੈ, ਪੈਟਰੋਲ, ਡੀਜ਼ਲ ਦੇ ਭਾਅ ਐਨ ਡੀ ਏ ਦੀ ਸਰਕਾਰ ਤੋਂ ਲੈ ਕੇ ਹੁਣ ਤੱਕ 200% ਤੱਕ ਵੱਧ ਗਏ ਹਨ ਔਰ ਪੈਟਰੋਲ, ਡੀਜ਼ਲ ਦੇ ਭਾਅ ਵਧਣ ਦਾ ਮਤਲਬ ਹੈ, ਖਾਧ ਪਦਾਰਥ ਦੀ ਹੀ ਨਹੀਂ ਜੋ ਵੀ ਚੀਜ਼ਾਂ ਅਸੀਂ ਪ੍ਰਯੋਗ ਵਿੱਚ ਲਿਆਉਂਦੇ ਹਾਂ ਉਨ੍ਹਾਂ ਦੀਆਂ ਕੀਮਤਾਂ ਦਾ ਵਧਣਾ ਉਨ੍ਹਾਂ ਦੀ ਮੁਲਯ ਵ੍ਰਿਧੀ ਹੋਣੀ ਔਰ ਇਸ ਦੇ ਨਾਲ ਜਿੱਥੇ ਉਹ ਇਕ ਪਾਸੇ ਨਾਲ ਗ਼ਰੀਬੀ ਪੈਦਾ ਕਰ ਰਹੇ ਹਨ, ਉਥੇ ਉਹ ਗਰੀਬਾਂ ਦੇ ਨਾਲ ਮਜ਼ਾਕ ਵੀ ਕਰ ਰਹੇ ਹਨ ਇਹ ਕਹਿੰਦੇ ਹਨ ਕਿ ਜਿਹੜਾ ਆਦਮੀ 28 ਰੁਪਏ ਰੋਜ਼ਾਨਾ ਕਮਾ ਲੈਂਦਾ ਹੈ ਉਹ ਗਰੀਬੀ ਦੀ ਰੇਖਾ ਤੋਂ ਹੇਠਾਂ ਨਹੀਂ ਆਉਂਦਾ। ਕਾਂਗਰਸ ਦੀ ਇਕ ਮੁੱਖ ਮੰਤਰੀ, ਇਸ ਤੋਂ ਵੀ ਅੱਗੇ ਵਧਕੇ ਕਹਿੰਦੀ ਹੈ ਕਿ 4/- ਰੁਪਏ ਦੇ ਨਾਲ ਇੱਕ ਪਰਿਵਾਰ ਦਾ ਪੇਟ ਭਰਿਆ ਜਾ ਸਕਦਾ ਹੈ ਕਿੰਨਾ ਵੱਡਾ ਮਜ਼ਾਕ ਗਰੀਬ ਆਦਮੀ ਦੇ ਨਾਲ ਕੀਤਾ ਜਾ ਰਿਹਾ ਹੈ ਇਸ ਤੋਂ ਇਲਾਵਾ ਇਨ੍ਹਾਂ ਨੇ ਦੇਸ਼ ਵਿੱਚ ਕੀ ਕੀ ਨਾਹਰੇ ਦਿੱਤੇ ਕਿ ਗਰੀਬੀ ਹਟਾਓ ਅਸਲ ਵਿੱਚ ਉਹ ਗਰੀਬੀ ਨਹੀਂ, ਗਰੀਬ ਹਟਾਓ ਸੀ ਮੈਂ ਕਹਿੰਦਾ ਹਾਂ ਜੀ ਇਨ੍ਹਾਂ ਦਾ ਪੂਰਾ ਚਿੱਠਾ ਗੈਸ ਸਿਲੰਡਰ ਵੇਖ ਲਓ, ਪਹਿਲਾਂ ਕਹਿੰਦੇ ਕਿ 9 ਮਿਲਣਗੇ, 3 ਨਹੀਂ ਮਿਲਣਗੇ, ਫਿਰ ਕਹਿੰਦੇ 6 ਮਿਲਣਗੇ, ਮੈਂ ਇਨ੍ਹਾਂ ਨੂੰ ਪੁੱਛਦਾ ਹਾਂ ਕਿ ਕੀ ਦੇਸ਼ ਵਿੱਚੋਂ ਗੈਸ ਖਤਮ ਹੋ ਗਈ? ਇਕ ਟਾਈਮ ਸੀ ਕਿ ਠਨ ਠਨ ਕਰਕੇ ਫੇਰੀ ਵਾਲਾ ਬੀਬੀਆਂ ਨੂੰ ਪੁੱਛਦਾ ਸੀ ਕਿ ਗੈਸ ਸਿਲੰਡਰ ਲੈ ਲਓ ਬੀਬੀ ਉਧਰ ਆਵਾਜ਼ ਮਾਰਦੀ ਸੀ ਕਿ ਨਹੀਂ ਭਾਈ ਸਾਹਿਬ ਗੈਸ ਸਿਲੰਡਰ ਪਿਆ ਹੈ ਅਗਲੀ ਵਾਰੀ ਆ ਜਾਈਓ ਅੱਜ ਗੈਸ ਸਿਲੰਡਰ ਲੈਣ ਵਾਸਤੇ ਵੀ ਦੁਕਾਨਾਂ ਤੇ ਲਾਈਨਾਂ ਲੱਗੀਆਂ ਮਿਲਦੀਆਂ ਹਨ। ਕਿਉਂ ਕਿਉਂਕਿ ਇਸ ਦੇਸ਼ ਦਾ ਜਿਨ੍ਹਾਂ ਲੋਕਾਂ ਦੇ ਹੱਥ ਵਿੱਚ ਨੇਤ੍ਰਿਤਵ ਹੈ

[ਸ੍ਰੀ ਅਸ਼ਵਨੀ ਕੁਮਾਰ ਸ਼ਰਮਾ]

ਉਨ੍ਹਾਂ ਦੇ ਮੰਤਰੀ ਤਾਂ ਜਿਹੜੇ ਲੂਲ੍ਹੇ ਲੰਗੜਿਆਂ ਨੂੰ ਜੋ ਚੀਜ਼ਾਂ ਦੇਣੀਆਂ ਹੁੰਦੀਆਂ ਹਨ, ਉਸ ਵਾਸਤੇ ਵੀ ਐਨ.ਜੀ.ਓ. ਬਣਾਉਂਦੇ ਹਨ ਅਤੇ ਉਹ ਸਾਰੀਆਂ ਚੀਜ਼ਾਂ ਉਹੀ ਖਾ ਜਾਂਦੇ ਹਨ। ਕਾਂਗਰਸ ਪਾਰਟੀ ਕੀ ਕਰਦੀ ਹੈ ਕਿ ਉਹ ਐਕਸ਼ਨ ਲੈਣ ਦੀ ਜਗ੍ਹਾ ਉਨ੍ਹਾਂ ਦੀ ਪ੍ਰਮੋਸ਼ਨ ਕਰ ਦਿੰਦੀ ਹੈ। ਮੈਂ ਇਨ੍ਹਾਂ ਨੂੰ ਪੁੱਛਦਾ ਹਾਂ ਕਿ ਇਸ ਤਰ੍ਹਾਂ ਦੇਸ਼ ਨੂੰ ਕੌਣ ਚਲਾਏਗਾ, ਦੇਸ਼ ਕੌਣ ਚਲਾਏਗਾ? ਪਰ ਪੰਜਾਬ ਵਿੱਚ 60 ਸਾਲਾਂ ਵਿੱਚ ਇਨੀ ਪਾਰਦਰਸ਼ੀ ਸਰਕਾਰ ਕਿਸੇ ਨੇ ਨਹੀਂ ਦੇਖੀ ਹੋਣੀ ਜਿੰਨੀ ਪਾਰਦਰਸ਼ੀ ਸਰਕਾਰ ਇਸ ਵਾਰ ਲੋਕਾਂ ਨੂੰ ਮਿਲੀ ਹੈ। ਪੰਜਾਬ ਆਪਣਾ ਹੱਕ ਮੰਗਦਾ ਹੈ। ਪੰਜਾਬ ਦੇ ਅੰਦਰ ਹਾਲੇ ਬਹੁਤ ਕੁਝ ਕਰਨ ਵਾਲਾ ਹੈ। ਕਿਸੇ ਨੇ ਕਿਹਾ ਕਿ ਅਭੀ ਤੋ ਯੇਹ ਅੰਗੜਾਈ ਹੈ ਆਗੇ ਬਹੁਤ ਲੜਾਈ ਹੈ। ਲੜਾਈ ਕਿਸ ਦੇ ਨਾਲ ਹੈ। ਗਰੀਬੀ ਦੇ ਨਾਲ ਹੈ, ਲੜਾਈ ਕਿਸ ਦੇ ਨਾਲ ਹੈ, ਬਿਮਾਰੀ ਦੇ ਨਾਲ। ਬਹੁਤ ਸਾਰੇ ਲੋਕਾਂ ਨੂੰ ਪੰਜਾਬ ਦਾ ਅਮਨ, ਪੰਜਾਬ ਦੀ ਸਾਂਝ, ਪੰਜਾਬ ਦਾ ਵਿਕਾਸ ਅੱਛਾ ਨਹੀਂ ਲਗਦਾ। ਅਗਰ ਇਨ੍ਹਾਂ ਨੂੰ ਪੰਜਾਬ ਦਾ ਅਮਨ, ਪੰਜਾਬ ਦਾ ਵਿਕਾਸ ਅੱਛਾ ਲਗਦਾ ਤਾਂ ਅੱਜ ਸਾਡੇ ਕੋਲ ਸਾਡੇ ਸਾਹਮਣੇ ਬੈਠ ਕੇ ਸਾਡੇ ਨਾਲ ਪੰਜਾਬ ਦੀ ਤਰੱਕੀ ਬਾਰੇ ਚਰਚਾ ਕਰਦੇ। ਅੱਖਾਂ ਨਾਲ ਅੱਖਾਂ ਮਿਲਾਉਂਦੇ ਔਰ ਹਾਊਸ ਤੋਂ ਭਗੌੜਾ ਨਾ ਹੁੰਦੇ। ਜਿਸ ਇੰਸੀਡੈਂਟ ਦੇ ਕਾਰਨ ਉਨ੍ਹਾਂ ਨੇ ਇਸ ਪਵਿੱਤਰ ਸਦਨ ਦੀਆਂ ਮਰਯਾਦਾਵਾਂ ਤੋੜੀਆਂ ਹਨ ਉਨ੍ਹਾਂ ਨੇ ਇਸ ਪਵਿੱਤਰ ਹਾਊਸ ਨੂੰ ਤਾਰ ਤਾਰ ਕੀਤਾ ਹੈ, ਉਹ ਇਸ ਸਦਨ ਦੇ ਅੰਦਰ ਬੈਠਣ ਦੇ ਕਾਬਲ ਹੀ ਨਹੀਂ ਹਨ। ਲੇਕਿਨ ਸਾਡੇ ਸਭ ਦੇ ਲਈ ਸਕੂਨ ਦਾ ਆਲਮ ਜਿਹੜਾ ਹੈ, ਜਿਹੜਾ ਸਕੂਨ ਦਾ ਸੰਦੇਸ਼ ਹੈ ਉਹ ਇਹ ਹੈ ਕਿ ਸਰਦਾਰ ਪਰਕਾਸ਼ ਸਿੰਘ ਬਾਦਲ ਵਰਗੇ ਇਨਸਾਨ ਦਾ, ਪਿਤਾ ਦਾ ਸਾਇਆ, ਜਿਸ ਦੀ ਓਟ ਦੇ ਅੰਦਰ ਪੰਜਾਬ ਦਾ ਹਰ ਵਰਗ ਚਾਹੇ ਉਹ ਦਲਿਤ ਹੋਵੇ, ਚਾਹੇ ਕਿਸਾਨ ਹੋਵੇ, ਚਾਹੇ ਦੁਕਾਨਦਾਰ ਹੋਵੇ, ਚਾਹੇ ਰੇਹੜੀ ਲਾਉਣ ਵਾਲਾ ਹੋਵੇ, ਚਾਹੇ ਫੜੀ ਲਾਉਣ ਵਾਲਾ ਹੋਵੇ, ਚਾਹੇ ਮੋਚੀ ਹੋਵੇ, ਚਾਹੇ ਕੋਈ ਵੀ ਹੋਵੇ, ਬੂਟ ਵੇਚਣ ਵਾਲਾ ਹੋਵੇ, ਸੇਬ ਵੇਚਣ ਵਾਲਾ ਹੋਵੇ, ਕਿਸੇ ਪ੍ਰਕਾਰ ਦਾ ਧੰਦਾ ਕਰਨ ਵਾਲਾ ਹੋਵੇ, ਸਭ ਨੂੰ ਠੰਡੀਆਂ ਹਵਾਵਾਂ ਆਉਂਦੀਆਂ ਹਨ ਔਰ ਹਰ ਕੋਈ ਅੱਜ ਇਹ ਸੋਚਦਾ ਹੈ ਕਿ ਉਹ ਬਾਦਲ ਸਾਹਿਬ ਦੇ ਸਾਏ ਥੱਲੇ, ਬਾਦਲ ਸਾਹਿਬ ਦੀ ਓਟ ਹੇਠਾਂ ਸੁਰੱਖਿਅਤ ਹੈ। ਇਸੇ ਤਰ੍ਹਾਂ ਬਣਿਆ ਰਹੇ। ਪਰਮ ਪਿਤਾ ਪ੍ਰਮਾਤਮਾ ਉਨ੍ਹਾਂ ਦੀ ਆਯੂ ਲੰਮੀ ਕਰੇ। ਪੰਜਾਬ ਦੇ ਅੰਦਰ ਤਾਂ ਕੀ, ਇਸ ਹਿੰਦੁਸਤਾਨ ਦੇ ਅੰਦਰ ਐਸੇ ਨੇਤਾ ਨਹੀਂ ਹੋਣੇ, ਜਿਨ੍ਹਾਂ ਦਾ ਏਨਾ ਵੱਡਾ ਕੱਦ ਹੋਵੇ, ਜਿਨ੍ਹਾਂ ਦੀ

ਏਨੀ ਵੱਡੀ ਦੂਰਦ੍ਰਿਸ਼ਟੀ ਹਵੇ, ਜਿਹੜੇ ਪੰਜਾਬ ਦੇ ਲਈ, ਇਸ ਦੇਸ਼ ਦੇ ਲਈ, ਇਥ ਦੇ ਲਕਾ ਦੇ ਲਈ ਅੱਛਾ ਸਚ ਸਕਣ ਸਗਨ ਸਕੀਮ, ਦਾਲ, ਆਟਾ, ਬੁਢਾਪਾ ਪੈਨਸ਼ਨ, ਖੇਡਾ ਦੇ ਸਟੇਡੀਅਮ, ਸਾਈਕਲ ਬੱਚਿਆਂ ਨੂੰ ਦੇਣਾ, ਅਨੇਕ ਪ੍ਰਕਾਰ ਦੀ ਯਾਤਰਾ, ਬੱਚਿਆਂ ਨੂੰ ਲੈਪਟਾਪ ਦੇਣਾ, ਅਨੇਕ ਪ੍ਰਕਾਰ ਦੀਆਂ ਯੋਜਨਾਵਾਂ ਪੰਜਾਬ ਸਰਕਾਰ ਨੇ ਆਰੰਭ ਕੀਤੀਆਂ ਹਨ ਔਰ ਰਾਜਪਾਲ ਜੀ ਦੇ ਭਾਸ਼ਣ ਦੇ ਅੰਦਰ ਉਨ੍ਹਾਂ ਸਕੀਮਾਂ ਦਾ ਪ੍ਰਤੀਬਿੰਬ, ਸਰਕਾਰ ਦੀ ਸਚ, ਮੁੱਖ ਮੰਤਰੀ ਜੀ ਦੀ ਸਚ ਜਿਹੜੀ ਹੈ, ਉਹ ਉਭਰ ਕੇ ਬਾਹਰ ਆਈ ਹੈ ਅਤੇ ਉਸਨੂੰ ਸਾਰਿਆਂ ਨੇ ਦੇਖਿਆ ਹੈ ਦਿਲ ਤਾਂ ਕਰਦਾ ਸੀ ਕਿ ਬੋਹੜਾ ਲੰਮਾ ਬੋਲਦੇ ਪਰ ਸਾਹਮਣੇ ਕੁਝ ਹੈ ਨਹੀਂ ਇਨ੍ਹਾਂ ਦੇ ਜਾਣ ਕਾਰਨ ਮਜ਼ਾ ਬੋਹਤਾ ਕਿਰਕਿਰਾ ਹੋ ਗਿਆ ਹੈ ਲੇਕਿਨ ਫਿਰ ਵੀ ਅਜੇ ਵੀ ਬਹੁਤ ਕੁਝ ਕਰਨ ਵਾਲਾ ਬਾਕੀ ਹੈ ਮੈਂ ਆਖਿਰ ਵਿਚ ਕੇਵਲ ਇਹ ਕਹਾਂਗਾ ਕਿ ਚਲੋ ਜਲਾਏਂ ਦੀਪ ਵਹਾ ਜਹਾਂ ਅਭੀ ਭੀ ਅੰਧੇਰਾ ਹੈ, ਜਹਾਂ ਅਭੀ ਭੀ ਅੰਧੇਰਾ ਹੈ।' ਬਹੁਤ ਬਹੁਤ ਧੰਨਵਾਦ ਚੇਅਰਮੈਨ ਸਾਹਿਬ, ਤੁਸੀ ਮੈਨੂੰ ਬੋਲਣ ਲਈ ਸਮਾਂ ਦਿੱਤਾ ਔਰ ਤੁਸੀ ਸਭ ਨੇ ਧਿਆਨ ਨਾਲ ਸੁਣਿਆ, ਇਸ ਲਈ ਮੈਂ ਆਪ ਸਭ ਦਾ ਆਭਾਰੀ ਹਾਂ ਮੈਂ ਡਾਕਟਰ ਚੀਮਾ ਸਾਹਿਬ ਦੁਆਰਾ ਪੇਸ਼ ਕੀਤੇ ਗਏ ਪ੍ਰਸਤਾਵ ਦੀ ਪ੍ਰੜ੍ਹਤਾ ਕਰਦਾ ਹਾਂ ਅਤੇ ਉਨ੍ਹਾਂ ਦੇ ਪੱਖ ਵਿੱਚ ਬੋਲਦਾ ਹੋਇਆ ਆਪਣਾ ਸਥਾਨ ਲੈਂਦਾ ਹੈ। ਬਹੁਤ ਬਹੁਤ ਧੰਨਵਾਦ ਜੀ

मुख्य संसदीय सचिव सामाजिक सुरक्षा, महिला व बाल विकास (श्रीमति एफ निसारा खातून): काबिले एहतराम चेयरमैन साहिब मैं आप की बहुत शुक्रगुजार हूँ कि मुझे गवर्नर ऐडरैस पर बोलने का मौका दिया है जनाब चेयरमैन साहिब हकूमत किसी सूबे की हो किसी देश की हो या किसी भी सियासी पार्टी की हो वो हकूमत अच्छी है या बुरी नेक है या बद अवाम दुश्मन है या अवाम दोस्त है इस बात का सही फैसला करने से पहले ये देखना जरूरी होता है कि उस की नीयत अच्छी है या बुरी। फिर ये भी देखना जरूरी होता है कि वो जिस रास्ते पर चलने का इरादा रखती है, उस रास्ते में सूबे की या देश की तरक्की का रास्ता है या नहीं यानी वो रास्ता जिस मंजिल को जा रहा है वो खुशहाली की मंजिल है या बदहाली की। काबिले एहतराम His Excellency शिव राज पाटिल गर्वनर साहिब पंजाब ने अपने ऐडरैस में जो कुछ भी कहा है उस से बिल्कुल साफ है वैसे मैं जानती हूं कि अगर इस हाउस मे हमारे दूसरे ग्रुप के

[मुख्य संसदीय सचिव सामाजिक सुरक्षा महिला व बाल विकास]

साहिबान भी बैठे होते तो इस साफ साफ बात को भी धुंधला करने की कोशिश जरूर करते और वो साफ साफ बात ये है कि हमारी सरकार की नीयत नेक है जो पंजाब की आवाम पंजाब को तरक्की के रास्ते पर ले जा रही है और कोशिश हैं किसी भी समाज को तरक्की की मंजिल छूने के लिए ये जरूरी है कि वहां अमनो अमान कायम हो और समाज के अंदर कोई ऐसी कशीदगी पैदा न हो और न ही पैदा होने दी जाए जो तरक्की के रास्ते मे रूकावट साबित हो , पिछले 6 दशको का एक–एक दिन इस बात की गवाही देता है कि सारे देश में सब से ज्यादा पुर अमन समाज पंजाब का समाज रहा है न यहां हिन्दू कौम सिक्ख कौम से लड़ी है और न सिक्ख कौम मुसलमान कौम से लड़ी है हमारे समाज मे न इन्तहापसंदी है न फिरकाप्रस्ती है। इस के लिए अगर पंजाब की आवाम मुबारकबाद की मुस्तहिक है तो पंजाब सरकार और उस की पुलिस भी काबिले तारीफ है। अगर कही इक्का दुक्का तशद्दद का वाक्या होता है, अगर कही कोई गैर जिम्मेदाराना नौजवान किसी पुलिस अफसर को थप्पड़ मार देता है तो इस सरकार का डायरैक्टर जनरल ऑफ पुलिस ही मुजरिम को गिरफ्तार करने निकल पड़ता है और कुछ एक घंटो में ही मुजरिम गिरफ्तार हो जाता है या अगर किसी आम आदमी के साथ भी कोई जुर्म होता है तो बहुत जल्दी उस मुजरिम को पकड़ कर कानून के हवाले किया जाता है। मैं समझती हूं कि कुछ हजरत ऐसे भी हैं कि ऐसे डायरैक्टर जनरल ऑफ पुलिस पर जिस ने देश की एकता को बचाए रखने मे अपनी जान की भी परवाह नही रखी उस पर भी उंगलियां उठाने की कोशिश करते हैं।

आज की दुनिया में अगर तरक्की की मंजिल पर पहुंचना है तो हम को बिजली का बंदोबस्त जरूरत के मुताबिक करना होगा उम्दा से उम्दा सड़कों का जाल बिछाना होगा । ये सिर्फ पंजाब की सरजमीं है जहां 2014 तक बिजली जरूरत के मुताबिक ही नही बल्कि अपनी जरूरत से ज्यादा पैदा होने लगेगी आप इस देश के किसी भी सूबे को देख आएं तो बेहतर सड़को का जाल आप को पंजाब मे मिलेगा इतनी बेहतरीन सड़के कि एक जगह से दूसरी जगह पहुंचने के लिए सही वक्त आप खुद मुकर्रर कर सकते हैं किसी दूसरे सूबे में

ऐसा नहीं है बेशक इस के बावजूद हमारे सूबे में इतने कारखाने नहीं लग सके या हमारी इंडस्ट्री वहा नहीं पहुंच सकी जहां हमारी सरकार इस को पहुंचाना चाहती है क्योंकि हमारी मरकजी सरकार ने हमारे पड़ोसी सूबों को इंडस्ट्री के लिए बहुत सारी रियायतें दी हैं और हमें कुछ नहीं दिया ।

जब कि हमारे यहां इंडस्ट्री के लिए जो जमीन चाहिए थी वो हिंदुस्तान के किसी भी सूबे के मुकाबले में कहीं ज्यादा महंगी है हमारे किसान देश के अन्नदाता है और खेतीबाडी हमारे सूबे की इकॉनमी का 70 फीसदी है। हमारी सरकार देश के अन्नदताओ के लिए यानी पंजाब के किसानों के लिए वो सब कुछ कर रही है जो किसी भी दूसरे सूबे के किसान ख्वाबों में देखते होंगे, आखिर मुमकिन हद तक बन्दोबस्त कर रही है, बिजली भी मुफ्त दे रही है और ट्यूबवैल और सिंचाई का भी बंदोबस्त कर रही है। लेकिन हमारी मर्कजी सरकार इस देश की 70 फीसदी फाकाकशी के शिकार जनता की तिरछी निगाह का ध्यान नहीं रखती, अपने देश के लोगों को अनाज देते रहेंगे ये हमे विश्वास है हमारे किसान इस देश को इतना अनाज दे रहे हैं कि अगर मर्कजी सरकार चाहे तो देश भर की आवाम को मुफ्त रोटी खिला सकती है।

अगर देश को आगे ले जाना है तो देश के बच्चों और नौजवानों को तालीम भी देनी होगी और बेहतर से बेहतर तालीम देनी होगी। इस सूबे के सारे लोग देश के लोग भी इस बात के गवाह है कि पंजाब में तालीम का बन्दोबस्त है और बेहतर से बेहतर तालीम का बन्दोबस्त है। हमारी सरकार सिर्फ तालीम ही नहीं दे रही बल्कि तालीमयाफ्ता नौजवानों को अपनी स्किल डिवैलप करने के लिए माकूल ट्रेनिंग का भी बन्दोबस्त कर रही है ताकि वो देश के अंदर और देश के बाहर रोजगार हासिल कर सकें और इज्जत की जिंदगी जी सकें इस के इलावा सरकार खुद भी दस लाख मुलाजमात का बन्दोबस्त करने जा रही है ये हिन्दुस्तान की बदकिस्मती है कि जहां खुशहाल तबका और मिडल क्लास है वहीं एक तबका हिन्दुस्तान के लोगों की अक्सरीयत है वो गरीबों का तबका है पंजाब की खुशकिस्मती यह है कि यहां गरीबों का तबका सरकार की मुशक्कत कोशिशों से ही दूसरों के मुकाबले काफी छोटा है इस तबके को खुशहाल बनाना मुसल्लसल जद्दो जहद का काम है हमारी सरकार जिस हिम्मत और

[मुख्य ससदीय सचिव सामाजिक सुरक्षा महिला व बाल विकास]

खुशी के साथ इस तबके की मदद कर रही है उस से उस तबके की जिदगी बहुत आसान हो गई है। तकरीबन बीस लाख बजुर्गों विधवाओ और मजदूर लोगो को पैंशन देना तकरीबन दो लाख बी पी एल परिवारो को बीमा योजना और तकरीबन डेढ लाख बेजमीन मजदूरों को आम आदमी बीमा योजना मे शामिल करना यह बहुत ही अहम कदम है। मैं सरकार के तमाम महकमो के बारे म जिक्र से परहेज करूगी क्योंकि वक्त बहुत लग जाएगा लेकिन यह जरूर कहना चाहूगी कि अगर इस स्टेट की तरक्की मनसूबाबन्द न हो तो तरक्की हुई भी तो टेढ़ी तरक्की होगी पजाब एक छोटे से स्टेट का 12वा पाच साला मनसूबा 92000 करोड का होना जो 11वी पाच साला मनसूबे से 126 गुना ज्यादा है। सरकार की यह मनसूबाबन्दी इस बात का पता देती है कि पजाब की आवाम को वाकया ही मनसूबाबन्द तरक्की की तरफ तेजी से ले जा रही है आखिर मे एक छोटी सी मगर अहम बात आप के सामने रखना चाहूगी और यह बात रखने से पहले एक छोटा सा शेयर कहूगी ।

रखिओ गालिब मुझे इस तल्ख नवाई पे माफ
कि आज कुछ दर्द मेरे दिल मे सिवा होता है

पंजाब में थोडी सी मुस्लिम आबादी है पजाब के वोटरों का वो कुल 3 फीसदी ही है वो मजदूर और मेहनतकश है। अब उन्होंने एक आवाज हो कर बेइज्जत जिन्दगी जीने को खत्म कर अपने तालीमी पिछड़ेपन को दूर करने का हौंसला बनाया है। पजाब के यह मुसलमान सिर्फ मलेरकोटला मे ही नहीं है बल्कि सारे पजाब मे फैले हुए हैं लेकिन अब एक हो गए है और इकट्ठे हो गए हैं मैं अपने तरक्कीपसन्द गरीबो की हमदर्द और सच्चे मायनो मे सैकूलें सरकार से पूरी उम्मीद रखती हू कि वो मजदूर मेहनतकश मगर मुस्तहीयत मुस्लिम आवाम को खास तौर पर उन का तालीमी पिछड़ापन दूर करने मे दिल खोल करके मदद करेंगे । मैं जानती हू कि दूसरे सूबो की जमीन पंजाब से ज्यादा जरखेज थी लेकिन सरदार परकाश सिह बादल साहिब ने पाच बार चीफ मिनिस्टर बन कर पजाब को वहा पहुचा दिया कि वो दूसरे सूबो के लिए कनाडा और अमरीका बन गया। मुझे यकीन है कि पजाब का यह गरीद तबका भी काबिले एहतराम

सरदार परकाश सिंह बादल साहिब के अहसानों का गुण गाएगा। इस के साथ ही जो चीमा साहिब ने गवर्नर ऐडरैस पर धन्यवाद का मता पेश किया है मैं उस की ताईद करती हूं। बहुत बहुत शुक्रिया।

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ (ਸਰਦਾਰ ਵਿਰਸਾ ਸਿੰਘ ਵਲਟੋਹਾ): ਚੇਅਰਮੈਨ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਿ ਬੜੇ ਅਹਿਮ ਮੌਕੇ ਤੇ ਗਵਰਨਰ ਸਾਹਿਬ ਦੇ ਭਾਸ਼ਣ ਤੇ ਉਨ੍ਹਾਂ ਨੂੰ ਧੰਨਵਾਦ ਭੇਜਣ ਵਾਸਤੇ ਰੱਖੇ ਗਏ ਡਾਕਟਰ ਦਲਜੀਤ ਸਿੰਘ ਚੀਮਾ ਜੀ ਵੱਲੋਂ ਪੇਸ਼ ਕੀਤੇ ਗਏ ਪ੍ਰਸਤਾਵ ਤੇ ਮੈਨੂੰ ਕੁਝ ਕਹਿਣ ਦਾ ਮੌਕਾ ਦਿੱਤਾ ਹੈ। ਚੇਅਰਮੈਨ ਸਾਹਿਬ, ਹਰ ਸਾਲ ਹੀ ਸਦਨ ਦੇ ਵਿੱਚ ਗਵਰਨਰ ਸਾਹਿਬ ਆਉਂਦੇ ਹਨ ਅਤੇ ਇਸ ਸਦਨ ਨੂੰ, ਜਿਹੜਾ ਪੰਜਾਬ ਦੇ ਸਮੁੱਚੇ ਲੋਕਾਂ ਦੀ ਨੁਮਾਇੰਦਗੀ ਕਰਦਾ ਹੈ, ਉਸ ਦੇ ਸਾਹਮਣੇ ਪੰਜਾਬ ਦੀ ਹਕੀਕਤ, ਸਰਕਾਰ ਦੀ ਕਾਰਗੁਜ਼ਾਰੀ, ਸਰਕਾਰ ਦੇ ਕੀਤੇ ਕੰਮਾਂ ਦੀ ਅਤੇ ਸੂਬੇ ਨੂੰ ਜਿਹੜੀਆਂ ਦਰਪੇਸ਼ ਸਮੱਸਿਆਵਾਂ ਹਨ, ਉਨ੍ਹਾਂ ਦਾ ਬੜਾ ਜ਼ਿਕਰ ਕਰਕੇ ਜਾਂਦੇ ਹਨ। ਇਸ ਵਾਰ ਵੀ ਉਹ ਸਰਕਾਰ ਦੀ ਕਾਰਗੁਜ਼ਾਰੀ ਬਾਰੇ, ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਜਿਹੜੀ ਯੋਗ ਅਗਵਾਈ ਹੈ, ਉਸ ਦੇ ਬਾਰੇ ਅਤੇ ਸਰਕਾਰ ਵੱਲੋਂ ਕੀਤੇ ਗਏ ਪ੍ਰਸ਼ੰਸਾਯੋਗ ਕੰਮਾਂ ਬਾਰੇ ਬੜੇ ਵਿਸਥਾਰ ਵਿੱਚ ਚਾਨਣਾ ਪਾ ਕੇ ਗਏ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਜਿਹੜਾ ਸਾਡਾ ਹਿੰਦੁਸਤਾਨ ਦਾ ਢਾਂਚਾ ਹੈ, ਜਿਹੜੀਆਂ ਕੇਂਦਰ ਵਿੱਚ ਬੈਠ ਕੇ ਸੂਬਿਆਂ ਦੇ ਵਿਕਾਸ ਵਾਸਤੇ ਸਕੀਮਾਂ ਘੜੀਆਂ ਜਾਂਦੀਆਂ ਹਨ ਜਾਂ ਸਮੇਂ ਸਮੇਂ ਤੇ ਪੰਜਾਬ ਨਾਲ ਜੋ ਅਨਿਆਂ ਹੋਇਆ ਹੈ, ਧੱਕਾ ਹੋਇਆ ਹੈ, ਵਿਤਕਰੇਬਾਜ਼ੀ ਹੋਈ ਹੈ, ਉਸ ਦੇ ਬਾਰੇ ਵੀ ਆਪਣੇ ਵਿਚਾਰ ਪ੍ਰਗਟ ਕਰਕੇ ਗਏ ਹਨ ਪਰ ਜਿਥੋਂ ਉਨ੍ਹਾਂ ਨੇ ਸ਼ੁਰੂਆਤ ਕੀਤੀ, ਉਹ ਸ਼ੁਰੂਆਤ ਉਨ੍ਹਾਂ ਨੇ ਜਿਹੜੀ ਸਰਦਾਰ ਪਰਕਾਸ਼ ਸਿੰਘ ਬਾਦਲ ਦੀ 2007 ਤੋਂ ਲੈ ਕੇ 2012 ਤੱਕ ਸਰਕਾਰ ਸੀ, ਉਸ ਦੀ ਪ੍ਰਸ਼ੰਸਾ ਕਰਦਿਆਂ ਕੀਤੀ। ਨਾਲ ਹੀ ਉਨ੍ਹਾਂ ਨੇ ਰਾਜਨੀਤਿਕ ਹਲਕਿਆਂ ਵਿੱਚ ਰਾਜਨੀਤਿਕ ਪਾਰਟੀਆਂ ਲਈ ਇਕ ਮੈਸੇਜ ਛੱਡਿਆ ਹੈ ਕਿ ਹੁਣ ਕੋਈ ਭੁਲੇਖੇ ਵਿਚ ਨਾ ਰਹੇ ਕਿ ਬਿਨਾ ਕੰਮ ਕੀਤਿਆਂ ਪੰਜਾਬ ਦੇ ਅੰਦਰ ਕੋਈ ਸਰਕਾਰ ਬਣ ਸਕਦੀ ਹੈ। ਸਰਕਾਰ ਉਹੀ ਬਣੇਗੀ ਜਿਹੜੀ ਲੋਕਾਂ ਦੇ ਕੰਮ ਕਰਦੀ ਹੈ, ਜਿਹੜੀ ਸਟੇਟ ਦੇ ਕੰਮ ਕਰਦੀ ਹੈ, ਜੋ ਸਟੇਟ ਦੇ ਕੰਮ ਕੀਤੇ ਹਨ, ਸੂਬੇ ਦੇ ਕੰਮ ਕੀਤੇ ਹਨ, ਪੰਜਾਬ ਦਾ ਭਲਾ ਕੀਤਾ ਹੈ, ਪੰਜਾਬ ਦਾ ਵਿਕਾਸ ਕੀਤਾ ਹੈ, ਇਸੇ ਕਰਕੇ ਇਹ ਸਰਕਾਰ ਦੁਬਾਰਾ ਸੱਤਾ ਵਿੱਚ ਆਈ ਹੈ। ਚੇਅਰਮੈਨ ਸਾਹਿਬ, ਇਹ ਗਵਰਨਰ ਸਾਹਿਬ ਕਹਿ ਕੇ ਗਏ ਹਨ। ਨਾਲ ਹੀ ਉਨ੍ਹਾਂ ਨੇ ਇਸ ਗੱਲ ਦੀ

[ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ]

ਦੀ ਤਾਈਦ ਕੀਤੀ ਹੈ ਕਿ ਇੱਕ ਸਾਲ ਦੇ ਅੰਦਰ ਅੰਦਰ ਪੰਜਾਬ ਦੇ ਅੰਦਰ, ਪੰਜਾਬ ਸਰਕਾਰ ਨੂੰ ਦੋ ਜ਼ਿਮਨੀ ਚੋਣਾਂ ਲੜਨੀਆਂ ਪਈਆਂ ਔਰ ਲੋਕ ਜਿਹੜੇ ਹਨ, ਸਰਕਾਰਾਂ ਨੂੰ ਦੇਖਦੇ ਹਨ, ਸਰਕਾਰ ਦੀ ਚਾਲ ਨੂੰ ਦੇਖਦੇ ਹਨ, ਉਸ ਦੀ ਕਾਰਗੁਜ਼ਾਰੀ ਨੂੰ ਦੇਖਦੇ ਹਨ ਦਸੂਹਾ ਦੀ ਚੋਣ ਹੋਈ ਅਤੇ ਜਿਹੜੀਆਂ ਜਨਵਰੀ 30, 2012 ਨੂੰ ਵੋਟਾਂ ਪਈਆਂ ਸਨ ਅਤੇ ਜਦੋਂ ਤਿੰਨ-ਚਾਰ ਮਹੀਨੇ ਬਾਅਦ ਦੁਬਾਰਾ ਚੋਣ ਹੋਈ ਤਾਂ ਉਹ ਚੋਣ ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਨੇ ਲਗਭਗ 50,00 ਵੋਟਾਂ ਤੇ ਜਿੱਤੀ। ਮੋਗਾ ਜ਼ਿਮਨੀ ਚੋਣ ਹੋਈ ਔਰ ਮੀਡੀਏ ਨੇ ਵੀ ਦੇਖਿਆ, ਪੰਜਾਬ ਦੇ ਲੋਕਾਂ ਨੇ ਵੀ ਦੇਖਿਆ ਔਰ ਖਾਸ ਕਰਕੇ ਆਪਾਂ, ਜਿਹੜੇ ਉਸ ਮੈਦਾਨ ਦੇ ਵਿੱਚ ਸੀ ਕਿ ਪੰਜਾਬ ਦੀ ਕਾਂਗਰਸ ਪਾਰਟੀ ਨੇ ਅੱਜ ਤੱਕ ਕਦੇ ਇਸ ਤਰ੍ਹਾਂ ਇਲੈਕਸ਼ਨ ਨਹੀਂ ਲੜੀ। ਜੋ ਵੱਧ ਤੋਂ ਵੱਧ ਉਹ ਕਰ ਸਕਦੇ ਸੀ, ਜਿਸ ਯੋਜਨਾਬੱਧ ਤਰੀਕੇ ਦੇ ਨਾਲ ਉਹ ਇਲੈਕਸ਼ਨ ਲੜ ਸਕਦੇ ਸੀ, ਜਿੰਨਾ ਉਹ ਜ਼ੋਰ ਲਗਾ ਸਕਦੇ ਸੀ, ਤਾਕਤ ਲਗਾ ਸਕਦੇ ਸੀ, ਉਨ੍ਹਾਂ ਨੇ ਮੋਗਾ ਜ਼ਿਮਨੀ ਚੋਣ ਵਿਚ ਲਗਾਈ। ਮੋਗਾ ਬਾਰੇ ਪੰਜਾਬ ਦਾ ਰਾਜਨੀਤਿਕ ਇਤਿਹਾਸ ਹੈ ਔਰ ਉਸ ਦੇ ਵਿਚ ਨਿਖਰ ਕੇ ਜੋ ਗੱਲ ਸਾਹਮਣੇ ਆਉਂਦੀ ਹੈ ਕਿ ਮੋਗਾ ਹਲਕਾ ਕਾਂਗਰਸ ਦੀ ਇਕ ਤਰ੍ਹਾਂ ਜੱਦੀ ਪੁਸ਼ਤੀ ਬਣੀ ਹੋਈ ਸੀਟ ਹੈ ਪਰ ਉੱਥੇ ਦੇ ਲੋਕਾਂ ਨੂੰ ਕਾਂਗਰਸ ਵੱਲੋਂ ਵਰਗਲਾਉਣ ਦੇ ਬਾਵਜੂਦ, ਝੂਠੇ ਪ੍ਰਚਾਰ ਦੇ ਬਾਵਜੂਦ, ਬੜੀਆਂ ਗੱਲਾਂ ਕੀਤੀਆਂ ਗਈਆਂ, ਬੜਾ ਕੁਝ ਕੀਤਾ ਗਿਆ ਪਰ ਉਸ ਦੇ ਬਾਵਜੂਦ ਵੀ [illegible] ਵੋਟਾਂ ਤੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੂੰ, ਜੈਨ ਸਾਹਿਬ ਨੂੰ ਜਿਤਾ ਕੇ ਫਿਰ ਦੁਬਾਰਾ ਸਦਨ ਵਿਚ ਭੇਜਿਆ ਹੈ। ਚੇਅਰਮੈਨ ਸਾਹਿਬ, ਰਾਜਨੀਤੀ ਇਸ ਤਰ੍ਹਾਂ ਦੀ ਹੈ, ਜਿੱਤ ਜਾਂ ਹਾਰ ਇਹ ਹੈ, ਪਰ ਲਗਾਤਾਰ ਹਾਰਾਂ ਕਰਕੇ ਅੱਜ ਜਿਸ ਕਗਾਰ ਤੇ ਕਾਂਗਰਸ ਪਹੁੰਚ ਚੁੱਕੀ ਹੈ, ਦਿਮਾਗ ਤੇ ਅਸਰ ਹੋ ਗਿਆ ਹੈ ਕਿ ਇਨ੍ਹਾਂ ਹਾਰ ਦੇ ਚੱਕਰਾਂ ਵਿਚੋਂ ਆਪਾਂ ਕਿਵੇਂ ਨਿਕਲਾਂਗੇ, ਸੁੱਝੀ ਨਹੀਂ ਆ ਰਹੀ, ਗਲਤੀ ਤੇ ਗਲਤੀ ਜਿਹੜੀ ਪੰਜਾਬ ਦੀ ਕਾਂਗਰਸ ਕਰ ਰਹੀ ਹੈ। ਕਾਂਗਰਸ ਵਿਚ ਥੱਲੇ ਤੋਂ ਲੈ ਕੇ ਉਤੇ ਤੱਕ ਤੇ ਉਤੇ ਤੋਂ ਲੈ ਕੇ ਥੱਲੇ ਤੱਕ ਪੰਜਾਬ ਦੀ ਉਪਰਲੀ ਲੀਡਰਸ਼ਿਪ ਤੋਂ ਲੈ ਕੇ ਹੇਠਲੇ ਵਰਕਰ ਤੱਕ ਇਸ ਕਦਰ ਨਿਰਾਸ਼ਤਾ ਕਦੇ ਨਹੀਂ ਵੇਖੀ, ਅੱਗੇ ਕਦੇ ਨਹੀਂ ਵੇਖੀ। ਅੱਜ ਉਸੇ ਨਿਰਾਸ਼ਤਾ ਦਾ ਕਾਰਨ ਹੈ ਕਿ ਇਕ ਸਾਲ ਬੀਤ ਜਾਣ ਦੇ ਬਾਵਜੂਦ ਵੀ ਕਾਂਗਰਸ ਹਾਰ ਦੇ ਸਦਮੇ ਵਿਚੋਂ ਬਾਹਰ ਨਹੀਂ ਆਈ। ਜੇ ਮੈਂ ਕਹਿ ਲਵਾਂ ਕਿ ਅੱਜ ਕਾਂਗਰਸ ਨੂੰ, ਕਾਂਗਰਸ ਦੀਆਂ ਨੀਤੀਆਂ ਕਰਕੇ, ਕਾਂਗਰਸ ਦੀ ਪਿਛਲੀ ਕਾਰਗੁਜ਼ਾਰੀ ਕਰਕੇ ਇਨ੍ਹਾਂ ਹਾਰਾਂ ਦੇ ਰੂਪ

ਵਿਚ ਲੋਕ ਕਾਂਗਰਸ ਨੂੰ ਕੁੱਟ ਰਹੇ ਹਨ ਤੇ ਉਸ ਦਾ ਗੁੱਸਾ ਸਾਡੇ ਕਾਂਗਰਸੀ ਵੀਰ ਸਾਡੇ ਵਾਚ ਐਂਡ ਵਾਰਡ ਸਟਾਫ ਨੂੰ ਕੁੱਟ ਕੇ ਕੱਢ ਰਹੇ ਹਨ। ਇਸ ਤੋਂ ਮਾੜੀ ਗੱਲ ਕੋਈ ਹੋ ਸਕਦੀ ਹੈ?

ਚੇਅਰਮੈਨ ਸਾਹਿਬ, ਇਤਿਹਾਸ ਆਪਾਂ ਸਾਰਿਆਂ ਨੇ ਪੜ੍ਹਿਆ ਹੈ। ਅਜ ਕੱਲ੍ਹ ਦੀਆਂ ਗੱਲਾਂ ਹਨ, ਸਾਡੇ ਵੱਡੇ ਵਡੇਰਿਆਂ ਨੇ ਵੀ ਪੰਜਾਬ ਦੇ ਪਿਛੋਕੜ ਬਾਰੇ ਦੱਸਿਆ ਹੈ ਕਿ ਇਹ ਗੱਲ ਸਾਡੇ ਸਾਰਿਆਂ ਦੇ ਸਾਹਮਣੇ ਹੈ ਕਿ ਪੰਜਾਬ ਹਿੰਦੁਸਤਾਨ ਦਾ ਸਭ ਤੋਂ ਖੁਸ਼ਹਾਲ ਸੂਬਾ ਸੀ। ਅਜ਼ਾਦੀ ਤੋਂ ਪਹਿਲਾਂ ਜੇ ਕੋਈ ਹਿੰਦੁਸਤਾਨ ਦਾ ਸਭ ਤੋਂ ਖੁਸ਼ਹਾਲ ਸੂਬਾ ਸੀ ਤਾਂ ਉਹ ਪੰਜਾਬ ਸੀ। ਦੇਸ਼ ਦੀ ਅਜ਼ਾਦੀ ਵਾਸਤੇ ਜੇ ਸਭ ਤੋਂ ਵੱਡਾ ਯੋਗਦਾਨ ਪਾਇਆ ਹੈ ਤਾਂ ਉਹ ਪੰਜਾਬੀਆਂ ਨੇ ਪਾਇਆ। ਪੰਜਾਬ ਨੇ ਪਾਇਆ, ਕੁਰਬਾਨੀਆਂ ਦਿੱਤੀਆਂ, ਸ਼ਹੀਦੀਆਂ ਦਿੱਤੀਆਂ, ਫਾਂਸੀਆਂ ਦੇ ਉਤੇ ਚੜ੍ਹੇ, ਜ਼ਮੀਨਾਂ ਜਾਇਦਾਦਾਂ ਦੀਆਂ ਕੁਰਕੀਆਂ ਹੋਈਆਂ, ਕਾਲੇ ਪਾਣੀ ਤੱਕ ਗਏ ਪਰ ਦੇਸ਼ ਦੀ ਅਜ਼ਾਦੀ ਦੀ ਖਾਤਰ ਕਿਸੇ ਨੇ ਪਰਵਾਹ ਨਹੀਂ ਕੀਤੀ। ਪਰ ਜਦ ਅਜ਼ਾਦੀ ਮਿਲੀ ਤਾਂ ਜਿਨ੍ਹਾਂ ਦੇ ਹੱਕ ਵਿਚ ਵਾਇਸਰਾਏ ਸੀ, ਮਿਸਟਰ ਜਿਨਾਹ ਨੂੰ ਪਾਸੇ ਕਰਨ ਦੀ ਖਾਤਰ ਇਹ ਜਿਹੀ ਲਕੀਰ ਪੰਜਾਬ ਦੀ ਕਿਸਮਤ ਦੇ ਉੱਤੇ ਖਿੱਚ ਦਿੱਤੀ ਕਿ ਵੰਡ ਹੋ ਗਈ। ਹਿੰਦੁਸਤਾਨ ਤੇ ਪਾਕਿਸਤਾਨ ਬਣ ਗਿਆ ਅਤੇ ਜਿਹੜੀ ਉਹ ਵੰਡ ਹੋਈ ਉਸ ਦੀ ਜੋ ਸਭ ਤੋਂ ਵੱਧ ਤਬਾਹੀ ਝੱਲਣੀ ਪਈ ਤਾਂ ਉਹ ਪੰਜਾਬ ਨੂੰ ਝੱਲਣੀ ਪਈ। ਬਾਰਡਰ ਬਣ ਗਿਆ। ਲਕੀਰ ਵੱਜ ਗਈ ਅਤੇ 500 ਕਿਲੋਮੀਟਰ ਤੋਂ ਵੱਧ ਦਾ ਬਾਰਡਰ ਪੰਜਾਬ ਦੇ ਨਾਲ ਲੱਗਦਾ ਹੈ। ਇਸ ਵੰਡ ਦੇ ਸਮੇਂ ਆਰਥਿਕ ਤੌਰ ਬੜੀ ਵੱਡੀ ਸੱਟ ਲੱਗੀ। ਬੜੀ ਕਤਲੋਗਾਰਤ ਹੋਈ। ਲੋਕੀਂ ਆਪਣੀਆਂ ਜਾਇਦਾਦਾਂ ਉਧਰ ਛੱਡ ਕੇ ਇਧਰ ਆਏ। ਜੋ ਕੁਝ ਉਸ ਸਮੇਂ ਵਾਪਰਿਆ, ਉਹ ਸਾਰਿਆਂ ਨੂੰ ਪਤਾ ਹੈ ਪਰ ਕਿਸੇ ਨੇ ਵੀ ਪੰਜਾਬ ਦੇ ਇਨ੍ਹਾਂ ਜ਼ਖ਼ਮਾਂ ਨੂੰ ਵੇਖਣ ਦੀ ਕੋਸ਼ਿਸ਼ ਨਹੀਂ ਕੀਤੀ। ਪੰਜਾਬ ਦੀ ਇਸ ਤ੍ਰਾਸਦੀ ਨੂੰ ਵੇਖਣ ਦੀ ਕੋਸ਼ਿਸ਼ ਨਹੀਂ ਕੀਤੀ। ਸਮੇਂ ਦੀਆਂ ਹਕੂਮਤਾਂ ਦਾ ਫਰਜ਼ ਬਣਦਾ ਸੀ ਕਿ ਪੰਜਾਬ ਵੱਲ ਉਚੇਚਾ ਧਿਆਨ ਦਿੰਦੀਆਂ। ਇਹ ਸਰਹੱਦੀ ਸੂਬਾ ਬਣ ਗਿਆ ਸੀ। ਇਸ ਦੇ ਵਿਕਾਸ ਵਾਸਤੇ ਉਚੇਚਾ ਯਤਨ ਕੀਤਾ ਜਾਂਦਾ ਪਰ ਨਹੀਂ ਸਗੋਂ ਉਲਟਾ ਕੁਹਾੜਾ ਇੱਥੇ ਚਲਾਇਆ ਗਿਆ ਅਤੇ ਪੰਜਾਬ ਨਾਲ ਵਿਤਕਰੇਬਾਜ਼ੀਆਂ ਦਾ ਦੌਰ ਅਜ਼ਾਦੀ ਤੋਂ ਤੁਰੰਤ ਬਾਅਦ ਸ਼ੁਰੂ ਹੋ ਗਿਆ। ਸਾਰੇ ਹਿੰਦੁਸਤਾਨ ਵਿੱਚ ਸੂਬੇ ਬੋਲੀ ਦੇ ਅਧਾਰ ਤੇ ਬਣੇ ਪਰ ਜੇ ਪੰਜਾਬ ਦੇ ਲੋਕਾਂ ਨੇ ਪੰਜਾਬੀ ਸੂਬਾ ਮੰਗਿਆ ਤਾਂ ਲੱਖਾਂ ਪੰਜਾਬੀਆਂ ਨੂੰ ਜੇਲ੍ਹਾਂ ਵਿੱਚ ਜਾਣਾ ਪਿਆ। ਸ਼ਹੀਦੀਆਂ ਹੋਈਆਂ। ਹੁਣੇ ਚੀਮਾ ਸਾਹਿਬ ਜ਼ਿਕਰ ਕਰਕੇ ਗਏ ਹਨ ਕਿ ਅੱਜ ਵੀ

[ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ]

ਅਸੀਂ ਪੰਜਾਬੀ ਬੋਲਦੇ ਇਲਾਕੇ ਮੰਗਦੇ ਹਾਂ। ਸਾਡਾ ਹੱਕ ਚੰਡੀਗੜ੍ਹ ਉੱਤੇ ਸੀ ਕਿ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਹੈ ਅਤੇ ਇਹ ਸਾਨੂੰ ਮਿਲਣੀ ਚਾਹੀਦੀ ਹੈ। ਅੱਜ ਵੀ ਅਸੀਂ ਵਾਰ ਵਾਰ ਚੰਡੀਗੜ੍ਹ ਮੰਗਦੇ ਹਾਂ ਪਰ ਨਹੀਂ ਮਿਲਿਆ। ਪੰਜਾਬ ਦਾ ਪਾਣੀ ਖੋਹ ਕੇ ਦੂਸਰੇ ਸੂਬਿਆਂ ਨੂੰ ਦੇ ਦਿੱਤਾ ਗਿਆ। ਅਜੇ ਪਤਾ ਨਹੀਂ ਇਨ੍ਹਾਂ ਨੇ ਹੋਰ ਕਿਹੜੇ ਚੰਦ ਚਾੜ੍ਹਨੇ ਹਨ। ਹਾਲੇ ਵੀ ਪਾਣੀਆਂ ਬਾਰੇ ਕਈ ਤਰ੍ਹਾਂ ਦੇ ਐਕਟ, ਕਾਨੂੰਨ ਬਣਾਉਣ ਨੂੰ ਫਿਰਦੇ ਹਨ। ਜਿਹੜਾ ਰਹਿੰਦਾ ਪਾਣੀ ਹੈ, ਉਸ ਨੂੰ ਵੀ ਖੋਹਣ ਦੇ ਯਤਨ ਹੋ ਰਹੇ ਹਨ। ਜਿਹੜੀ ਸਤਲੁਜ ਯਮੁਨਾ ਲਿੰਕ ਨਹਿਰ ਹੈ ਇਸ ਦੇ ਪਆਰੇ ਨੇ ਪੰਜਾਬ ਵਿੱਚ ਲਾਂਬੂ ਲਗਾਇਆ ਸੀ। ਜੁਲਾਈ, ੧੯੮੨ ਵਿੱਚ ਜਦੋਂ ਸ਼੍ਰੀਮਤੀ ਇੰਦਰਾ ਗਾਂਧੀ ਜੀ ਨੇ ਪੰਜਾਬ ਦੀ ਧਰਤੀ ਤੇ ਆ ਕੇ ਇਨ੍ਹਾਂ ਕਾਂਗਰਸੀਆਂ ਵੱਲੋਂ ਜਿਹੜੀ ਸੋਨੇ ਦੀ ਕਹੀ ਦਿੱਤੀ ਗਈ ਸੀ, ਬੀਬੀ ਜੀ ਇਸ ਨਾਲ ਟੱਕ ਲਾਓ, ਉਹ ਸਤਲੁਜ ਯਮੁਨਾ ਲਿੰਕ ਨਹਿਰ ਨੇ ਪੰਜਾਬ ਵਿੱਚ ਇਹੋ ਜਿਹੇ ਲਾਂਬੂ ਲਗਾਏ, ਮੋਰਚੇ ਲੱਗੇ, ਉਸ ਤੋਂ ਬਾਅਦ ਜੋ ਪੰਜਾਬ ਅੰਦਰ ਬੀਤਿਆ ਉਹ ਤੁਹਾਡੇ ਸਾਰਿਆਂ ਦੇ ਸਾਹਮਣੇ ਹੈ। ਮੇਰੇ ਕਹਿਣ ਦਾ ਮਤਲਬ ਹੈ ਕਿ ਦੇਸ਼ ਦੀ ਅਜ਼ਾਦੀ ਦੀ ਖ਼ਾਤਿਰ ਅਸੀਂ ਕੁਰਬਾਨੀਆਂ ਦਿੱਤੀਆਂ, ਅਸੀਂ ਆਪਣੀਆਂ ਜਾਇਦਾਦਾਂ ਛੱਡੀਆਂ ਪਰ ਪੰਜਾਬ ਨਾਲ ਵਿਤਕਰੇਬਾਜ਼ੀ ਹਿੰਦੁਸਤਾਨ ਦੀਆਂ ਕਾਂਗਰਸੀ ਹਕੂਮਤਾਂ ਨੇ ਕੀਤੀ ਹੈ। ਪੰਜਾਬ ਖੇਤੀ ਤੇ ਨਿਰਭਰ ਸੂਬਾ ਹੈ। ਜਿਹੜਾ ਇਹ ਅੰਨ ਪੈਦਾ ਕਰਦਾ ਹੈ, ਇਹ ਹਿੰਦੁਸਤਾਨ ਦੇ ਲੋਕਾਂ ਦਾ ਢਿੱਡ ਭਰਦਾ ਹੈ। ਇਥੇ ਦੀ ਖੇਤੀ ਨੂੰ ਹੁਣ ਤਬਾਹ ਕਰਨ ਵਾਸਤੇ ਘਾੜਤਾਂ ਘੜੀਆਂ ਜਾ ਰਹੀਆਂ ਹਨ। ਵਾਰ ਵਾਰ ਪੰਜਾਬ ਵੱਲੋਂ ਮੰਗ ਕਰਨ ਤੇ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਵੱਲੋਂ ਮੰਗ ਕੀਤੀ ਗਈ ਹੈ ਕਿ ਖੇਤੀ ਵਿੱਚ ਖੜੋਤ ਆ ਗਈ, ਖੇਤੀ ਹੁਣ ਲਾਹੇਵੰਦ ਧੰਦਾ ਨਹੀਂ ਰਹੀ ਹੈ, ਇਸ ਵਿੱਚ ਸੁਧਾਰਾਂ ਦੀ ਲੋੜ ਹੈ, ਖੇਤੀ ਵਿਭਿੰਨਤਾ ਦੀ ਲੋੜ ਹੈ, ਵਧੀਆ ਮਾਰਕੀਟਿੰਗ ਦੀ ਲੋੜ ਹੈ, ਸਟੋਰੇਜ ਦੀ ਲੋੜ ਹੈ। ਚੇਅਰਮੈਨ ਸਾਹਿਬ, ਤੁਸੀਂ ਦੱਸ ਦਿਓ ਪਿਛਲੇ ਪੰਜ ਸਾਲ ਤੁਸੀਂ ਵੀ ਸਾਡੇ ਨਾਲ ਸੀ। ਪਿਛਲੇ ਪੰਜਾਂ ਸਾਲਾਂ ਵਿੱਚ, ਹੁਣ ਛੇਵਾਂ ਸਾਲ ਚਾਲੂ ਹੈ,ਉਸ ਤੋਂ ਵੀ ਪਹਿਲਾਂ ਵਾਰ ਵਾਰ ਮੰਗ ਕਰਨ ਦੇ ਬਾਵਜੂਦ ਕਿਸਾਨੀ ਨੂੰ ਦਰਪੇਸ਼ ਜਿਹੜੀਆਂ ਪਰੇਸ਼ਾਨੀਆਂ ਹਨ, ਕਦੇ ਕੇਂਦਰੀ ਹਕੂਮਤ ਨੇ, ਦਿੱਲੀ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਦੀਆਂ ਤਕਲੀਫਾਂ ਵਾਲੇ ਪਾਸੇ ਧਿਆਨ ਦਿੱਤਾ ਹੈ? ਇਸ ਤੋਂ ਵੱਡੀ ਵਿਤਕਰੇਬਾਜ਼ੀ, ਇਸ ਤੋਂ ਵੱਡਾ ਅਨਿਆਂ ਪੰਜਾਬ ਨਾਲ ਹੋਰ ਹੋ ਨਹੀਂ ਸਕਦਾ। ਚੇਅਰਮੈਨ ਸਾਹਿਬ, ਐਮ.ਐਸ.ਪੀ. ਇਹ ਨਿਰਧਾਰਤ ਕਰਦੇ ਹਨ। ਝੋਨੇ ਅਤੇ ਕਣਕ ਦੇ ਫਸਲੀ

ਚੱਕਰ ਵਿੱਚ ਪੰਜਾਬ ਦਾ ਕਿਸਾਨ ਫਸਿਆ ਹੋਇਆ ਹੈ ਉਹ ਇਸ ਕਰਕੇ ਫਸਿਆ ਹੈ ਤਾਂ ਕਿ ਘੱਟੋ ਘੱਟ ਐਮ ਐਸ ਪੀ ਉੱਤੇ ਜਿਹੜੀ ਉਸਦੀ ਜਿਣਸ ਹੈ, ਉਹ ਚੁੱਕੀ ਜਾਵੇਗੀ

ਐਮ ਐਸ ਪੀ ਤੇ ਇਨ੍ਹਾਂ ਜਿਣਸਾਂ ਨੂੰ ਖਰੀਦਣ ਵਾਸਤੇ ਮੰਡੀਆਂ ਦੇ ਵਿੱਚ ਚੁੱਕਣ ਵਾਸਤੇ ਹਿੰਦੁਸਤਾਨ ਦੀ ਸਰਕਾਰ ਵੱਲ ਜਿਹੋ ਜਿਹੇ ਯਤਨ ਕੀਤੇ ਜਾਂਦੇ ਹਨ, ਉਹ ਤੁਹਾਡੇ ਸਾਰਿਆਂ ਦੇ ਸਾਹਮਣੇ ਹਨ। ਆਪਾਂ ਲੋਕਾਂ ਦੇ ਨੁਮਾਇੰਦੇ ਹਾਂ, ਜਦੋਂ ਵੀ ਝੋਨੇ ਤੇ ਕਣਕ ਦੀ ਫਸਲ ਮੰਡੀਆਂ ਵਿੱਚ ਆਉਂਦੀ ਹੈ, ਖਾਸ ਕਰਕੇ ਝੋਨੇ ਦੀ ਫਸਲ ਆਉਂਦੀ ਹੈ ਤਾਂ ਉਦ ਆਪਾਂ ਨੂੰ ਲੋਕਾਂ ਨੂੰ ਕਿਵੇਂ ਫੇਸ ਕਰਨਾ ਪੈਂਦਾ ਹੈ। ਉਹ ਇੱਥੇ ਬੈਠੇ ਸਾਰੇ ਮੈਂਬਰ ਸਾਹਿਬਾਨ ਨੂੰ ਵੀ ਪਤਾ ਹੈ ਤੇ ਪੰਜਾਬ ਦੇ ਲੋਕਾਂ ਨੂੰ ਵੀ ਪਤਾ ਹੈ। ਗਵਰਨਰ ਐਡਰੈਸ ਦੇ ਵਿੱਚ ਤੇ ਵੈਸੇ ਵੀ ਪੰਜਾਬ ਸਰਕਾਰ ਵੱਲੋਂ ਸਰਦਾਰ ਪਰਕਾਸ਼ ਸਿੰਘ ਬਾਦਲ ਵੱਲੋਂ ਫਸਲੀ ਵਿਭਿੰਨਤਾ ਲਈ ਡਾਈਵਰਸੀਫਿਕੇਸ਼ਨ ਵਾਸਤੇ ਆਰਥਿਕ ਪੈਕੇਜ ਦੀ ਹਿੰਦੁਸਤਾਨ ਦੀ ਸਰਕਾਰ ਵੱਲੋਂ ਮੰਗ ਕੀਤੀ ਗਈ ਹੈ ਚੀਮਾ ਸਾਹਿਬ ਤਾਂ ਦੱਸ ਹੀ ਗਏ ਹਨ ਕਿ ਅਸੀਂ ਇਕੱਲੇ ਮੰਗਦੇ ਸੀ ਕਿ ਸਾਨੂੰ ਇਸ ਵਾਸਤੇ 5000 ਕਰੋੜ ਰੁਪਿਆ ਦਿਉ, ਉਨ੍ਹਾਂ ਨੇ ਕੁੱਲ ਹਿੰਦੁਸਤਾਨ ਵਾਸਤੇ 500 ਕਰੋੜ ਰੁਪਿਆ ਰੱਖਿਆ ਹੈ। ਕਿਸਾਨੀ ਦੇ ਨਾਲ ਸਕੀਮਾਂ ਬਣਾਉਣ ਲੱਗਿਆਂ ਇਸ ਤੋਂ ਵੱਡਾ ਮਜ਼ਾਕ, ਅਨਿਆਂ ਤੇ ਧੋਖਾ ਕੀ ਹੋ ਸਕਦਾ ਹੈ? ਲੱਗਦਾ ਹੈ ਕਿ ਇਨ੍ਹਾਂ ਲੋਕਾਂ ਨੂੰ ਪਤਾ ਹੀ ਨਹੀਂ ਹੈ ਚੇਅਰਮੈਨ ਸਾਹਿਬ, ਅੱਜ ਡੀਜ਼ਲ ਦੇ ਰੇਟ ਕਿੱਥੇ ਚਲੇ ਗਏ ਹਨ? ਅੱਜ ਖਾਦਾਂ ਦੇ ਰੇਟ ਕਿੱਥੇ ਚਲੇ ਗਏ ਹਨ? ਸਬਸਿਡੀ ਹਟਾ ਦਿੱਤੀ ਗਈ ਹੈ। ਦਵਾਈਆਂ ਦੇ ਰੇਟ ਕਿੱਥੇ ਚਲੇ ਗਏ ਹਨ ਪਰ ਕਿਸਾਨ ਦੇ ਜਿਣਸ ਦਾ ਰੇਟ ਉਥੇ ਦਾ ਉਥੇ ਹੀ ਹੈ। ਜੇ ਇਨ੍ਹਾਂ ਦਾ ਵੱਸ ਚਲੇ ਤਾਂ ਅੱਜ ਜੋ ਰੇਟ ਹੈ ਉਸ ਤੋਂ ਘਟਾ ਭਾਵੇਂ ਦੇਣ, ਵਧਾਉਣ ਲੱਗਿਆਂ ਪਤਾ ਨਹੀਂ ਕੀ ਹੁੰਦਾ ਹੈ? ਜੇ ਵਧਾਉਂਦੇ ਵੀ ਹਨ ਤਾਂ ਬਹੁਤ ਵੱਡੇ ਦਬਾਅ ਦੇ ਬਾਵਜੂਦ ਮਾਮੂਲੀ ਵਾਧਾ ਕਰਦੇ ਹਨ। ਅੱਜ ਮਹਿੰਗਾਈ ਕਿੱਥੇ ਚਲੀ ਗਈ ਹੈ? ਮੈਂ ਥੋੜ੍ਹੇ ਦਿਨ ਪਹਿਲਾਂ ਪੀ ਟੀ ਸੀ. ਚੈਨਲ ਤੇ ਬਹਿਸ ਸੁਣ ਰਿਹਾ ਸੀ, ਸਾਡੇ ਨਾਮਵਾਰ ਪੱਤਰਕਾਰ ਸਰਦਾਰ ਹਮੀਰ ਸਿੰਘ ਜੀ ਹਨ ਉਹ ਗੱਲ ਕਹਿ ਰਹੇ ਸੀ ਕਿ ਪਤਾ ਨਹੀਂ ਸਾਡੀ ਹਿੰਦੁਸਤਾਨ ਦੀ ਸਰਕਾਰ ਇਸ ਗੱਲ ਨੂੰ ਕਿਉਂ ਨਹੀਂ ਸਮਝ ਰਹੀ ਕਿ ਜੋ ਸਭ ਤੋਂ ਅਹਿਮ ਗੱਲ ਹੈ ਤਾਂ ਉਹ ਹੈ ਕਿਸਾਨੀ ਦੇ ਕਿੱਤੇ ਨੂੰ ਬਚਾਉਣਾ ਤੇ ਕਿਸਾਨ ਨੂੰ ਬਚਾਉਣਾ। ਜੇ ਕਿਸਾਨੀ ਨਾ ਰਹੀ ਤਾਂ ਹਿੰਦੁਸਤਾਨ ਤਬਾਹ ਹੋ ਜਾਵੇਗਾ ਠੀਕ ਹੈ ਕਿ ਇੰਡਸਟਰੀ ਖੇਤਰ ਤੇ ਬਾਕੀ ਖੇਤਰਾਂ ਦੀ ਵੀ ਲੋੜ ਹੈ। ਹਰ ਪਾਸੇ ਧਿਆਨ ਦੇਣ ਦੀ ਲੋੜ ਹੈ ਪਰ ਹਿੰਦੁਸਤਾਨ ਖੇਤੀ ਅਧਾਰਿਤ ਦੇਸ਼ ਹੈ ਅਤੇ ਖੇਤੀ ਵਾਲੇ ਪਾਸੇ

[ਮੁੱਖ ਸੰਸਦੀ ਸਕੱਤਰ, ਪੀਣ ਵਾਲਾ ਜਲ ਸਪਲਾਈ ਤੇ ਸੈਨੀਟੇਸ਼ਨ]

ਹਿੰਦੁਸਤਾਨ ਦੀ ਸਰਕਾਰ ਦਾ ਬਿਲਕੁਲ ਹੀ ਧਿਆਨ ਨਹੀਂ ਹੈ। ਇਹ ਦੁੱਖ ਵਾਲੀ ਗੱਲ ਹੈ। ਚੇਅਰਮੈਨ ਸਾਹਿਬ, ਮੈਨੂੰ ਯਾਦ ਹੈ ਕਿ ਜਦੋਂ ਸਾਲ 1997 ਤੋਂ 2002 ਤੱਕ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਸਰਕਾਰ ਸੀ, ਤੁਸੀਂ ਜਿਸ ਜ਼ਿਲ੍ਹੇ ਨੂੰ ਬਿਲੌਂਗ ਕਰਦੇ ਹੋ, ਤੁਹਾਡੀਆਂ ਸਮੱਸਿਆਵਾਂ ਹੋਰ ਹਨ। ਅਸੀਂ ਬਾਰਡਰ ਤੇ ਰਹਿੰਦੇ ਹਾਂ, ਸਾਡੀਆਂ ਸਮੱਸਿਆਵਾਂ ਹੋਰ ਹਨ। ਖਾਸ ਕਰਕੇ ਜਿਹੜੇ ਕੰਡਿਆਲੀ ਤਾਰ ਤੋਂ ਪਾਰ ਕਿਸਾਨ ਖੇਤੀ ਕਰਦੇ ਹਨ, ਜੋ ਉਨ੍ਹਾਂ ਦਾ ਹਸ਼ਰ ਹੈ, ਜੋ ਜੀਵਨ ਤੇ ਜ਼ਿੰਦਗੀ ਹੈ, ਜਿਹੜੀਆਂ ਸਮੱਸਿਆਵਾਂ ਦਾ ਉਨ੍ਹਾਂ ਨੂੰ ਸਾਹਮਣਾ ਕਰਨਾ ਪੈਂਦਾ ਹੈ, ਉਹ ਵੈਰੀ ਦੁਸ਼ਮਣ ਨੂੰ ਵੀ ਰੱਬ ਨਾ ਕਰਾਵੇ।

ਦੇਸ਼ ਅਜ਼ਾਦ ਹੈ, ਉਹ ਕਿਸਾਨ ਅੱਜ ਵੀ ਗੁਲਾਮੀ ਤੋਂ ਬਦਤਰ ਜ਼ਿੰਦਗੀ ਬਸਰ ਕਰਦੇ ਹਨ। ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਸਾਲ 1998-99 ਵਿੱਚ ਉਸ ਸਮੇਂ ਦੇ ਗ੍ਰਹਿ ਮੰਤਰੀ ਸ਼੍ਰੀ ਐਲ.ਕੇ.ਅਡਵਾਨੀ ਜੀ ਨੂੰ ਲਿਆ ਕੇ ਬਾਰਡਰ ਦਿਖਾਇਆ। ਉਥੋਂ ਦੇ ਕੰਡਿਆਲੀ ਤਾਰ ਤੋਂ ਪਾਰ ਖੇਤੀ ਕਰਨ ਵਾਲੇ ਕਿਸਾਨਾਂ ਦੀ ਹਾਲਤ ਦਿਖਾਈ ਤਾਂ ਅਡਵਾਨੀ ਸਾਹਿਬ ਜਜ਼ਬਾਤੀ ਹੋ ਉਠੇ ਤੇ ਕਹਿਣ ਲੱਗੇ ਕਿ ਅਸੀਂ ਉੱਥੇ ਬੈਠੇ ਇਹੀ ਸੋਚਦੇ ਹਾਂ ਕਿ ਬਾਰਡਰ ਹੈ ਪਰ ਬਾਰਡਰ ਤੇ ਰਹਿਣ ਵਾਲੇ ਲੋਕਾਂ ਦੀ ਜ਼ਿੰਦਗੀ ਅੱਜ ਵੇਖੀ ਹੈ। ਉਸ ਸਮੇਂ ਉਨ੍ਹਾਂ ਨੇ 2500 ਰੁਪਿਆ ਪ੍ਰਤੀ ਏਕੜ ਬਾਰਡਰ ਦੇ ਕੰਡਿਆਲੀ ਤਾਰ ਤੋਂ ਪਾਰ ਖੇਤੀ ਕਰਨ ਵਾਲੇ ਕਿਸਾਨਾਂ ਵਾਸਤੇ ਮੁਆਵਜ਼ਾ ਸ਼ੁਰੂ ਕੀਤਾ ਸੀ। ਲਗਭਗ 20,000 ਏਕੜ ਜ਼ਮੀਨ ਜਿਹੜੀ ਹੈ, ਕੰਡਿਆਲੀ ਤਾਰ ਤੋਂ ਪਾਰ ਹੈ। ਉਸ ਸਮੇਂ 2500 ਰੁਪਿਆ ਵੀ ਬੜੇ ਮਾਅਨੇ ਰੱਖਦਾ ਸੀ ਪਰ ਜਦੋਂ ਯੂ.ਪੀ.ਏ ਦੀ ਸਰਕਾਰ ਆਈ ਤੇ ਡਾਕਟਰ ਮਨਮੋਹਨ ਸਿੰਘ ਜੀ ਪ੍ਰਧਾਨ ਮੰਤਰੀ ਬਣੇ, ਜਿਹੜੇ ਕਿ ਪੰਜਾਬ ਦੇ ਹਾਲਾਤਾਂ ਨੂੰ ਸਮਝਦੇ ਸੀ ਅਤੇ ਜਿਹੜੇ ਆਪ ਪਾਕਿਸਤਾਨ ਵਿੱਚੋਂ ਉਜੜ ਕੇ ਹੀ ਹਿੰਦੁਸਤਾਨ ਵਿੱਚ ਆਏ ਸੀ, ਉਨ੍ਹਾਂ ਨੇ ਸਭ ਤੋਂ ਪਹਿਲੋਂ ਜਿਹੜਾ ਕੁਹਾੜਾ ਚਲਾਇਆ। ਪਰਲੇ ਪਾਸੇ ਲੋਕਾਂ ਨੂੰ ਜਿਹੜਾ ਮੁਆਵਜ਼ਾ ਦਿੱਤਾ ਜਾਂਦਾ ਸੀ, ਉਹ ਬੰਦ ਕਰ ਦਿੱਤਾ। ਚੇਅਰਮੈਨ ਸਾਹਿਬ, ਮੈਂ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਕੋਲੋਂ ਵਾਰ ਵਾਰ ਮੰਗ ਕੀਤੀ ਹੈ ਕਿ ਤੁਸੀਂ ਕਿਸਾਨਾਂ ਦੇ ਮਸੀਹਾ ਹੋ, ਤੁਸੀਂ ਹਰ ਵਰਗ ਦਾ ਧਿਆਨ ਰੱਖਦੇ ਹੋ, ਜੇ ਕੇਂਦਰੀ ਹਕੂਮਤ ਉਨ੍ਹਾਂ ਕਿਸਾਨਾਂ ਦੇ ਦੁੱਖ ਨਹੀਂ ਸਮਝਦੀ, ਉਨ੍ਹਾਂ ਦੀਆਂ ਤਕਲੀਫ਼ਾਂ ਦਾ ਹੱਲ ਨਹੀਂ ਕਰਦੀ ਤਾਂ ਤੁਸੀਂ ਕੁਝ ਕਰੋ। ਇਸ ਲਈ ਉਨ੍ਹਾਂ ਦਾ ਦੁੱਖ ਨਿਵਾਰਨ ਕਰਨ ਵਾਸਤੇ ਉਨ੍ਹਾਂ ਲਈ ਜ

ਆਪਾਂ ਵੱਧ ਤੋਂ ਵੱਧ ਕਰ ਸਕਦੇ ਹਾਂ ਉਨ੍ਹਾਂ ਨੂੰ ਪੰਜਾਬ ਵਲੋਂ 3 ਹਜ਼ਾਰ ਰੁਪਿਆ ਘੱਟੋ ਘੱਟ ਪ੍ਰਤੀ ਏਕੜ ਆਪਾਂ ਨੂੰ ਮੁਆਵਜ਼ਾ ਸ਼ੁਰੂ ਕਰਨਾ ਚਾਹੀਦਾ ਹੈ ਮੈਨੂੰ ਜਿਥੋਂ ਤੱਕ ਪਤਾ ਲੱਗਿਆ ਹੈ ਕਿ ਸਰਦਾਰ ਪਰਕਾਸ਼ ਸਿੰਘ ਬਾਦਲ ਆਉਣ ਵਾਲੇ ਬਜਟ ਵਿੱਚ ਉਨ੍ਹਾਂ ਕਿਸਾਨਾਂ ਵਾਸਤੇ ਪੰਜਾਬ ਸਰਕਾਰ ਵਲੋਂ ਉਹ ਮੁਆਵਜ਼ਾ ਸ਼ੁਰੂ ਕਰ ਰਹੇ ਹਨ ਚੇਅਰਮੈਨ ਸਾਹਿਬ, ਕਿਸਾਨਾਂ ਨੂੰ ਬਿਜਲੀ ਮੁਫਤ ਦੇਣੀ ਬਹੁਤ ਵੱਡੀ ਗੱਲ ਹੈ

ਕੈਪਟਨ ਅਮਰਿੰਦਰ ਸਿੰਘ ਵੀ ਰਾਜ ਕਰਕੇ ਗਏ ਹਨ ਉਨ੍ਹਾਂ ਨੇ ਲੋਕਾਂ ਨਾਲ 2002 ਦੀਆਂ ਵੋਟਾਂ ਵੇਲੇ ਬੜੇ ਵਾਅਦੇ ਕੀਤੇ ਸੀ ਪਰ ਜਦੋਂ ਹਕੂਮਤ ਆ ਗਈ, ਰਾਜ ਆ ਗਿਆ, ਸਰਕਾਰ ਬਣ ਗਈ ਤਾਂ ਲੋਕਾਂ ਨੂੰ ਭੁੱਲ ਗਏ ਅਤੇ ਕਿਸਾਨਾਂ ਤੇ ਡਾਗਾਂ ਨਾਲ ਬਿਲ ਉਗਰਾਹੇ ਪਰ ਜਦੋਂ ਫਿਰ ਦੁਬਾਰਾ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਸਰਕਾਰ ਆਈ ਤਾਂ ਕਿਸਾਨੀ ਨੂੰ ਨਿਰਵਿਘਨ ਮੁਫਤ ਬਿਜਲੀ ਟਿਊਬਵੈਲਾਂ ਵਾਸਤੇ ਸਕੀਮ ਜਾਰੀ ਰੱਖੀ ਅਤੇ ਜਾਰੀ ਰਹੇਗੀ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਦਾ ਪੰਜਾਬ ਦੇ ਲੋਕਾਂ ਨਾਲ ਵਾਅਦਾ ਹੈ ਕਿ ਜਦ ਤੱਕ ਪੰਜਾਬ ਦੀ ਸੱਤਾ ਮੇਰੇ ਕੋਲ ਹੈ, ਪੰਜਾਬ ਦੇ ਲੋਕਾਂ ਵਲੋਂ ਦਿੱਤੀ ਗਈ ਸੇਵਾ ਮੇਰੇ ਕੋਲ ਹੈ ਤੇ ਕਿਸਾਨੀ ਨੂੰ ਜਿਹੜੀ ਸਕੀਮ ਹੈ, ਉਹ ਨਿਰਵਿਘਨ ਜਾਰੀ ਰਹੇਗੀ

ਚੇਅਰਮੈਨ ਸਾਹਿਬ, ਅੱਜ ਸਭ ਤੋਂ ਜ਼ਰੂਰੀ ਹੈ ਪਿੰਡਾਂ ਦੇ ਵਿੱਚ ਸਿੱਖਿਆ। ਕੋਈ ਦੋ ਰਾਵਾਂ ਨਹੀਂ ਕਿ ਜਿਹੜਾ ਸਿੱਖਿਆ ਸਿਸਟਮ ਹੈ, ਐਜੂਕੇਸ਼ਨ ਸਿਸਟਮ ਹੈ ਇਹ ਬਹੁਤ ਪੱਛੜ ਗਿਆ ਸੀ ਅਸੀਂ ਪਿੱਛੇ ਰਹਿ ਗਏ ਸੀ, ਪਰ ਪਿਛਲੇ 5 ਸਾਲਾਂ ਵਿਚ ਜਿਹੜੀ ਵੱਡੀ ਕੋਸ਼ਿਸ਼ ਕੀਤੀ ਗਈ ਕਿ 13 000 54000 ਟੀਚਰ ਭਰਤੀ ਕੀਤੇ ਗਏ। ਪਰ ਘਾਟ ਬਹੁਤ ਜ਼ਿਆਦਾ ਸੀ, ਜਿਸ ਤਰ੍ਹਾਂ ਮਲੂਕਾ ਸਾਹਿਬ ਨੇ ਸਵਾਲ ਦਾ ਜਵਾਬ ਦਿੰਦਿਆਂ ਹੋਇਆਂ ਜ਼ਿਕਰ ਕੀਤਾ ਹੈ ਕਿ ਕਰੀਬ ਸਾਢੇ ਤਿੰਨ ਹਜ਼ਾਰ ਟੀਚਰਾਂ ਨੂੰ ਅਸੀਂ ਦੋ ਚਾਰ ਦਿਨ ਪਹਿਲਾਂ ਹੀ ਆਰਡਰ ਦਿੱਤੇ ਹਨ। ਸਾਡੀ ਕੋਸ਼ਿਸ਼ ਹੈ ਕਿ ਜਿੰਨੇ ਵੀ ਟੀਚਰਾਂ ਦੀ ਘਾਟ ਹੈ, ਇਹ 3 4 ਮਹੀਨੇ ਦੇ ਵਿੱਚ ਅਸੀਂ ਪੂਰੇ ਪੰਜਾਬ ਦੇ ਵਿਚ ਪੂਰੀ ਕਰ ਦਿਆਂਗੇ ਇਸ ਤੋਂ ਵੱਡੀ ਖੁਸ਼ੀ ਵਾਲੀ ਗੱਲ ਪੰਜਾਬ ਦੇ ਲੋਕਾਂ ਵਾਸਤੇ ਹੋਰ ਹੋ ਨਹੀਂ ਸਕਦੀ ਚੇਅਰਮੈਨ ਸਾਹਿਬ, ਸਭ ਤੋਂ ਮਾਣ ਵਾਲੀ ਗੱਲ ਸਰਕਾਰ ਵਾਸਤੇ ਹੈ ਕਿ ਅੱਜ ਸੂਬੇ ਦੇ ਅੰਦਰ ਹਰ ਇਕ ਨੂੰ ਨੌਕਰੀ ਮੈਰਿਟ ਤੇ ਮਿਲਦੀ ਹੈ, ਕੋਈ ਸਿਫਾਰਸ਼ ਨਹੀਂ, ਕੋਈ ਭਾਈ - ਭਤੀਜਾਵਾਦ ਨਹੀਂ, ਕਿਸੇ ਤਰ੍ਹਾਂ ਦਾ ਕੋਈ ਹੋਰ ਕਾਰਨ ਨਹੀਂ, ਕੇਵਲ ਮੈਰਿਟ ਦੇ ਆਧਾਰ ਤੇ ਇਹ ਸਾਡੇ

[ਮੁੱਖ ਸੰਸਦੀ ਸਕੱਤਰ ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ]

ਜਿਹੜੇ ਬੱਚੇ ਹਨ ਉਹ ਸਰਕਾਰੀ ਨੌਕਰੀਆਂ ਵਿਚ ਆ ਰਹੇ ਹਨ ਮੈਨੂੰ ਇਸ ਗੱਲ ਦੀ ਵੀ ਖੁਸ਼ੀ ਹੈ, ਜਿਵੇਂ ਕਾਲੀਆ ਸਾਹਿਬ ਜਿਕਰ ਕਰਕੇ ਗਏ ਹਨ ਕਿ 2007 ਤੋਂ ਪਹਿਲਾਂ ਜਿਹੜਾ ਪੰਜਾਬ ਸੀ, ਉਹ ਐਜੂਕੇਸ਼ਨ ਦੇ ਵਿਚ 1?ਵੇਂ ਸਥਾਨ ਤੇ ਸੀ ਅੱਜ ਇਨਫਰਾਸਟਰੱਕਚਰ ਦੇ ਵਿੱਚ ਅਤੇ ਜਿਹੜਾ ਪੰਜਾਬ ਸਰਕਾਰ ਵਲੋਂ ਸਟਾਫ ਪ੍ਰਵਾਈਡ ਕੀਤਾ ਹੈ, ਸਿਸਟਮ ਪ੍ਰਵਾਈਡ ਕੀਤਾ ਗਿਆ ਹੈ ਉਸ ਕਰਕੇ ਇਹ ?ਵੇਂ ਸਥਾਨ ਤੋਂ ਹਣ ਪੰਜਾਬ ਪਹਿਲੇ ਸਥਾਨ ਤੇ ਆ ਗਿਆ ਹੈ ਹਾਇਰ ਐਜੂਕੇਸ਼ਨ ਵਿੱਚ ਵੀ ਜੋ ਮੱਲਾਂ ਪਿਛਲੇ ? ਸਾਲਾਂ ਦੇ ਵਿਚ ਪੰਜਾਬ ਸਰਕਾਰ ਨੇ ਮਾਰੀਆਂ ਹਨ, ਉਨ੍ਹਾਂ ਨੂੰ ਵਾਰ ਵਾਰ ਰਿਪੀਟ ਕਰਨ ਦੀ ਲੋੜ ਨਹੀਂ, ਇਹ ਤੁਹਾਡੇ ਸਾਰਿਆਂ ਦੇ ਸਾਹਮਣੇ ਹਨ

ਜੇ ਕਿਸੇ ਸੂਬੇ ਨੇ ਤਰੱਕੀ ਕਰਨੀ ਹੈ ਤਾਂ ਉਸ ਵਾਸਤੇ ਜਰੂਰੀ ਹੈ ਪਾਵਰ, ਬਿਜਲੀ ਜਦ ਵੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਆਈ ਸਰਦਾਰ ਪਰਕਾਸ਼ ਸਿੰਘ ਬਾਦਲ ਦੇ ਹੇਠ ਪੰਜਾਬ ਦੀ ਵਾਗਡੋਰ ਆਈ ਹੈ ਤੇ ਬਿਜਲੀ ਦਾ ਉਤਪਾਦਨ ਵੀ ਉਦੋਂ ਉਦੋਂ ਹੋਇਆ ਹੈ ਪਿਛਲੇ ਪੰਜਾਂ ਸਾਲਾਂ ਦੇ ਵਿੱਚ ਇਸ ਘਾਟ ਨੂੰ ਮਹਿਸੂਸ ਕਰਦਿਆਂ, ਲੋੜ ਨੂੰ ਮਹਿਸੂਸ ਕਰਦਿਆਂ ਹੋਇਆਂ ਸਰਦਾਰ ਪਰਕਾਸ਼ ਸਿੰਘ ਬਾਦਲ ਤੇ ਸਰਦਾਰ ਸੁਖਬੀਰ ਸਿੰਘ ਬਾਦਲ ਜੀ ਨੇ ਉਚੇਚੇ ਯਤਨ ਕੀਤੇ ਹਨ ਪੰਜਾਬ ਦੇ ਅੰਦਰ ਥਰਮਲ ਪਲਾਂਟ ਜਿਹੜੇ ਹਨ, ਉਹ ਮਨਜੂਰ ਕਰਵਾਏ ਬਣਾਉਣੇ ਸ਼ੁਰੂ ਕੀਤੇ ਹਨ ਅਤੇ ਬਹੁਤ ਜਲਦੀ ਉਹ ਚਾਲੂ ਹਾਲਤ ਵਿੱਚ ਆ ਜਾਣਗੇ, ਲਗਭਗ 2?20 ਮੈਗਾਵਾਟ ਬਿਜਲੀ ਦੀ ਪੈਦਾਵਾਰ ਹੋਏਗੀ ਇਸ ਨਾਲ ਸਾਡੀ ਜੋ ਲੋੜ ਪੂਰੀ ਹੋਏਗੀ ਹੀ ਸਗੋਂ ਜਿਹੜਾ ਪੰਜਾਬ ਹੈ, ਉਹ ਸਰਪਲੱਸ ਪਾਵਰ ਸਟੇਟ ਬਣ ਜਾਏਗਾ ਚੇਅਰਮੈਨ ਸਾਹਿਬ ਮੇਰੀ Constituency ਵਿੱਚ ਜਿਹੜੇ ਕਿਸਾਨ ਹਨ, ਕਰੀਬ ਕਰੀਬ 70% ਜਿਹੜੇ ਕਿਸਾਨ ਹਨ ਡੇਰਿਆਂ ਤੇ ਹਨ, ਢਾਣੀਆਂ ਤੇ ਹਨ, ਜਿਸ ਨੂੰ ਸਾਡੇ ਉਧਰ ਬਹਿਕਾਂ ਕਹਿ ਦਿੰਦੇ ਹਨ ਉਨ੍ਹਾਂ ਤੇ ਰਹਿੰਦੇ ਹਨ, ਕਿਤੇ ਤਿੰਨ ਡੇਰੇ ਹਨ, ਕਿਤੇ ਪੰਜ ਡੇਰੇ ਹਨ। ਪਿੰਡਾਂ ਦੇ ਵਿੱਚ 24 ਘੰਟੇ ਲਈ ਬਿਜਲੀ ਦੀ ਸਕੀਮ ਆ ਗਈ ਸੀ ਪਰ ਖੇਤਾਂ ਦੇ ਵਿੱਚ, ਡੇਰਿਆਂ ਦੇ ਉੱਤੇ ਜਿਹੜੀ ਖੇਤਾਂ ਨੂੰ ਸਪਲਾਈ ਜਾਂਦੀ ਸੀ, ਕੇਵਲ ਉਹ ਹੀ ਮੁਹੱਈਆ ਹੁੰਦੀ ਸੀ ਉਹ ਬਾਦਲ ਸਾਹਿਬ ਦੀ ਅਗਵਾਈ ਕਰਕੇ ਡੇਰਿਆਂ ਨੂੰ 24 ਘੰਟੇ ਬਿਜਲੀ ਸਪਲਾਈ ਸਕੀਮ ਲਾਗੂ ਹੋਈ ਹੈ ਅਤੇ ਅੱਜ ਕਿਸਾਨ ਜਿਹੜੇ ਹਨ ਉਹ ਆਪਣੇ ਡੇਰਿਆਂ ਤੇ ਰਹਿ ਕੇ, ਆਪਣੀ ਢਾਣੀਆਂ ਦੇ ਉੱਤੇ, ਆਪਣੀ ਬਹਿਕਾਂ ਤੇ ਰਹਿ ਕੇ

ਵੀ ਉਸ ਸਕੀਮ ਦਾ ਆਨੰਦ ਮਾਣ ਰਹੇ ਹਨ। ਚੇਅਰਮੈਨ ਸਾਹਿਬ, ਬਿਜਲੀ ਦੇ ਟਰਾਂਸਮਿਸ਼ਨ ਲਈ, ਤੁਹਾਡੀ Constituency ਵਿਚ ਵੀ ਪਿਛਲੇ ਪੰਜਾਂ ਸਾਲਾਂ ਦੇ ਵਿੱਚ ਨਵੇਂ ਗਰਿੱਡ ਬਣੇ ਹੋਣਗੇ। ਮੈਂ ਆਪਣੀ Constituency ਦੇ ਵਿੱਚ ਤਿੰਨ ਗਰਿੱਡ ਲੈ ਕੇ ਗਿਆ ਹਾਂ। ਚੌਥੀ ਜਿਹੜੀ ਨਵੀਂ ਸਰਕਾਰ ਹੁਣ ਸ਼ੁਰੂ ਹੋਈ ਹੈ, ਇਸ ਦੇ ਵਿੱਚ ਉਸ ਦਾ ਕੰਮ ਸਟਾਰਟ ਕਰਕੇ ਆਏ ਹਨ, ਨੀਂਹ ਪੱਥਰ ਰੱਖ ਕੇ ਆਏ ਹਨ। ਪਤਾ ਨਹੀਂ ਕਿੰਨੇ ਅਪਗਰੇਡ ਕੀਤੇ ਗਏ ਹਨ। ਜਿਹੜੇ ਗਰਿਡ 66 ਕੇ ਵੀ ਤੋਂ 220 ਕੇ ਵੀ ਦੇ ਹਨ, ਜੋ ਉਨ੍ਹਾਂ ਦੀ ਸਮਰੱਥਾ ਘੱਟ ਸੀ, ਉਥੇ ਵੱਡੀ ਸਮਰੱਥਾ ਦੇ ਟਰਾਂਸਫਾਰਮਰ ਲਾਏ ਗਏ ਹਨ। ਜਿਹੜੇ ਫੀਡਰਜ਼ ਹਨ ਉਨ੍ਹਾਂ ਦੀ ਬਾਈਫਰਕੇਸ਼ਨ ਕਰਕੇ ਜੋ ਉਹ ਓਵਰਲੋਡ ਹਨ, ਇੱਕ ਤੋਂ ਦੋ ਦੋ, ਤਿੰਨ ਤਿੰਨ ਵੀ ਕੀਤੇ ਗਏ ਹਨ। ਬਿਜਲੀ ਦੇ ਖੇਤਰ ਵਿੱਚ ਵੱਡੇ ਪੱਧਰ ਤੇ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਅਗਵਾਈ ਥੱਲੇ ਬਹੁਤ ਵੱਡਾ ਸੁਧਾਰ ਹੋਇਆ ਹੈ, ਜਿਸ ਦਾ ਆਨੰਦ ਅੱਜ ਸਾਡੀ ਕਿਸਾਨੀ ਭੋਗ ਰਹੀ ਹੈ। ਨਹੀਂ ਤਾਂ ਤੁਸੀਂ ਵੀ ਪੰਜਾਬ ਦੀ ਕਿਸਾਨੀ ਨਾਲ ਸਬੰਧਤ ਹੋ, ਪੇਂਡੂ ਇਲਾਕੇ ਨਾਲ ਸਬੰਧਤ ਹੋ, ਹਰ ਸਾਲ ਹੀ ਜਦੋਂ ਝੋਨੇ ਦਾ ਸੀਜ਼ਨ ਆਉਂਦਾ ਸੀ, ਕਿਸਾਨਾਂ ਦੀਆਂ ਲਾਈਨਾਂ ਸਾਡੇ ਦਫਤਰਾਂ ਵਿਚ ਲੱਗਦੀਆਂ ਸਨ। ਸਾਡੇ ਕੋਲ ਉਨ੍ਹਾਂ ਦੀਆਂ ਮੁਸ਼ਕਲਾਂ ਆਉਂਦੀਆਂ ਸਨ। ਸਾਡੇ ਕੋਲ ਕੋਈ ਹੱਲ ਨਹੀਂ ਹੁੰਦਾ ਸੀ। ਜਦੋਂ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਉਨ੍ਹਾਂ ਕਮੀਆਂ ਨੂੰ ਦੂਰ ਕੀਤਾ, ਬਿਜਲੀ ਦੀ ਟਰਾਂਸਮਿਸ਼ਨ ਨੂੰ ਵਧੀਆ ਸੁਚਾਰੂ ਢੰਗ ਦੇ ਨਾਲ ਚਲਾਉਣ ਵਾਸਤੇ ਯਤਨ ਕੀਤੇ ਤੇ ਅੱਜ ਉਸ ਦੇ ਵਿੱਚ ਇੰਨਾ ਵੱਡਾ ਸੁਧਾਰ ਹੋਇਆ ਹੈ ਕਿ ਕਿਸੇ ਤਰ੍ਹਾਂ ਦੀ ਕੋਈ ਤਕਲੀਫ ਨਹੀਂ ਹੈ।

ਚੇਅਰਮੈਨ ਸਾਹਿਬ, ਜਿੱਥੇ ਹਰ ਖੇਤਰ ਦੇ ਵਿੱਚ ਹੀ ਪੰਜਾਬ ਸਰਕਾਰ ਨੇ ਮੱਲਾਂ ਮਾਰੀਆਂ ਹਨ। ਖੇਡਾਂ, ਜਿਸ ਦੇ ਵਿੱਚ ਪੰਜਾਬ ਦਾ ਬੜਾ ਨਾਂ ਹੈ। ਜਿਸ ਪੱਖ ਤੋਂ ਪੰਜਾਬ ਅਵੇਸਲਾ ਹੋ ਗਿਆ ਸੀ। ਦੁਬਾਰਾ ਖੇਡਾਂ ਵਾਲੇ ਪਾਸੇ ਨੌਜਵਾਨਾਂ ਨੂੰ ਉਤਸ਼ਾਹਿਤ ਕਰਨ ਲਈ ਸਟੇਡੀਅਮ ਬਣਾਏ ਗਏ ਹਨ। ਜਿਹੜੇ ਚੰਗੇ ਖਿਡਾਰੀ ਹਨ, ਉਨ੍ਹਾਂ ਨੂੰ ਇਨਾਮ ਦੇ ਕੇ ਨਿਵਾਜਿਆ ਗਿਆ ਅਤੇ ਨੌਕਰੀਆਂ ਦਿੱਤੀਆਂ ਗਈਆਂ ਹਨ। ਦਸ ਜਿਹੜੇ ਖਿਡਾਰੀ ਹਨ, ਉਨ੍ਹਾਂ ਨੂੰ ਡੀ ਐਸ ਪੀ ਰਿਕਰੂਟ ਕੀਤਾ ਗਿਆ ਹੈ। ਏਸ਼ੀਆਈ ਖੇਡਾਂ, ਕਾਮਨ ਵੈਲਥ ਖੇਡਾਂ, ਓਲੰਪਿਕ ਖੇਡਾਂ ਦੇ ਵਿੱਚ ਤਮਗੇ ਲੈਣ ਵਾਲੇ ਖਿਡਾਰੀਆਂ ਨੂੰ ਲੱਖਾਂ ਕਰੋੜਾਂ ਰੁਪਏ ਦੇ ਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ ਹੈ। ਜਿਹੜੀ ਸਾਡੀ ਮਾਂ ਖੇਡ ਕਬੱਡੀ ਸੀ, ਸ਼ਾਇਦ ਜੇ ਸਰਦਾਰ ਸੁਖਬੀਰ ਸਿੰਘ ਬਾਦਲ ਵਰਗਾ ਸੂਝਵਾਨ ਆਗੂ ਨਾ ਆਉਂਦਾ ਤਾਂ

ਮੁੱਖ ਸੰਸਦੀ ਸਕੱਤਰ, ਪਸ਼ੂ ਜਲ ਸਪਲਾਈ ਤੇ ਸੈਨੀਟੇਸ਼ਨ

ਇਹ ਥੋੜ੍ਹੇ ਸਮੇਂ ਬਾਅਦ ਪੰਜਾਬ ਦੀ ਧਰਤੀ ਤੇ ਜਿਵੇਂ ਅਜ ਚਰਖੇ ਰੱਖ ਰੱਖ ਕੇ ਵਿਖਾਉਂਦੇ ਹਾਂ ਕਿ ਸਾਡੀਆਂ ਮਾਈਆਂ ਜਿਹੜੀਆਂ ਹਨ, ਉਹ ਚਰਖਾ ਕੱਤਦੀਆਂ ਹੁੰਦੀਆਂ ਸਨ, ਇਹ ਸੱਭਿਆਚਾਰ ਸਾਡੇ ਵੀ ਇਸੇ ਤਰ੍ਹਾਂ ਸ਼ਾਇਦ ਕਬੱਡੀ ਵੀ ਮਿਊਜ਼ੀਅਮ ਦਾ ਹਿੱਸਾ ਬਣ ਕੇ ਰਹਿ ਜਾਂਦੀ। ਪਰ ਅਜ ਕਬੱਡੀ ਦੁਬਾਰਾ ਪਿੰਡਾਂ ਦੇ ਵਿੱਚ ਆਈ ਹੈ ਅਤੇ ਨੌਜਵਾਨ ਕਬੱਡੀ ਦੇ ਫਿਰ ਦੀਵਾਨੇ ਬਣ ਗਏ ਹਨ। ਚੇਅਰਮੈਨ ਸਾਹਿਬ, ਪਤਾ ਨਹੀਂ ਕਿੱਥੇ ਬੈਠ ਕੇ ਬਾਦਲ ਸਾਹਿਬ ਸਕੀਮਾਂ ਬਣਾਉਂਦੇ ਹਨ ਕਿਉਂਕਿ ਬਾਦਲ ਸਾਹਿਬ ਪੰਜਾਬ ਦੇ ਲੋਕਾਂ ਦੀਆਂ ਤਕਲੀਫਾਂ ਜਾਣਦੇ ਹਨ। ਆਟਾ ਦਾਲ ਵਰਗੀ ਸਕੀਮ ਕਦੇ ਕੋਈ ਸੋਚ ਸਕਦਾ ਸੀ? ਕਾਂਗਰਸ ਨੂੰ ਤਾਂ ਕਦੇ ਸੁਪਨੇ ਵਿੱਚ ਵੀ ਚੇਤਾ ਨਹੀਂ ਆ ਸਕਦਾ ਸੀ ਕਿ ਇਸ ਤਰ੍ਹਾਂ ਵੀ ਹੋ ਸਕਦਾ ਹੈ। ਪੂਰੇ ਹਿੰਦੁਸਤਾਨ ਵਿੱਚ ਜੇ ਕਿਸੇ ਨੇ ਗਰੀਬ ਦਾ ਸੋਚਿਆ ਹੈ ਤਾਂ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਸੋਚਿਆ ਹੈ। ਪੰਜਾਬ ਵਿਚ ਸਭ ਤੋਂ ਪਹਿਲਾਂ ਆਟਾ ਦਾਲ ਵਰਗੀ ਸਕੀਮ ਲਿਆਂਦੀ ਅਤੇ ਲਗਭਗ 15 ਲੱਖ ਪਰਿਵਾਰ ਅੱਜ ਉਸ ਸਕੀਮ ਦਾ ਫਾਇਦਾ ਲੈ ਰਹੇ ਹਨ। ਜੇ ਪੰਜ ਨਾਲ ਗੁਣਾ ਕਰ ਲਈਏ ਤਾਂ ਲਗਭਗ 80 ਲੱਖ ਲੋਕ ਇਸ ਸਕੀਮ ਦਾ ਲਾਹਾ ਲੈ ਰਹੇ ਹਨ। ਚੇਅਰਮੈਨ ਸਾਹਿਬ, ਜੋ ਪਿਛਲੇ ਪੰਜ ਸਾਲਾਂ ਦਾ ਵਿਕਾਸ ਹੋਇਆ ਹੈ ਤੇ ਜਿਹੜੀਆਂ ਚੋਣਾਂ 2012 ਵਿੱਚ ਹੋਈਆਂ ਹਨ, ਇਹ ਕੇਵਲ ਤੇ ਕੇਵਲ ਵਿਕਾਸ ਦੇ ਮੁੱਦੇ ਤੇ ਲੜੀਆਂ ਗਈਆਂ ਹਨ। ਉਹ ਕਰਜ਼ ਪੰਜਾਬ ਨੂੰ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਦਿੱਤਾ ਹੈ ਜੋ ਲੋਕਾਂ ਨੇ ਕਦੇ ਸੁਪਨੇ ਵਿੱਚ ਵੀ ਨਹੀਂ ਸੀ ਸੋਚਿਆ। ਅਜ ਇਸੇ ਵਿਕਾਸ ਕਰਕੇ ਹੀ ਦੁਬਾਰਾ ਇਹ ਸਰਕਾਰ ਆਈ ਹੈ ਅਤੇ ਆਉਣ ਵਾਲੇ ਚਾਰ ਸਾਲਾਂ ਵਿੱਚ ਵੀ ਪੰਜਾਬ ਦੀ ਕਾਇਆ ਕਲਪ ਨੂੰ ਹੋਰ ਸਧਾਰਨ ਵਾਸਤੇ, ਇਸ ਦੇ ਵਧੀਆ ਵਿਕਾਸ ਵਾਸਤੇ, ਇਸ ਨੂੰ ਹੋਰ ਬੁਲੰਦੀਆਂ ਵੱਲ ਲਿਜਾਉਣ ਵਾਸਤੇ ਮੌਜੂਦਾ ਸਰਕਾਰ ਯਤਨਸ਼ੀਲ ਹੈ ਅਤੇ ਪੰਜਾਬ ਲਈ ਬਾਦਲ ਸਾਹਿਬ ਦੇ ਲਫਜ਼ ਹਨ ਕਿ ਇਸ ਨੂੰ ਕੈਲੀਫੋਰਨੀਆ ਬਣਾਉਣਾ ਹੈ। ਉਹ ਦਿਨ ਦੂਰ ਨਹੀਂ ਕਿ ਪੰਜਾਬ ਕੈਲੀਫੋਰਨੀਆ ਬਣੇਗਾ।

ਚੇਅਰਮੈਨ ਸਾਹਿਬ, ਇਕ ਸਾਲ ਪਹਿਲਾਂ, ਇਨ੍ਹਾਂ ਦਿਨਾਂ ਦੀ ਹੀ ਗੱਲ ਹੈ ਜਿਸ ਦਿਨ ਜਾਖੜ ਸਾਹਿਬ ਨੂੰ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦਾ ਲੀਡਰ ਬਣਾਇਆ ਗਿਆ ਸੀ, ਆਪਣੇ ਸਾਰਿਆਂ ਵਿੱਚ ਵੀ ਚਰਚਾ ਸੀ ਕਿ ਬਹੁਤ ਵਧੀਆ ਚੋਣ ਕੀਤੀ ਹੈ। ਬਹੁਤ ਵਧੀਆ ਇਨਸਾਨ ਹੈ। ਵਿਧਾਨ ਸਭਾ ਦੀ ਕਾਰਵਾਈ ਵਿੱਚ ਬਹੁਤ ਵਧੀਆ ਤਰੀਕੇ ਨਾਲ

ਦਿੰਦੇ ਲੈਂਦੇ ਹਨ ਬੜੀ ਤਿਆਰੀ ਕਰਕੇ ਆਉਂਦੇ ਹਨ ਉਨ੍ਹਾਂ ਦੀ ਤਾਰੀਫ ਕੀਤੀ ਗਈ। ਮੈਂ ਪਿਛਲੀ ਵਾਰੀ ਗਵਰਨਰ ਸਾਹਿਬ ਦੇ ਐਡਰੈਸ ਦਾ ਸਟਾਰਟ ਕੀਤਾ ਸੀ ਮੈਂ ਧੰਨਵਾਦ ਦਾ ਪ੍ਰਸਤਾਵ ਲਿਆਂਦਾ ਸੀ ਧੰਨਵਾਦ ਪ੍ਰਸਤਾਵ ਸ਼ੁਰੂ ਕਰਨ ਤੋਂ ਪਹਿਲਾ ਮੈਂ ਉਨ੍ਹਾਂ ਦੀ ਤਾਰੀਫ ਵਿੱਚ ਬੜੇ ਲਫਜ਼ ਬੋਲੇ ਸਨ ਅਤੇ ਵਧਾਈ ਦਿੱਤੀ ਸੀ ਮੇਰਾ ਤਾਂ ਜੀਅ ਕਰਦਾ ਹੈ ਕਿ ਮੈਂ ਉਹ ਲਫਜ਼ ਵਾਪਸ ਲੈ ਲਵਾਂ ਇਹੋ ਜਿਹੇ ਹਾਲਾਤ ਬਣ ਗਏ ਹਨ ਕਿ ਉਹ ਲਫਜ਼ ਵਾਪਸ ਲੈ ਲਈਏ ਮਨੁੱਖ ਕੋਲੋਂ ਇੱਕ ਵਾਰ ਗਲਤੀ ਹੋ ਜਾਵੇ, ਮੇਰਾ ਖਿਆਲ ਸਕੂਲ ਪੜ੍ਹਦੇ ਬੱਚੇ ਕੋਲੋਂ ਵੀ ਇੱਕ ਵਾਰ ਗਲਤੀ ਹੋ ਜਾਵੇ ਅਤੇ ਜੇ ਉਸ ਨੂੰ ਗਲਤੀ ਦਾ ਅਹਿਸਾਸ ਕਰਵਾ ਦਿੱਤਾ ਜਾਵੇ ਜਾਂ ਉਹ ਸਮਝ ਲਵੇ ਕਿ ਮੇਰੇ ਤੋਂ ਗਲਤੀ ਹੋ ਗਈ ਤਾਂ ਉਹ ਦੁਬਾਰਾ ਨਹੀਂ ਕਰਦਾ ਇੱਕ ਸੁਲਝਿਆ ਹੋਇਆ ਇਨਸਾਨ, ਜਿਹੜਾ ਕਹਿੰਦਾ ਹੈ ਕਿ ਮੈਂ ਪੰਜਾਬ ਦੀ ਸੱਤਾ ਤੇ ਅਗਵਾਈ ਕਰਨੀ ਹੈ ਵਾਰ ਵਾਰ ਰਿਪੀਟਡਲੀ ਇਹੋ ਜਿਹੀਆਂ ਗਲਤੀਆਂ ਕਰ ਰਹੇ ਹਨ ਕਿ ਜਿਨ੍ਹਾਂ ਨੇ ਪੰਜਾਬ ਦੀ ਰਾਜਨੀਤੀ ਨੂੰ ਹੀ ਵਰਗਲਾ ਕੇ ਰੱਖ ਦਿੱਤਾ ਹੈ ਇਹ ਪਿਛਲੇ ਸੈਸ਼ਨ ਦੀ ਗੱਲ ਹੈ। ਮੈਂ ਇਸ ਸੀਟ ਤੇ ਸੀ। ਮਜੀਠੀਆ ਸਾਹਿਬ ਉਥੇ ਬੋਲ ਰਹੇ ਸਨ। ਮਜੀਠੀਆ ਸਾਹਿਬ ਨੇ ਕੋਈ ਰੂਲਜ਼ ਤੋਂ ਬਾਹਰ ਦੀ ਗੱਲ ਜਾਂ ਇਸ ਸਿਸਟਮ ਤੋਂ ਬਾਹਰ ਦੀ ਗੱਲ ਨਹੀਂ ਕੀਤੀ ਸੀ। ਲਾਅ ਐਂਡ ਆਰਡਰ ਦੀ ਬਹਿਸ ਸੀ ਤੇ ਬਹਿਸ ਵਿਚ ਉਨਾਂ ਨੂੰ ਵੰਗਾਰਿਆ ਸੀ ਕਿ ਲਾਅ ਐਂਡ ਆਰਡਰ ਨੂੰ ਖਤਰਾ ਹੈ ਤਾਂ ਇਹੋ ਜਿਹੇ ਇਨਸਾਨਾਂ ਤੋਂ ਖਤਰਾ ਹੈ, ਇਸ ਗੱਲ ਦਾ ਮੈਨੂੰ ਜਵਾਬ ਦੇ ਦੇਣ। ਜਵਾਬ ਦੇਣ ਦੀ ਬਜਾਏ ਸਰਦਾਰ ਬਿਕਰਮ ਸਿੰਘ ਮਜੀਠੀਆ, ਜਿਸ ਉੱਤੇ ਅੱਜ ਪੰਜਾਬ ਮਾਣ ਕਰਦਾ ਹੈ ਉਸ ਦੀ ਸੋਚ ਉਤੇ ਉਸ ਦੀ ਅਗਵਾਈ ਉਤੇ ਸਾਨੂੰ ਮਾਣ ਹੈ ਉਸ ਨੂੰ ਜਿਹੜੇ ਲਫਜ਼ਾ ਨਾਲ ਇਸ ਮੈਂਬਰ ਨੇ, ਰਾਣਾ ਗੁਰਜੀਤ ਨੇ ਵੰਗਾਰਿਆ, ਜੋ ਭੱਦੇ ਸ਼ਬਦ ਬੋਲੇ, ਉਹ ਕੇਵਲ ਜਿਹੜੀ ਵਿਧਾਨ ਸਭਾ ਦੀ ਟੀ.ਵੀ ਦੀ ਰਿਕਾਰਡਿੰਗ ਹੈ ਉਸਦੇ ਵਿੱਚ ਨਹੀਂ ਆ ਸਕੇ ਸੀ, ਅਸੀਂ ਸਾਰਿਆ ਨੇ ਸੁਣਿਆ ਸੀ- ਵਿਧਾਨ ਸਭਾ ਨੂੰ ਵਰਗਲਾਇਆ ਗਿਆ। ਏਥੇ ਬੈਠੇ ਸਾਡੇ ਵੀਰਾ ਨੂੰ ਵਰਗਲਾਇਆ ਗਿਆ ਕੈਂਡਲ ਮਾਰਚ ਕੱਢੇ ਗਏ, ਧਰਨੇ ਲਾਏ ਗਏ ਪੰਜਾਬ ਦੇ ਲੋਕਾਂ ਕੋਲ ਪ੍ਰਚਾਰ ਕੀਤਾ ਗਿਆ ਅਤੇ ਤਿੰਨ ਚਾਰ ਮਹੀਨੇ ਬਾਅਦ ਉਹੀ ਰਾਣਾ ਗੁਰਜੀਤ ਸਿੰਘ ਹੈ, ਜਿਹੜਾ ਕਹਿੰਦਾ ਹੈ ਕਿ ਪਹਿਲਾਂ ਗਾਲ੍ਹ ਮੈਂ ਕੱਢੀ ਸੀ ਇਸ ਤੋਂ ਵੱਡੀ ਮਾੜੀ ਗੱਲ ਹੋਰ ਕੀ ਹੋ ਸਕਦੀ ਹੈ ਅੱਜ ਸਾਰਿਆ ਨੂੰ ਬੜੀ ਆਸ ਸੀ ਕਿ ਜਾਖੜ ਸਾਹਿਬ ਇਥੇ ਆਏ ਹਨ ਜਿਹੜੇ ਬਾਰ ਬਾਰ ਉਠਦੇ ਹਨ ਕਿ ਸ਼ਾਇਦ ਮੁਆਫੀ ਮੰਗਣਗੇ, ਜਾਪਦਾ ਸੀ ਕਿ

[ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ]

ਉਹ ਰਿਅਲਾਈਜ਼ ਕਰਨਗੇ ਕਿ ਸਾਡੇ ਕੋਲੋਂ ਗਲਤੀ ਹੋਈ ਹੈ ਅਤੇ ਸਪੀਕਰ ਸਾਹਿਬ ਤੁਸੀਂ ਸਾਨੂੰ ਮੁਆਫ ਕਰ ਦਿਓ। ਅਸੀਂ ਟਰੇਜ਼ਰੀ ਬੈਂਚਿਜ਼ ਤੋਂ ਅਤੇ ਪੰਜਾਬ ਦੇ ਲੋਕਾਂ ਤੋਂ ਮੁਆਫੀ ਮੰਗਦੇ ਹਾਂ ਕਿ ਸਾਡੇ ਕੋਲੋਂ ਕੁਤਾਹੀ ਹੋਈ ਹੈ ਅਤੇ ਅੱਗੇ ਤੋਂ ਅਜਿਹੀ ਕੁਤਾਹੀ ਨਹੀਂ ਹੋਵੇਗੀ। ਇਸ ਲਈ ਮੈਂ ਮੁਆਫੀ ਮੰਗਦਾ ਹਾਂ ਔਰ ਸਾਡੇ ਮੈਂਬਰ ਸਾਹਿਬਾਨ ਵੀ ਮੁਆਫੀ ਮੰਗਦੇ ਹਨ। ਉਪਰੋਂ ਬੈਠੇ ਵੀਰਾਂ ਨੇ ਵੀ ਨੋਟ ਕੀਤਾ ਹੋਵੇਗਾ। ਮਾਨਯੋਗ ਡਿਪਟੀ ਸੀ ਐਮ ਸਰਦਾਰ ਸੁਖਬੀਰ ਸਿੰਘ ਬਾਦਲ ਜੀ ਨੇ ਗੱਲ ਕਰਦਿਆਂ ਉਨ੍ਹਾਂ ਦੇ ਬੀਹੇਵੀਅਰ ਦੀ, ਜਿਸ ਤਰੀਕੇ ਨਾਲ ਉਨ੍ਹਾਂ ਨੇ ਚਾਰ ਲਫਜ਼ ਕਹੇ ਕਿ ਇਹ ਜੋ ਕੁਝ ਹੋਇਆ ਹੈ, ਇਹ ਬੜਾ ਹੀ ਮੰਦਭਾਗਾ ਹੋਇਆ ਹੈ, ਇਹੀ ਲਫਜ਼ ਕਹੇ। ਜਾਖੜ ਸਾਹਿਬ ਨੇ ਆਪਣੀ ਹਿੱਕ ਦੇ ਉਪਰ ਹੱਥ ਮਾਰ ਕੇ ਕਿਹਾ ਕਿ ਮੈਂ ਲੈ ਕੇ ਆਇਆ ਸੀ, ਮੈਨੂੰ ਜਿਹੜਾ ਫਾਹੇ ਟੰਗਣਾ ਹੈ, ਟੰਗ ਦਿਓ, ਮੈਨੂੰ ਫਾਂਸੀ ਤੇ ਟੰਗ ਦਿਓ। ਇਹ ਗਲਤੀ ਸਵੀਕਾਰਨ ਵਾਲੀ ਗੱਲ ਨਹੀਂ ਸੀ, ਵੰਗਾਰਨ ਵਾਲੀ ਗੱਲ ਸੀ। ਜੋ ਉਨ੍ਹਾਂ ਦੀ ਬਾਡੀ ਲੈਂਗੂਏਜ ਸੀ, ਜਿਸ ਲਹਿਜੇ ਨਾਲ, ਜਿਸ ਤਰੀਕੇ ਦੇ ਨਾਲ ਉਹ ਗੱਲ ਕਰ ਰਹੇ ਸੀ, ਉਹ ਬਹੁਤ ਮੰਦਭਾਗਾ ਸੀ। ਜੋ ਕੁਝ ਉਨ੍ਹਾਂ ਨੇ ਦੋ ਤਿੰਨ ਦਿਨਾਂ ਦੇ ਵਿੱਚ ਕਰ ਦਿੱਤਾ, ਉਹ ਤਾਂ ਮੰਦਭਾਗਾ ਹੈ ਹੀ ਹੈ ਸੀ ਪਰ ਜਿਸ ਤਰੀਕੇ ਦੇ ਨਾਲ ਜਾਖੜ ਸਾਹਿਬ ਅੱਜ ਵਿਧਾਨ ਸਭਾ ਦੇ ਵਿੱਚ ਆਏ ਔਰ ਜਿਸ ਤਰੀਕੇ ਦੇ ਨਾਲ ਉਨ੍ਹਾਂ ਨੇ ਉਨ੍ਹਾਂ ਗੱਲਾਂ ਨੂੰ ਦੁਹਰਾਉਣ ਦੀ ਕੋਸ਼ਿਸ਼ ਕੀਤੀ, ਉਹ ਉਸਤੋਂ ਵੀ ਵੱਧ ਮੰਦਭਾਗਾ ਸੀ।

ਚੇਅਰਮੈਨ ਸਾਹਿਬ, ਵਿਧਾਨ ਸਭਾ ਦੇ ਸੈਸ਼ਨ ਨੂੰ ਸਮੁੱਚੇ ਮੈਂਬਰ ਸਾਹਿਬਾਨ ਉਡੀਕਦੇ ਰਹਿੰਦੇ ਹਨ ਕਿ ਅਸੀਂ ਵਿਧਾਨ ਸਭਾ ਵਿੱਚ ਜਾਵਾਂਗੇ, ਉਥੇ ਜਾ ਕੇ ਆਪਣੇ ਮਸਲੇ ਉਠਾਵਾਂਗੇ। ਪੰਜਾਬ ਵਿਧਾਨ ਸਭਾ ਦੇ ਰਿਕਾਰਡ ਤੇ ਗੱਲ ਲਿਆਵਾਂਗੇ, ਸਰਕਾਰ ਦੇ ਕੰਨ ਤੱਕ ਆਪਣੀ ਗੱਲ ਪਹੁੰਚਾਵਾਂਗੇ। ਮੇਰਾ ਖਿਆਲ ਹੈ ਕਿ ਵਿਰੋਧੀ ਧਿਰ ਵਾਸਤੇ ਇਸ ਤੋਂ ਵੱਡਾ ਮੌਕਾ ਹੋਰ ਕੋਈ ਨਹੀਂ ਹੋ ਸਕਦਾ। ਜੇ ਪੰਜਾਬ ਸਰਕਾਰ ਦੀਆਂ ਕੋਈ ਕਮਜ਼ੋਰੀਆਂ ਹਨ, ਜੇ ਸਿਸਟਮ ਦੇ ਵਿੱਚ ਕੋਈ ਕਮੀ ਹੈ ਤਾਂ ਉਸ ਨੂੰ ਵਿਧਾਨ ਸਭਾ ਵਿੱਚ ਜਾ ਕੇ ਅਸੀਂ ਉਠਾਈਏ ਪਰ ਇਨ੍ਹਾਂ ਕੋਲ ਕੋਈ ਮੁੱਦਾ ਨਹੀਂ ਹੈ ਕਿਉਂਕਿ ਇਸ ਧਿਰ ਨੇ ਇਧਰ ਬੈਠੀ ਸਰਕਾਰੀ ਧਿਰ ਨੇ ਕੋਈ ਕਮਜ਼ੋਰੀ ਛੱਡੀ ਨਹੀਂ, ਕੋਈ ਮੁੱਦਾ ਛੱਡਿਆ ਹੀ ਨਹੀਂ। ਹਰ ਵਾਰੀ ਇਹ ਭੱਜਦੇ ਹਨ। ਚੇਅਰਮੈਨ ਸਾਹਿਬ, ਹੁਣ ਤਾਂ ਮੇਰਾ ਖਿਆਲ ਹੈ ਕਿ ਸਾਡੇ

ਅਖਬਾਰਾਂ ਵਾਲੇ ਵੀਰ ਉਨ੍ਹਾਂ ਦੀਆਂ ਇਨ੍ਹਾਂ ਹਰਕਤਾਂ ਤੋਂ ਔਖੇ ਹੋ ਗਏ ਹਨ ਅਤੇ ਐਡੀਟੋਰੀਅਲ ਲਿਖੇ ਗਏ ਹਨ, ਇਨ੍ਹਾਂ ਦੀਆਂ ਕਾਰਗੁਜ਼ਾਰੀਆਂ ਉੱਤੇ ਸਟੋਰੀਆਂ ਬਣੀਆਂ ਹਨ, ਜੋ ਨਿਊਜ਼ ਚੈਨਲਜ਼ ਤੇ ਨਿਊਜ਼ ਆ ਰਹੀ ਹੈ, ਅਖਬਾਰਾਂ ਦੇ ਵਿੱਚ ਆ ਰਹੀ ਹੈ ਇਸ ਗੱਲ ਦੀ ਕਿ ਕਾਂਗਰਸ ਆਪਣੇ ਸਤਿਆਨਾਸ ਦਾ ਹੋਰ ਸਤਿਆਨਾਸ ਕਰ ਰਹੀ ਹੈ ਪਰ ਦੂਸਰੇ ਪਾਸੇ ਇਸਦੇ ਨਾਲ ਸਾਡਾ ਸਾਰਿਆਂ ਦਾ ਸਿਰ ਸ਼ਰਮ ਨਾਲ ਝੁਕਦਾ ਹੈ ਕਿਉਂਕਿ ਇਸ ਵਿਧਾਨ ਸਭਾ ਦਾ ਅਸੀਂ ਵੀ ਹਿੱਸਾ ਹਾਂ ਜਿਸ ਵਿਧਾਨ ਸਭਾ ਦੇ ਵਿੱਚ ਡਿਊਟੀ ਨਿਭਾਉਣ ਆਏ ਕਰਮਚਾਰੀ ਦੇ ਨਾਲ ਇਨ੍ਹਾਂ ਨੇ ਹੁੜਦੰਗ ਕੀਤੀ। ਮੇਰਾ ਖਿਆਲ ਹੈ ਕਿ ਇਸ ਤਰ੍ਹਾਂ ਤਾਂ ਕਦੇ ਕਿਸੇ ਚੋਰ ਨੂੰ ਵੀ ਨਹੀਂ ਘੇਰਦਾ ਜਿਵੇਂ ਬਾਹਾਂ ਫੈਲਾਅ ਫੈਲਾਅ ਕੇ, ਕੰਜ ਭੰਜ ਕੇ, ਗਾਲ੍ਹਾਂ ਕੱਢ ਕੱਢ ਕੇ, ਜੋ ਕੁਝ ਇਨ੍ਹਾਂ ਨੇ ਕੀਤਾ। ਕਿਸੇ ਦੇ ਘਰੇ ਜੇ ਚੋਰ ਵੀ ਪੈ ਜਾਵੇ ਤਾਂ ਉਸ ਨਾਲ ਵੀ ਇਸ ਤਰ੍ਹਾਂ ਨਹੀਂ ਕੀਤਾ ਜਾਂਦਾ। ਜਿਸ ਤਰ੍ਹਾਂ ਉਸ ਮੁਲਾਜ਼ਮ ਨੂੰ ਫੜਿਆ ਗਿਆ ਅਤੇ ਕਰਮਚਾਰੀ ਦੀ ਤਰਸਯੋਗ ਹਾਲਤ ਨੂੰ ਉਸਦੇ ਚਿਹਰੇ ਤੋਂ ਹੀ ਟੀ ਵੀ ਉਪਰ ਤੁਸੀਂ ਵੀ ਦੇਖਿਆ ਹੋਣਾ ਹੈ ਕਿ ਜਿਸ ਟਾਈਮ ਉਸ ਨੂੰ ਫੜਿਆ ਗਿਆ, ਉਸ ਵੇਲੇ ਉਹ ਕਿਸ ਪੁਜ਼ੀਸ਼ਨ ਵਿੱਚ ਸੀ। ਉਹ ਆਪਣਾ ਦੁੱਖ ਕਿਸ ਨੂੰ ਦੱਸੇ ਕਿ ਇਹ ਸਦਨ ਜਿਹੜਾ ਪੰਜਾਬ ਦੇ ਹਿਤਾਂ ਦੀ ਰਾਖੀ ਕਰਦਾ ਹੈ, ਇਸ ਸਦਨ ਦੇ ਮੈਂਬਰ ਜਿਹੜੇ ਪੰਜਾਬ ਦੇ ਹਿੱਤਾਂ ਦੀ ਰਾਖੀ ਕਰਨ ਦਾ ਦਾਅਵਾ ਕਰਦੇ ਹਨ, ਉਸ ਸਦਨ ਦੇ ਅੰਦਰ ਮੈਨੂੰ ਕੁਟਾਪਾ ਚਾੜ੍ਹਿਆ ਗਿਆ। ਮੈਨੂੰ ਇਕ ਗਰੀਬ ਅਤੇ ਦਲਿਤ ਹੋਣ ਦੇ ਕਾਰਨ ਕਾਂਗਰਸ ਦੀ ਕੁੱਟ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਤਰਨ ਤਾਰਨ ਵਿਚ ਜਿਹੜੀ ਸਾਡੀ ਉਸ ਬੱਚੀ ਨਾਲ ਜ਼ਿਆਦਤੀ ਹੋਈ ਹੈ, ਮੈਂ ਕਹਿੰਦਾ ਹਾਂ ਕਿ ਉਸ ਨੂੰ ਨਿਆਂ ਮਿਲਣਾ ਚਾਹੀਦਾ ਹੈ। ਕਿਸੇ ਨੇ ਵੀ ਉਸ ਨਾਲ ਹੋਏ ਧੱਕੇ ਨੂੰ ਡਿਫੈਂਡ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਪਹਿਲੇ ਦਿਨ ਤੋਂ ਹੀ ਪੰਜਾਬ ਸਰਕਾਰ ਨੇ ਐਕਸ਼ਨ ਲਿਆ। ਸਰਦਾਰ ਪਰਕਾਸ਼ ਸਿੰਘ ਬਾਦਲ ਅਤੇ ਸਰਦਾਰ ਸੁਖਬੀਰ ਸਿੰਘ ਬਾਦਲ ਜੀ ਦੀਆਂ ਕਲੀਅਰ ਕੱਟ ਇੰਸਟਰਕਸ਼ਨਾਂ ਹਨ ਕਿ ਨਿਆਂ ਮਿਲਣਾ ਚਾਹੀਦਾ ਹੈ। ਦੇਸ਼ ਦੀ ਸੁਪਰੀਮ ਕੋਰਟ ਨੇ ਇਸ ਕੇਸ ਵਿਚ ਦਖਲ ਅੰਦਾਜ਼ੀ ਕੀਤੀ ਹੈ। ਸਾਰਾ ਮੈਟਰ ਸਬ ਜੂਡਿਸ ਹੈ ਅਤੇ ਨਿਆਂ ਮਿਲਣਾ ਚਾਹੀਦਾ ਹੈ। ਜਿਸ ਕਿਸੇ ਨੇ ਵੀ ਕੁਤਾਹੀ ਕੀਤੀ ਹੈ, ਵਿਧਾਨ ਸਭਾ ਦੇ ਮੈਂਬਰ ਜਿਹੜੇ ਇਥੇ ਬੈਠੇ ਹਨ, ਚਾਹੇ ਇਧਰ ਬੈਠੇ ਹਨ, ਚਾਹੇ ਉਪਰ (ਆਪੋਜ਼ੀਸ਼ਨ) ਬੈਠਦੇ ਹਨ, ਉਨ੍ਹਾਂ ਨੂੰ ਹੱਕ ਹੈ ਕਿ ਜੇਕਰ ਹੋਏ ਧੱਕੇ ਦਾ ਨਿਆਂ ਨਹੀਂ ਮਿਲਦਾ ਤਾਂ ਵਿਧਾਨ ਸਭਾ ਵਿਚ ਆ ਕੇ ਸਰਕਾਰ ਨੂੰ ਨਿਆਂ ਦਿਵਾਉਣ ਵਾਸਤੇ ਮਜਬੂਰ

[ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ]

ਕਰਨ ਪਰ ਜਿਸ ਤਰੀਕੇ ਨਾਲ ਉਸ ਬੱਚੀ ਨੂੰ ਲਿਆਂਦਾ ਗਿਆ, ਉਹ ਗਲਤ ਹੈ। ਇਸ ਵਿਧਾਨ ਸਭਾ ਦੀਆਂ ਪ੍ਰੰਪਰਾਵਾਂ ਹਨ, ਰੂਲਜ਼ ਹਨ, ਨਿਯਮ ਹਨ। ਜੇਕਰ ਕੋਈ ਉਨ੍ਹਾਂ ਨਾਲ ਖਿਲਵਾੜ ਕਰਦਾ ਹੈ ਤਾਂ ਉਹ ਪੰਜਾਬ ਦਾ ਹਿਤੈਸ਼ੀ ਨਹੀਂ ਹੋ ਸਕਦਾ। ਵਿਰੋਧੀ ਧਿਰ ਨੂੰ ਜਾਖੜ ਸਾਹਿਬ ਨੂੰ ਨਿਆਂ ਮੰਗਣਾ ਚਾਹੀਦਾ ਹੈ ਪਰ ਉਹ ਵਿਚਾਰਾ ਜੋ ਪਾਲ, ਗਰੀਬ ਕਰਮਚਾਰੀ, ਪੰਜਾਬ ਦਾ ਬਾਸ਼ਿੰਦਾ, ਕਿਸ ਕੋਲੋਂ ਨਿਆਂ ਮੰਗੇ। ਕੌਣ ਉਸ ਨੂੰ ਨਿਆਂ ਦੇਵੇਗਾ। ਕੱਲ੍ਹ ਵਿਧਾਨ ਸਭਾ ਵਿਚ ਆਵਾਜ਼ ਉਠਣ ਤੋਂ ਬਾਅਦ ਉਸ ਦੀ ਸੁਣਵਾਈ ਹੋਈ ਹੈ। ਮੈਂ ਆਪਣੇ ਵੱਲੋਂ ਮੰਗ ਕਰਦਾ ਹਾਂ ਅਤੇ ਪੰਜਾਬ ਦੇ ਲੋਕਾਂ ਦੀ ਵੀ ਮੰਗ ਹੈ ਕਿ ਉਹ ਗਰੀਬ ਕਰਮਚਾਰੀ ਜਿਹੜਾ ਕੇਵਲ ਆਪਣੀ ਡਿਊਟੀ ਨਿਭਾ ਰਿਹਾ ਸੀ, ਉਸ ਨੂੰ ਨਿਆਂ ਮਿਲਣਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਅਸੀਂ ਸਾਰੇ ਪੰਜਾਬ ਦਾ ਖਾਂਦੇ ਹਾਂ। ਜਿਸ ਦਾ ਖਾਈਏ ਉਸ ਦੇ ਗੁਣ ਗਾਉਣੇ ਚਾਹੀਦੇ ਹਨ। ਅਸੀਂ ਪੰਜਾਬ ਦੀ ਮਿੱਟੀ ਵਿਚ ਪਲੇ ਹਾਂ ਅਤੇ ਸਾਨੂੰ ਇਸ ਮਿੱਟੀ ਨਾਲ ਮੋਹ ਹੋਣਾ ਚਾਹੀਦਾ ਹੈ। ਇਸ ਦੀ ਬਿਹਤਰੀ ਵਾਸਤੇ, ਇਸੇ ਦੇ ਵਿਕਾਸ ਵਾਸਤੇ ਹਰ ਪੰਜਾਬੀ ਨੂੰ ਯਤਨ ਕਰਨੇ ਚਾਹੀਦੇ ਹਨ। ਖਾਸ ਕਰਕੇ ਜਿਹੜੇ 117 ਮੈਂਬਰ ਇਥੇ ਬੈਠੇ ਹਨ, ਉਨ੍ਹਾਂ ਦੀ ਜ਼ਿੰਮੇਵਾਰੀ ਹੋਰ ਵੀ ਜ਼ਿਆਦਾ ਬਣਦੀ ਹੈ। ਇਹ ਜਿਹੜੇ ਸਾਹਮਣੇ ਬੈਠੇ ਵੀਰ ਹਨ, ਜਿਨ੍ਹਾਂ ਦੀਆਂ ਮੇਜ਼ਾਂ ਹੁਣ ਖਾਲੀ ਪਈਆਂ ਹਨ, ਕੀ ਇਨ੍ਹਾਂ ਨੇ ਆਪਣੀ ਕੋਈ ਜ਼ਿੰਮੇਵਾਰੀ ਨਿਭਾਉਣ ਦੀ ਕੋਸ਼ਿਸ਼ ਕੀਤੀ ਹੈ? ਬਾਦਲ ਸਾਹਿਬ ਕਹਿੰਦੇ ਹਨ ਕਿ ਜੇ ਕਿਸੇ ਕਾਂਗਰਸੀ ਐਮ.ਐਲ.ਏ. ਨੂੰ ਮੇਰੀ ਜ਼ਰੂਰਤ ਹੈ, ਕਿਸੇ ਨੂੰ ਕੰਮ ਹੈ, ਉਹ ਕਦੀ ਵੀ ਮੇਰੇ ਕੋਲ ਆਵੇ। ਮੈਂ ਹਾਜ਼ਰ ਹਾਂ। ਜੇ ਕੇਂਦਰ ਸਰਕਾਰ ਕੋਲੋਂ ਪੰਜਾਬ ਸਰਕਾਰ ਨੇ ਕੋਈ ਕੰਮ ਲੈਣਾ ਹੈ ਤਾਂ ਸਰਦਾਰ ਪਰਕਾਸ਼ ਸਿੰਘ ਬਾਦਲ ਜਾਂਦੇ ਹਨ ਪਰ ਪਿਛਲੇ ਸਮੇਂ ਤੋਂ ਤੁਸੀਂ ਵੀ ਸਾਰੇ ਪੜ੍ਹਦੇ ਹੋ, ਮੌੜੀਆਂ ਵਾਲੇ ਵੀ ਚਿੱਠੀਆਂ ਲਿਖਦੇ ਹਨ ਕਿ ਬਾਦਲ ਸਾਹਿਬ ਜੋ ਵੀ ਕੇਂਦਰ ਤੋਂ ਲਿਆਉਣਗੇ, ਉਸ ਨੂੰ ਸਾਡੇ ਵਿਰੁੱਧ ਹੀ ਵਰਤਣਗੇ। ਜਦ ਪੈਸਾ ਆਉਂਦਾ ਹੈ, ਵਿਕਾਸ ਹੁੰਦਾ ਹੈ ਤਾਂ ਉਹ ਬਾਦਲ ਸਾਹਿਬ ਦੇ ਖਾਤੇ ਵਿਚ ਹੀ ਪੈਂਦਾ ਹੈ। ਇਹ ਇਕ ਪਾਸੇ ਵਿਕਾਸ ਦੀ ਗੱਲ ਕਰਦੇ ਹਨ ਪਰ ਦੂਜੇ ਪਾਸੇ ਜੋ ਸੈਂਟਰ ਤੋਂ ਪੈਸਾ ਆਉਂਦਾ ਹੈ, ਉਸ ਨੂੰ ਰੋਕਣ ਲਈ ਹਰ ਤਰ੍ਹਾਂ ਦਾ ਯਤਨ ਕਰਦੇ ਰਹੇ। ਗਰਾਂਟਾਂ ਲੈਣ ਵਿਚ ਰੁਕਾਵਟ ਪਾਉਣ ਲਈ ਜੋ ਵਿਰੋਧੀ ਧਿਰ ਕਾਂਗਰਸ ਵੱਲੋਂ ਯਤਨ ਕੀਤੇ ਜਾ ਰਹੇ ਹਨ, ਉਹ ਕਿਸੇ ਕੋਲੋਂ ਲੁਕੇ-ਛਿਪੇ ਨਹੀਂ ਹਨ। ਇਹ ਸਭ ਕੁਝ ਓਪਨ ਹੈ। ਕੀ ਇਹ ਪੰਜਾਬ ਦੇ ਹਿੱਤਾਂ ਦੀ ਗੱਲ

ਕਰਦੇ ਹਨ, ਪੰਜਾਬ ਦੇ ਭਲੇ ਦੀ ਗੱਲ ਕਰਦੇ ਹਨ ਇਹ ਕੇਵਲ ਤੇ ਕੇਵਲ ਡਰਾਮੇਬਾਜ਼ੀ ਕਰਦੇ ਹਨ।

ਚੇਅਰਮੈਨ ਸਾਹਿਬ, ਡਰਾਮੇਬਾਜ਼ੀ ਤੋਂ ਮੈਨੂੰ ਚੇਤਾ ਆ ਗਿਆ ਕਿ ਅਜ ਸਤਿਕਾਰਯੋਗ ਡਾ. ਬਰਜਿੰਦਰ ਸਿੰਘ ਜੀ ਹਮਦਰਦ ਜਿਹੜੇ ਅਜੀਤ ਅਖ਼ਬਾਰ ਦੇ ਮੁੱਖ ਸੰਪਾਦਕ ਹਨ, ਉਨ੍ਹਾਂ ਨੇ ਆਪਣੇ ਐਡੀਟੋਰੀਅਲ ਵਿੱਚ ਇਨ੍ਹਾਂ ਦੀ ਡਰਾਮੇਬਾਜ਼ੀ ਦੀ ਗੱਲ ਕੀਤੀ ਸੀ ਐਮ ਸਾਹਿਬ ਨਾਮਵਰ ਅੰਗਰੇਜ਼ੀ ਅਖ਼ਬਾਰ ਦਾ ਜ਼ਿਕਰ ਕਰਕੇ ਗਏ ਸੀ, ਮੈਂ ਨਾਮਵਰ ਪੰਜਾਬੀ ਅਖ਼ਬਾਰ ਦਾ ਜ਼ਿਕਰ ਕਰ ਰਿਹਾ ਹਾਂ ਉਨ੍ਹਾਂ ਨੇ ਆਪਣੇ ਐਡੀਟੋਰੀਅਲ ਵਿੱਚ ਜੋ ਕੁਝ ਇਨ੍ਹਾਂ ਨੇ ਪਿਛਲੇ ਦੋ ਤਿੰਨ ਦਿਨਾ ਵਿੱਚ ਕੀਤਾ ਹੈ, ਉਸ ਬਾਰੇ ਲਿਖਿਆ ਹੈ

"ਕਾਂਗਰਸੀਆਂ ਵੱਲੋਂ ਇਹ ਕਾਰਵਾਈ ਆਉਣ ਵਾਲੇ ਸਮੇਂ ਵਿੱਚ ਹਰ ਨਾਂਹ-ਪੱਖੀ ਅਮਲਾਂ ਨੂੰ ਜਨਮ ਦੇਣ ਵਾਲੀ ਵੀ ਸਾਬਤ ਹੋ ਸਕਦੀ ਹੈ ਜਿੱਥੋਂ ਤੱਕ ਤਰਨਤਾਰਨ ਵਿੱਚ ਪੁਲਿਸ ਵੱਲੋਂ ਲੜਕੀ ਨਾਲ ਕੁੱਟਮਾਰ ਕਰਨ ਦੀ ਘਟਨਾ ਦਾ ਸਵਾਲ ਹੈ, ਉਸ ਸਬੰਧੀ ਹੁਣ ਤੱਕ ਵੱਡੇ ਕਦਮ ਉਠਾਏ ਜਾ ਚੁੱਕੇ ਹਨ। ਇੱਥੋਂ ਤੱਕ ਕਿ ਦੇਸ਼ ਦੀ ਉੱਚ ਅਦਾਲਤ ਸੁਪਰੀਮ ਕੋਰਟ ਨੇ ਵੀ ਇਸ ਘਟਨਾ ਵਿੱਚ ਦਖ਼ਲ ਦਿੱਤਾ ਹੈ ਤਾਂ ਜੋ ਇਸ ਸਬੰਧੀ ਦੋਸ਼ੀਆਂ ਨੂੰ ਬਣਦੀ ਸਜ਼ਾ ਮਿਲ ਸਕੇ। ਵਿਰੋਧੀ ਪਾਰਟੀ ਹੁੰਦਿਆਂ ਕਾਂਗਰਸ ਦਾ ਇਹ ਪੂਰਾ ਹੱਕ ਹੈ ਕਿ ਉਹ ਇਸ ਘਟਨਾ ਪ੍ਰਤੀ ਵਿਧਾਨ ਸਭਾ ਵਿੱਚ ਜ਼ੋਰ ਨਾਲ ਆਵਾਜ਼ ਉਠਾਏ ਪਰ ਵਿਧਾਨ ਸਭਾ ਕੈਂਪਸ ਵਿੱਚ ਜਿਸ ਤਰ੍ਹਾਂ ਸਬੰਧਿਤ ਲੜਕੀ ਨੂੰ ਲਿਆਂਦਾ ਗਿਆ, ਅਸੀਂ ਉਸ ਨੂੰ ਕਾਂਗਰਸੀਆਂ ਦੀ ਡਰਾਮੇਬਾਜ਼ੀ ਤੋਂ ਇਲਾਵਾ ਹੋਰ ਕੁਝ ਨਹੀਂ ਸਮਝਦੇ ਜੇਕਰ ਅਜਿਹੀਆਂ ਕਾਰਵਾਈਆਂ ਕਰਕੇ ਇੱਕ ਜ਼ਿੰਮੇਵਾਰ ਪਾਰਟੀ ਦੀ ਯੋਜਨਾ ਲੋਕਾਂ ਦਾ ਧਿਆਨ ਖਿੱਚਣ ਦੀ ਸੀ ਤਾਂ ਇਹ ਕਦਾਚਿਤ ਚੰਗਾ ਪ੍ਰਭਾਵ ਵਾਲੀ ਕਾਰਵਾਈ ਸਾਬਤ ਨਹੀਂ ਹੋ ਸਕੀ। ਇਸ ਦੇ ਬਜਾਏ ਇਸ ਪਾਰਟੀ ਨੂੰ ਵਿਧਾਨ ਸਭਾ ਵਿੱਚ ਸੁਚੱਜੇ ਢੰਗ ਨਾਲ ਲੋਕ ਮਸਲਿਆਂ ਨੂੰ ਉਠਾਉਣ ਲਈ ਸਰਗਰਮੀ ਦਿਖਾਉਣੀ ਚਾਹੀਦੀ ਹੈ।"

ਚੇਅਰਮੈਨ ਸਾਹਿਬ, ਇਹ ਕੇਵਲ ਡਰਾਮੇਬਾਜ਼ੀ ਕਰ ਸਕਦੇ ਹਨ। ਚੇਅਰਮੈਨ ਸਾਹਿਬ, ਜਿਸ ਤਰ੍ਹਾਂ ਮੈਂ ਪਹਿਲਾਂ ਵੀ ਜ਼ਿਕਰ ਕੀਤਾ ਹੈ ਕਿ ਇਹ ਹਰ ਵਾਰ ਭੱਜਦੇ ਹਨ। ਪੰਜਾਬ ਦੀ ਰਾਜਨੀਤੀ ਅੰਦਰ ਤਲਖੀ ਆਈ ਹੈ, ਖਾਸ ਕਰਕੇ ਸਾਲ 2002 ਤੋਂ ਸਾਲ 2007 ਤੱਕ ਦੇ ਪੀਰੀਅਡ ਦੇ ਦੌਰਾਨ। ਉਸ ਤਲਖੀ ਨੂੰ ਖ਼ਤਮ ਕਰਨ ਵਾਸਤੇ ਪਿਛਲੇ ਛੇ ਸਾਲਾਂ ਤੋਂ ਨਿਰੰਤਰ ਸੱਤਾਧਾਰੀ ਧਿਰ ਵੱਲੋਂ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਵੱਲੋਂ ਇਹ

ਮੁੱਖ ਸੰਸਦੀ ਸਕੱਤਰ ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ]

ਯਤਨ ਕੀਤੇ ਜਾ ਰਹੇ ਹਨ ਕਿ ਇਹ ਕਲਖੀ ਖਤਮ ਹੋਣੀ ਚਾਹੀਦੀ ਹੈ ਅਤੇ ਪੰਜਾਬ ਦੇ ਵਿਕਾਸ ਵਿੱਚ ਦੋਨਾਂ ਧਿਰਾਂ ਨੂੰ ਰਲ ਕੇ ਯੋਗਦਾਨ ਪਾਉਣਾ ਚਾਹੀਦਾ ਹੈ ਅਤੇ ਸਦਨ ਵਿੱਚ ਸੁਚੱਜੀ ਬਹਿਸ ਹੋਣੀ ਚਾਹੀਦੀ ਹੈ। ਇਸ ਤੋਂ ਸਦਨ ਦੇ ਅੰਦਰ ਮੁੱਦਿਆਂ ਦੀ ਗੱਲ ਹੋਣੀ ਚਾਹੀਦੀ ਹੈ। ਮਸਲਿਆਂ ਉੱਤੇ ਸਾਨੂੰ ਕਿੰਤੂ ਪਰੰਤੂ ਕਰਕੇ ਕਿਸੇ ਸਿੱਟੇ ਤੇ ਪਹੁੰਚਣਾ ਚਾਹੀਦਾ ਹੈ। ਮੈਨੂੰ ਕ੍ਰਿਕਟ ਤਾਂ ਆਉਂਦਾ ਨਹੀਂ ਪਰ ਚੇਅਰਮੈਨ ਸਾਹਿਬ, ਤੁਸੀਂ ਆਪਣੇ ਸਮੇਂ ਖੇਡਦੇ ਸੀ ਜਾਂ ਨਹੀਂ ਖੇਡੇ ਪਰ ਕ੍ਰਿਕਟ ਦਾ ਮੈਚ ਵੀ ਇਸ ਕਰਕੇ ਕਰਵਾਇਆ ਗਿਆ ਸੀ ਕਿ ਦੋਵੇਂ ਪਾਰਟੀਆਂ ਵਿੱਚੋਂ ਕਲਖੀ ਖਤਮ ਹੋਵੇ। ਸਾਂਝੇ ਖਾਣੇ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ। ਅਖਬਾਰਾਂ ਨੇ ਵੀ ਪਿਛਲੇ 10-15 ਦਿਨਾ ਵਿੱਚ ਬੜਾ ਲਿਖਿਆ ਸੀ ਜੋ ਸੀ ਐਮ ਸਾਹਿਬ ਵੱਲੋਂ, ਡਿਪਟੀ ਸੀ ਐਮ ਸਾਹਿਬ ਵੱਲੋਂ, ਸਪੀਕਰ ਸਾਹਿਬ ਵੱਲੋਂ, ਵਿਰੋਧੀ ਧਿਰ ਵੱਲੋਂ ਇਹ ਯਤਨ ਕੀਤੇ ਜਾ ਰਹੇ ਹਨ ਕਿ ਇਸ ਸਦਨ ਨੂੰ ਬੜੇ ਸਾਰਥਕ ਤਰੀਕੇ ਨਾਲ ਦੋਨ ਧਿਰਾਂ ਹੀ ਪਹਿਲਕਦਮੀਆਂ ਕਰ ਰਹੀਆਂ ਹਨ ਕਿ ਸੁਚੱਜੀ ਬਹਿਸ ਹੋਵੇ। ਸਰਕਾਰ ਦੀ ਇਸ ਪਹਿਲਕਦਮੀ ਦਾ, ਵਿਧਾਨ ਸਭਾ ਦੀ ਇਸ ਪਹਿਲਕਦਮੀ ਦੀਆਂ ਜਿਸ ਤਰਾਂ ਇਨ੍ਹਾਂ ਨੇ ਧੱਜੀਆਂ ਉਡਾਈਆਂ ਹਨ, ਇਸ ਤੋਂ ਸ਼ਰਮਸਾਰ ਗੱਲ ਹੋਰ ਕੋਈ ਨਹੀਂ ਹੋ ਸਕਦੀ। ਚੇਅਰਮੈਨ ਸਾਹਿਬ, ਮੈਂ ਪਹਿਲਾ ਵੀ ਗੱਲ ਕੀਤੀ ਸੀ ਕਿ ਬੱਚੇ ਤੋਂ ਵੀ ਗਲਤੀ ਹੋ ਜਾਵੇ, ਉਸ ਨੂੰ ਟੋਕ ਦਿੱਤਾ ਜਾਵੇ, ਸਮਝਾ ਦਿੱਤਾ ਜਾਵੇ ਤਾਂ ਉਹ ਦੁਬਾਰਾ ਗਲਤੀ ਨਹੀਂ ਕਰਦਾ ਪਰ ਕਾਂਗਰਸ ਪਾਰਟੀ ਵੱਲੋਂ ਗਲਤੀ ਤੇ ਗਲਤੀ ਕੀਤੀ ਜਾ ਰਹੀ ਹੈ। ਅੱਜ ਮੈਂ ਅਖਬਾਰ ਵਿੱਚ ਪੜ੍ਹ ਰਿਹਾ ਸੀ ਕਿ ਸਪੀਕਰ ਸਾਹਿਬ ਦੀ ਚੇਅਰ ਨਾਲ ਜੋ ਕੁਝ ਹੋਇਆ ਜਾਂ ਵਿਧਾਨ ਸਭਾ ਵਿੱਚ ਵੀ ਜੋ ਕੁਝ ਹੋਇਆ ਹੈ, ਉਹ ਠੀਕ ਨਹੀਂ ਹੋਇਆ। ਚੇਅਰਮੈਨ ਸਾਹਿਬ, ਜਾਖੜ ਸਾਹਿਬ ਨੇ ਕਿਹਾ ਕਿ ਸਾਨੂੰ ਪ੍ਰਵੋਕ ਕੀਤਾ ਗਿਆ। ਸਾਨੂੰ ਪਤਾ ਹੀ ਨਹੀਂ ਲੱਗਾ ਕਿ ਕੀ ਹੋ ਗਿਆ। ਕੀ ਇਹ ਖੇਡ ਹੈ? ਚਲੋ ਅੱਜ ਸੀ ਐਮ ਸਾਹਿਬ ਨੇ ਜਿਕਰ ਕਰ ਹੀ ਦਿੱਤਾ ਹੈ ਕਿ ਇਹ ਕਹਿੰਦੇ ਹਨ ਕਿ ਅਸੀਂ ਜਾਲ ਵਿੱਚ ਫਸ ਗਏ। ਅਸੀਂ ਕਹਿੰਦੇ ਹਾਂ ਜਾਲ ਪਤਾ ਨਹੀਂ ਤੁਸੀਂ ਕਿਹੜੇ ਜਾਲ ਵਿਚ ਫਸ ਹੋ। ਆਪਣੇ ਜਾਲ ਵਿੱਚ ਖੁਦ ਹੀ ਫਸ ਗਏ। ਹੁਣ ਇਸ ਜਾਲ ਨੂੰ ਖੋਲ੍ਹਣ ਵਾਲਾ ਤੁਹਾਡੇ ਕੋਲ ਕੋਈ ਨਹੀਂ ਹੈ ਤੇ ਤੁਸੀਂ ਇਸ ਜਾਲ ਨੂੰ ਖੋਲ੍ਹਣਾ ਵੀ ਨਹੀਂ ਚਾਹੁੰਦੇ ਕਿਉਂਕਿ ਤੁਸੀਂ ਗਲਤੀਆਂ ਤੇ ਗਲਤੀਆਂ ਕਰ ਰਹੇ ਹੋ। ਪੰਜਾਬ ਦੀ ਜਨਤਾ ਦਾ ਇਹ ਜਾਲ ਹੈ ਜਿਸ ਵਿੱਚ ਤੁਸੀਂ ਫਸੇ ਹੋ ਤੇ ਕਾਂਗਰਸ ਹੁਣ ਦੁਬਾਰਾ ਪੰਜਾਬ ਦੀ ਸੱਤਾ ਉੱਤੇ ਆਉਣ ਦੇ ਸੁਪਨੇ ਛੱਡ ਦੇਵੇ ਅਤੇ ਪੰਜਾਬ ਦੀ ਬਿਹਤਰੀ ਲਈ ਜੋ ਉਹ ਹਿੱਸਾ

ਪਾ ਸਕਦੇ ਹਨ ਤਾਂ ਪਾਉਣ ਨਹੀਂ ਤਾਂ ਇਸ ਪਵਿੱਤਰ ਸਦਨ ਦੀ ਪਵਿੱਤਰਤਾ ਨੂੰ, ਗਰਿਮਾ ਨੂੰ ਠੇਸ ਪਹੁੰਚਾਉਣ ਦੀ ਕੋਸ਼ਿਸ਼ ਨਾ ਕਰਨ ਕਿਉਂਕਿ ਇਹ ਸਦਨ ਕੇਵਲ ਇਨ੍ਹਾਂ ਦਾ ਨਹੀਂ ਬਲਕਿ ਪੰਜਾਬ ਦੇ ਲੋਕਾਂ ਦੀ ਧਰੋਹਰ ਹੈ ਇਥੇ ਪੰਜਾਬ ਦੇ ਲੋਕਾਂ ਦੀ ਆਵਾਜ਼ ਉਠਦੀ ਹੈ ਅਤੇ ਜਿਹੜਾ ਪੰਜਾਬ ਦੇ ਲੋਕਾਂ ਦੀ ਆਵਾਜ਼ ਦਾ ਹਿੱਸਾ ਨਹੀਂ ਬਣ ਸਕਦਾ, ਉਸ ਨੂੰ ਪੰਜਾਬ ਦੇ ਲੋਕਾਂ ਦੀ ਗੱਲ ਕਰਨ ਦਾ ਕੋਈ ਅਧਿਕਾਰ ਨਹੀਂ ਗੱਲ ਇਹ ਕਰਦੇ ਵੀ ਨਹੀਂ। ਅੱਜ ਇਨ੍ਹਾਂ ਦੇ 17 18 ਕੁਐਸਚਨ ਲੱਗੇ ਸੀ ਇਹ ਹਾਊਸ ਦੇ ਵਿੱਚ ਆਏ ਹਨ ਇਹ ਸਰਕਾਰ ਕੋਲੋਂ ਜਵਾਬ ਤਲਬੀ ਕਰ ਸਕਦੇ ਸੀ ਲੇਕਿਨ ਨਹੀਂ ਕੀਤੀ। ਕੀ ਇਨ੍ਹਾਂ ਨੂੰ ਕੋਈ ਪੁੱਛਣ ਵਾਲਾ ਨਹੀਂ ਕਿ ਤੁਸੀਂ ਸਰਕਾਰ ਦਾ ਕਿੰਨਾ ਸਮਾ ਬਰਬਾਦ ਕੀਤਾ ਕਿੰਨਾ ਤੁਸੀਂ ਉਨ੍ਹਾਂ ਸਵਾਲਾਂ ਨੂੰ ਤਿਆਰ ਕਰਨ ਵਾਸਤੇ ਖਰਚ ਕਰਵਾਇਆ ਤੁਸੀਂ ਸਦਨ ਦੇ ਵਿੱਚ ਆ ਕੇ ਵੀ ਸਵਾਲਾਂ ਦੇ ਜਵਾਬ ਪੰਜਾਬ ਦੀ ਜਨਤਾ ਤੱਕ ਪਹੁੰਚਣ ਨਹੀਂ ਦਿੱਤੇ ਜਾਂ ਪਹੁੰਚਾਉਣ ਦੀ ਕੋਸ਼ਿਸ਼ ਨਹੀਂ ਕੀਤੀ ਚੇਅਰਮੈਨ ਸਾਹਿਬ, ਇਹ ਲੋਕ ਅਕੀਦੇ ਤੋਂ ਥਿੜਕ ਚੁੱਕੇ ਹਨ ਇਹ ਰਾਜਨੀਤਿਕ ਕਦਰਾਂ ਕੀਮਤਾਂ ਤੋਂ ਦੂਰ ਜਾ ਚੁੱਕੇ ਹਨ ਤੇ ਲੋਕ ਵੀ ਇਨ੍ਹਾਂ ਤੋਂ ਦੂਰ ਚਲੇ ਗਏ ਹਨ। ਚੇਅਰਮੈਨ ਸਾਹਿਬ, ਮੈਂ ਜ਼ਿਆਦਾ ਵਿਸਥਾਰ ਵਿੱਚ ਨਾ ਜਾਵਾਂ, ਗਵਰਨਰ ਸਾਹਿਬ ਨੇ ਜੋ ਕੁਝ ਵੀ ਇਸ ਪਵਿੱਤਰ ਸਦਨ ਵਿੱਚ ਕਿਹਾ ਹੈ, ਉਹ ਸੱਚ ਹੈ। ਉਸ ਸੱਚ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਮੈਂ ਉਸ ਸੱਚ ਦੀ ਪ੍ਰੋੜਤਾ ਕਰਦਾ ਹੋਇਆ ਜੋ ਡਾਕਟਰ ਦਲਜੀਤ ਸਿੰਘ ਜੀ ਚੀਮਾ ਵੱਲੋਂ ਮਤਾ ਪੇਸ਼ ਕੀਤਾ ਗਿਆ ਹੈ, ਉਸ ਨੂੰ ਸਰਬਸੰਮਤੀ ਨਾਲ ਪਾਸ ਕਰਨ ਦੀ ਬੇਨਤੀ ਕਰਦਾ ਹੋਇਆ ਖਿਮਾ ਦਾ ਜਾਚਕ ਹਾਂ ਧੰਨਵਾਦ ਜੀ (ਥੰਪਿੰਗ)

ਸਰਦਾਰ ਤੋਤਾ ਸਿੰਘ (ਧਰਮਕੋਟ): ਚੇਅਰਮੈਨ ਸਾਹਿਬ, ਮੈਂ ਤਾਂ ਮੁਆਫੀ ਮੰਗਦਾ ਹਾਂ ਮੇਰਾ ਏਜੰਡਾ ਬਹੁਤ ਲੰਬਾ ਹੈ। ਮੈਂ ਮੁਆਫੀ ਮੰਗਦਾ ਹਾਂ, ਕਿਸ ਹਦ ਨੂੰ ਟਾਈਮ ਦੇ ਵਿਚ

ਸ੍ਰੀ ਸਭਾਪਤੀ : ਤੁਸੀਂ ਬੋਲ ਲਓ, 18 ਤਰੀਕ ਨੂੰ ਕੰਟੀਨਿਊ ਕਰ ਲਿਓ। ਤੁਸੀਂ ਸ਼ੁਰੂ ਕਰੋ।

ਸਰਦਾਰ ਤੋਤਾ ਸਿੰਘ : ਕੋਈ ਸੁਣਨ ਵਾਲਾ ਤਾਂ ਹੈ ਨਹੀਂ ਜਿਨ੍ਹਾਂ ਨੇ ਨੋਟ ਕਰਨਾ ਹੈ .. (ਹਾਸਾ) ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀ ਮੈਨੂੰ ਰਾਜਪਾਲ ਜੀ ਦੇ ਭਾਸ਼ਣ ਤੇ ਬੋਲਣ ਦਾ ਸਮਾਂ ਦਿੱਤਾ ਹੈ ਰਾਜਪਾਲ ਜੀ ਨੇ ਜੋ ਵਿਧਾਨ ਸਭਾ ਵਿੱਚ 11 ਮਾਰਚ, 20.3 ਨੂੰ ਭਾਸ਼ਣ ਦਿੱਤਾ ਸੀ, ਉਸ ਤੇ ਜੋ ਸਤਿਕਾਰਯੋਗ ਡਾਕਟਰ

[ਸਰਦਾਰ ਤਰਾ ਸਿੰਘ]

ਦਲਜੀਤ ਸਿੰਘ ਚੀਮਾ ਜੀ ਨੇ ਪ੍ਰਸਤਾਵ ਪੇਸ਼ ਕੀਤਾ ਅਤੇ ਸ੍ਰੀ ਮਨੋਰੰਜਨ ਕਾਲੀਆ ਜੀ ਨੇ ਉਸ ਨੂੰ ਤਾਈਦ ਕੀਤਾ, ਮੈਂ ਉਸ ਦੇ ਪੱਖ ਵਿੱਚ ਤੁਹਾਡੇ ਰਾਹੀਂ ਹਾਊਸ ਨੂੰ ਇਹੀ ਬੇਨਤੀ ਕਰਦਾ ਹਾਂ ਕਿ ਇਸ ਨੂੰ ਸਰਵ ਸੰਮਤੀ ਨਾਲ ਪਾਸ ਕੀਤਾ ਜਾਵੇ ਕਿਉਂਕਿ ਇਹ ਤੱਥਾਂ ਦੇ ਅਧਾਰਤ ਹੈ ਉਸ ਦੇ ਲਈ ਮੈਂ ਤੱਥਾਂ ਦੇ ਆਧਾਰ ਤੇ ਹੀ ਕੁਝ ਗੱਲਾਂ ਕਹਿਣੀਆਂ ਚਾਹੁੰਦਾ ਹਾਂ। ਭਾਵੇਂ ਇਸ ਵਿੱਚ ਬਹੁਤ ਸਾਰੀਆਂ ਗੱਲਾਂ ਮੇਰੇ ਤੋਂ ਪਹਿਲਾਂ ਬਹੁਤ ਸਾਰੇ ਬੁਲਾਰਿਆਂ ਨੇ ਬੜੇ ਵੇਰਵੇ ਨਾਲ ਇਸ ਦੇ ਪੱਖ ਵਿੱਚ ਦੱਸੀਆਂ ਹਨ ਮੈਂ ਖੇਤੀਬਾੜੀ ਦੇ ਪੱਖ ਤੋਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸਾਡਾ ਸੂਬਾ ਖੇਤੀਬਾੜੀ ਵਾਲਾ ਸੂਬਾ ਹੈ ਇਹ ਇਹੋ ਜਿਹੇ ਥਾਂ ਤੇ ਵੱਸਿਆ ਹੈ ਜਿਥੇ ਨਾ ਤੇਲ ਨਿਕਲਦਾ ਹੈ ਨਾ ਪੱਥਰ ਹੈ, ਨਾ ਕਲਾ ਹੈ, ਨਾ ਕਈ ਬੰਦਰਗਾਹ ਹੈ ਕੋਈ ਸਾਧਨ ਹੀ ਹੈ ਨਹੀਂ ਨਾ ਲੋਹਾ ਨਿਕਲਦਾ ਹੈ ਸਾਡੇ ਕੋਲ ਤਾਂ ਕੇਵਲ ਖੇਤੀਬਾੜੀ ਵਾਲੀ ਜ਼ਮੀਨ ਹੈ ਸਾਨੂੰ ਕੁਦਰਤੀ ਪਾਣੀ ਜ ਹਿਮਾਚਲ ਤੋਂ ਆਉਂਦਾ ਹੈ, ਉਹ ਮਿਲਦਾ ਹੈ ਸਾਡੀ ਪੰਜ ਦਰਿਆਵਾਂ ਦੀ ਧਰਤੀ ਸੀ 1947 ਵਿੱਚ ਪੰਜਾਬ ਦੇ 29 ਜ਼ਿਲ੍ਹੇ ਸਨ। ਜੋ ਸਾਡੇ ਬਜ਼ੁਰਗਾਂ ਨੇ ਉਸ ਵਲ ਬੜੀ ਮਿਹਨਤ ਕਰਕੇ 29 ਜ਼ਿਲ੍ਹੇ ਉਪਜਾਊ ਬਣਾਏ ਸੀ ਔਰ ਦੁਨੀਆ ਦੇ ਵਿੱਚ ਪੰਜਾਂ ਦਰਿਆਵਾਂ ਦੀ ਧਰਤੀ ਮਨੀ ਜਾਂਦੀ ਸੀ, ਅੱਜ ਉਸ ਦੇ ਵਿਚੋਂ ਸਾਡੇ ਕੋਲ ਦੋ ਦਰਿਆ ਹੀ ਰਹਿ ਗਏ ਹਨ ਤਿੰਨ ਦਰਿਆ ਪਾਕਿਸਤਾਨ ਵਾਲੇ ਪਾਸੇ ਚਲੇ ਗਏ ਹਨ ਰਾਵੀ ਦਰਿਆ ਦਾ 00 ਕਰੋੜ ਰੁਪਿਆ ਦੇ ਕੇ ਪਾਣੀ ਇਧਰ ਲਿਆ ਹੈ ਪਰ ਉਹ ਵੀ ਪਾਣੀ ਕਾਂਗਰਸ ਦੀਆਂ ਗਲਤ ਨੀਤੀਆਂ ਕਾਰਨ ਰਾਜਸਥਾਨ ਨਹਿਰ ਰਾਹੀਂ ਸਾਰਾ ਰਾਜਸਥਾਨ ਨੂੰ ਦੇ ਦਿੱਤਾ। ਭਾਖੜੇ ਦਾ ਪਾਣੀ ਜਿਹੜਾ ਵਰਤਣਾ ਸੀ ਉਹ ਰਾਜਸਥਾਨ ਤੇ ਹਰਿਆਣਾ ਨੂੰ ਦਿੱਤਾ ਗਿਆ ਹੈ। ਇਸ ਦੇ ਬਾਵਜੂਦ ਵੀ ਸਾਡੇ 12 ਜ਼ਿਲ੍ਹਿਆਂ ਦੇ ਪੰਜਾਬ ਨੇ ਬਹੁਤ ਵੱਡੀ ਤਰੱਕੀ ਕੀਤੀ ਹੈ 17 ਜ਼ਿਲ੍ਹੇ ਪਾਕਿਸਤਾਨ ਵਿੱਚ ਰਹਿ ਗਏ ਸਨ ਅਤੇ 12 ਜ਼ਿਲ੍ਹੇ ਇਧਰ ਰਹਿ ਗਏ ਸਨ ਔਰ ਮੈਂ ਉਸ ਪਿਛੋਕੜ ਵਿੱਚ ਜਾਣਾ ਚਾਹਦਾ ਹਾਂ ਕਿ 1947 ਤੋਂ ਪਹਿਲਾਂ ਸਾਡੇ ਹਾਲਾਤ ਕੀ ਸਨ ਅਸੀਂ ਉਸ ਵੇਲੇ ਛੋਟੇ ਹੁੰਦੇ ਸੀ 6 ਕੁ ਸਾਲ ਦੀ ਉਮਰ ਹੁੰਦੀ ਸੀ ਅਸੀਂ ਬਜ਼ੁਰਗਾਂ ਤੇ ਆਪਣੀਆਂ ਸੱਥਾਂ ਵਿੱਚ ਗੀਤ ਸੁਣਦੇ ਹੁੰਦੇ ਸੀ। ਉੱਤਮ ਖੇਤੀ, ਮੱਧਮ ਵਪਾਰ ਨਖਿਧ ਚਾਕਰੀ, ਭੀਖ ਦੁਆਰ। ਉਸ ਵੇਲੇ ਵੀ 1947 ਵਿੱਚ ਅੰਗਰੇਜ਼ਾਂ ਦੇ ਰਾਜ ਵਿੱਚ ਵੀ ਖੇਤੀ ਨੂੰ ਉੱਤਮ ਗਿਣਿਆ ਜਾਂਦਾ ਸੀ, ਵਪਾਰ ਨੂੰ ਦੂਜੇ ਨੰਬਰ ਤੇ ਗਿਣਿਆ ਜਾਂਦਾ ਸੀ ਅਤੇ ਨੌਕਰੀ ਤੀਜੇ ਨੰਬਰ ਤੇ ਸੀ ਅੱਜ ਦੇਖੋ ਕੋਈ

ਉੱਤਮ ਖੇਤੀ ਕਹਿੰਦਾ ਹੈ। ਅਜ ਨੌਕਰੀ ਪਹਿਲਾਂ ਹਏਗੀ ਜਾਂ ਬਿਜਨਿਸ ਪਹਿਲਾਂ ਹਏਗਾ ਖੇਤੀ ਦਾ ਨਾਂ ਲੈਣ ਨੂੰ ਕੋਈ ਤਿਆਰ ਨਹੀਂ ਹੈ ਕਿਉਂਕਿ ਇਹ ਲਾਹੇਵੰਦਾ ਧੰਦਾ ਨਹੀਂ ਰਿਹਾ ਹੈ। ਇਸ ਦਾ ਕਾਰਨ ਕੀ ਹੈ। 1947 ਤੋਂ ਪਹਿਲਾਂ ਨਾ ਕਦੀ ਹਿੰਦੁਸਤਾਨ ਦੇ ਵਿਚ ਤੇ ਨਾ ਪੰਜਾਬ ਦੇ ਵਿਚ ਸਰਪਲੱਸ ਅਨਾਜ ਪੈਦਾ ਕਰਦਾ ਸੀ। ਸਾਡੇ ਕੋਲ ਕੇਵਲ ਕਪਾਹ ਸਰਪਲੱਸ ਹੁੰਦੀ ਸੀ। ਕਪਾਹ ਵੀ ਜਿਹੜੀ ਸੀ ਉਸ ਦੀ ਰੂੰ ਏਥੇ ਵੇਲੀ ਜਾਂਦੀ ਸੀ ਤੇ ਉਹ ਰੂੰ ਸਮੁੰਦਰੀ ਜਹਾਜਾਂ ਦੇ ਰਾਹੀਂ ਇੰਗਲੈਂਡ ਜਾਂਦੀ ਸੀ। ਮੈਂ ਉਹ ਮੰਡੀ ਵੀ ਵੇਖੀ ਹੈ, ਮਾਨਚੈਸਟਰ ਸ਼ਹਿਰ ਵੇਖਿਆ ਹੈ ਜਿਥੇ ਉਸ ਰੂੰ ਦੀ ਕਤਾਈ ਹੁੰਦੀ ਸੀ ਮੁੜ ਕੇ ਉਸ ਦਾ ਕੱਪੜਾ ਬਣਦਾ ਸੀ ਤੇ ਕੱਪੜਾ ਬਣ ਕੇ ਸਾਡੇ ਹਿੰਦੁਸਤਾਨ ਵਿਚ ਆਉਂਦਾ ਸੀ। ਸਾਡੇ ਪੰਜਾਬ ਦੀ ਰੂੰ ਦਾ ਮਾਨਚੈਸਟਰ ਦੀਆਂ ਮਿਲਾਂ ਦੇ ਵਿਚ ਧਾਗਾ ਬਣਦਾ ਸੀ ਤੇ ਉਥੇ ਕੱਪੜਾ ਬਣਦਾ ਸੀ। ਉਹ ਮਿਲਾਂ ਮੈਂ ਖੁਦ ਜਾ ਕੇ ਵੇਖੀਆਂ ਹਨ। ਮੇਰਾ ਕਹਿਣ ਤੋਂ ਭਾਵ ਕਿ ਇਹੋ ਜਿਹੇ ਹਾਲਾਤ ਸਨ। ਪਰ 1947 ਤੋਂ ਬਾਅਦ ਜਦ ਹਿੰਦੁਸਤਾਨ ਅਜ਼ਾਦ ਹੋਇਆ ਤਾਂ ਬੜੀ ਆਸ ਸੀ ਕਿ ਖੇਤੀਬਾੜੀ ਨੂੰ ਬਹੁਤ ਲਾਹੇਵੰਦਾ ਧੰਦਾ ਬਣਾਇਆ ਜਾਵੇਗਾ। 1947 ਤੋਂ ਪਹਿਲਾਂ ਸਾਰੀ ਖੇਤੀਬਾੜੀ 100 ਫੀਸਦੀ ਬਲਦਾਂ, ਹਲਾਂ ਦੇ ਉਪਰ ਨਿਰਭਰ ਸੀ, ਕਈ ਮਸ਼ੀਨਰੀ ਦਾ ਸਾਧਨ ਨਹੀਂ ਸੀ, 1947 ਤੋਂ ਬਾਅਦ ਦੇਸ਼ ਅਜ਼ਾਦ ਹੋਇਆ ਤੇ ਮਸ਼ੀਨਰੀ ਦੇ ਸਾਧਨ ਕੋਈ ਬਹੁਤ ਪੈਦਾ ਨਾ ਕੀਤੇ ਗਏ। ਹਾਲਾਤ ਇਹੋ ਜਿਹੇ ਬਣਾਏ ਕਿ ਅਸੀਂ ਰਸ਼ੀਆ ਪੱਖੀ ਬਣ ਗਏ। ਚਾਹੀਦਾ ਇਹ ਸੀ ਕਿ ਜਦੋਂ ਹਿੰਦੁਸਤਾਨ ਅਜ਼ਾਦ ਹੋ ਗਿਆ ਤਾਂ ਨਵੀਂ ਟੈਕਨਾਲੋਜੀ ਲਿਆਂਦੀ ਜਾਂਦੀ। ਨਵੀਂ ਮਸ਼ੀਨਰੀ ਲਿਆਂਦੀ ਜਾਂਦੀ ਤੇ ਹਿੰਦੁਸਤਾਨ ਵਿਚ ਵੀ ਬਣਾਈ ਜਾਂਦੀ ਤੇ ਉਸ ਦੇ ਸਾਧਨ ਜੁਟਾਏ ਜਾਂਦੇ ਤੇ ਦੇਸ਼ ਬਹੁਤ ਛੇਤੀ ਸਰਪਲੱਸ ਅਨਾਜ ਪੈਦਾ ਕਰ ਦਿੰਦਾ। ਪਰ ਮੈਂ ਪੰਜਾਬੀਆਂ ਨੂੰ ਧੰਨ ਸਮਝਦਾ ਹਾਂ ਕਿ ਇਨ੍ਹਾਂ ਨੇ ਆਪਣੀ ਕੋਸ਼ਿਸ਼ ਨਹੀਂ ਛੱਡੀ, ਵਿਦੇਸ਼ਾਂ ਵਿਚ ਰਹਿੰਦੇ ਹੋਏ ਮੈਂ ਵੇਖਿਆ, ਸਾਡੇ ਪਿੰਡਾਂ ਦੇ ਬਜ਼ੁਰਗ ਜਿਹੜੇ ਇੰਗਲੈਂਡ ਵਿਚ ਸਨ, ਮੈਸੀ ਫਰਗੂਸਨ ਟਰੈਕਟਰ 1955 ਵਿਚ ਲੈ ਕੇ ਆਏ, 1956 ਵਿਚ ਫਿਰ ਐਲੋਵੀਰ ਟਰੈਕਟਰ ਆਏ, ਦੋ ਤਿੰਨ ਕਿਸਮ ਦੇ ਟਰੈਕਟਰ ਬਜ਼ੁਰਗ ਜਿਹੜੇ ਬਾਹਰ ਰਹਿੰਦੇ ਸਨ, ਐਨ ਆਰ ਆਈ ਅਮਰੀਕਾ ਵਿਚ ਜਾਂ ਹੋਰ ਕਿਤੇ ਆਪਣੇ ਸਾਧਨਾਂ ਨਾਲ ਖੁਦ ਡਾਲਰ ਕਮਾ ਕੇ ਉਨ੍ਹਾਂ ਨੇ ਇਥੇ ਭੇਜੇ। ਕੇਵਲ ਦੋ ਤਰ੍ਹਾਂ ਦੇ ਟਰੈਕਟਰ ਆਏ, ਚੈਕੋਸਲਵਾਕੀਆ ਦਾ ਉਸ ਵੇਲੇ ਜੀਟਰ ਟਰੈਕਟਰ ਸੀ। ਇਕ ਡੀ ਟੀ 14, ਇਕ ਡੀ ਟੀ 28 ਅਤੇ ਇਕ ਬਾਈਲਾਸ ਟਰੈਕਟਰ ਰਸ਼ੀਆ ਦੇ ਆਏ, ਹਿੰਦੁਸਤਾਨ

[ਸਰਦਾਰ ਤੋਤਾ ਸਿੰਘ]

ਸਰਕਾਰ ਨੇ ਦੋ ਬੰਸਾਂ ਨੂੰ ਹੀ ਇਥੇ ਟਰੈਕਟਰ ਲਿਆਉਣ ਦੀ ਆਗਿਆ ਦਿੱਤੀ। ਬਾਕੀ ਕਿਸੇ ਨੂੰ ਆਗਿਆ ਨਹੀਂ ਸੀ ਨਾ ਇਥੇ ਕਿਸੇ ਨੂੰ ਬਣਾਉਣ ਦੀ ਆਗਿਆ ਸੀ ਜਿਵੇਂ ਤੁਸੀਂ ਵੇਖਿਆ ਹਵੇਗਾ ਕਿ ਇਥੇ ਕਾਰਾਂ ਸਿਰਫ ਦੋ ਤਰ੍ਹਾਂ ਦੀਆਂ ਹੀ ਬਣਦੀਆਂ ਸਨ, ਇਕ ਫੀਅਟ ਅਤੇ ਇਕ ਅੰਬੈਸਡਰ। 3()-40 ਸਾਲ ਉਨ੍ਹਾਂ ਦੀ ਹੀ ਮਨਾਪਲੀ ਰਹੀ ਤੀਜੇ ਨੂੰ ਜੰਮਣ ਹੀ ਨਹੀਂ ਦਿੱਤਾ ਧੰਨ ਪ੍ਰਧਾਨ ਮੰਤਰੀ ਸ੍ਰੀ ਵਾਜਪਾਈ ਜੀ ਸਨ ਜਿਨ੍ਹਾਂ ਨੇ ਕੰਮ ਖੋਲ੍ਹਿਆ, ਥਾਂ ਥਾਂ ਤੇ ਅੱਜ ਕਾਰਾਂ ਦੀਆਂ ਕੰਪਨੀਆਂ ਲੱਗ ਗਈਆਂ ਇਸੇ ਤਰ੍ਹਾਂ ਟਰੈਕਟਰ ਅੱਜ ਪੰਜਾਬ ਵਿਚ ਵੀ ਬਣ ਰਹੇ ਹਨ ਹੋਰ ਹਿੰਦੁਸਤਾਨ ਦੇ ਹਿੱਸਿਆਂ ਵਿਚ ਵੀ ਬਣ ਰਹੇ ਹਨ ਯਾਨੀ ਕਾਂਗਰਸ ਦੀ ਨੀਤੀ ਏਨੀ ਮਾੜੀ ਸੀ ਕਿ ਉਸ ਵੇਲੇ ਕੇਵਲ 1(.. 12 ਸਾਲ ਮਨਾਪਲੀ ਦੋ ਟਰੈਕਟਰਾਂ ਦੀ ਰਹੀ ਦੋ ਦੇਸਾਂ ਦੀ, ਰਸੀਆ ਦੀ ਤੇ ਇਕ ਚੈਕੋਸਲਵਾਕੀਆ ਤੋਂ ਜੀਟਰ ਟਰੈਕਟਰ ਆਉਂਦੇ ਸਨ ਉਸ ਦਾ ਸਿੱਟਾ ਪੰਜਾਬੀਆਂ ਨੇ ਫਿਰ ਵੀ ਬਹੁਤ ਮਿਹਨਤ ਕੀਤੀ 1947 ਤੋਂ ਲੈ ਕੇ 1960 ਤੱਕ ਕੋਈ ਕਈ, ਇਕ ਹਲਕੇ ਵਿਚ ਇਕ ਜਾਂ ਦੋ ਟਰੈਕਟਰ ਹੁੰਦੇ ਸਨ 1960 ਤੋਂ 1970 ਤੱਕ ਇਹ ਟਰੈਕਟਰਾਂ ਵਾਲੀ ਖੇਤੀਬਾੜੀ ਵਾਲਾ ਸੂਬਾ ਬਣ ਗਿਆ ਔਰ 1960 ਤੋਂ 1970 ਤੱਕ ਇਹ ਜਦੋਂ ਖਤੀਬਾੜੀ ਵਾਲਾ ਸੂਬਾ ਬਣਿਆ ਤਾਂ ਤੁਸੀਂ ਅੰਦਾਜਾ ਲਗਾਓ ਕਿ ਪੰਜਾਬ ਦੇ ਕਿਸਾਨਾਂ ਨੇ ਏਨੀ ਮਿਹਨਤ ਕੀਤੀ ਕਿ ਵਾਧੂ ਅਨਾਜ ਪੈਦਾ ਕਰ ਦਿੱਤਾ ਜਿਹੜਾ ਅਨਾਜ 1966 ਤੋਂ ਪਹਿਲਾ ਸਾਰਾ ਅਸੀ ਬਾਹਰੋਂ ਮੰਗਵਾਉਂਦੇ ਸੀ ਪੀ ਐਲ 480 ਨੰਬਰ ਕਣਕ ਬਾਹਰੋਂ ਆਈ ਇਹ ਤਰੱਕੀ ਕਿਸ ਵੇਲੇ ਹੋਈ, ਜਦ ਪਹਿਲੀ ਸਾਂਝੀ ਸ੍ਰੋਮਣੀ ਅਕਾਲੀ ਦਲ ਫਰੰਟ ਦੀ ਸਰਕਾਰ ਬਣੀ ਜਿਸ ਦੇ ਨਾਲ ਜਨਸੰਘ ਵੀ ਸੀ ਜਿਸ ਨੂੰ ਅੱਜ ਬੀ ਜੇ ਪੀ ਕਹਿੰਦੇ ਹਾਂ। ਕਮਿਊਨਿਸਟ ਪਾਰਟੀ ਵੀ ਸੀ ਅਜਾਦ ਮੈਂਬਰ ਵੀ ਲਏ, 1967 ਦੇ ਵਿਚ ਸਾਡਾ ਇਹ 104 ਮੈਂਬਰਾਂ ਦਾ ਹਾਊਸ ਸੀ 104 ਦੇ ਹਾਊਸ ਵਿਚ ਅਸੀਂ ਤਾਂ ਕੇਵਲ 23 ਐਮ.ਐਲ ਏ ਜਿੱਤੇ ਸੀ ਬਾਕੀ ਜਨਸੰਘ ਦੇ ਸਨ ਅਜ਼ਾਦ ਸਨ, ਚਾਰ ਕਮਿਊਨਿਸਟ ਪਾਰਟੀ ਸੀ ਪੀ ਆਈ ਦੇ ਸਨ, ਦੋ ਸੀ.ਪੀ ਐਮ ਦੇ ਸਨ ਉਸ ਵੇਲੇ ਅਸੀ ਸਾਂਝੀ ਸਰਕਾਰ ਬਣਾਈ। ਕਾਂਗਰਸ ਦੇ 104 ਦੇ ਵਿਚੋਂ 48 ਐਮ ਐਲ ਏ ਜਿੱਤੇ ਸੀ। ਪਰ 48 ਵੀ 15 20 ਦਿਨ ਦਿੱਲੀ ਬੈਠੇ ਰਹੇ ਉਸ ਵੇਲੇ ਉਨ੍ਹਾਂ ਦੇ ਦੋ ਲੀਡਰ ਸਨ, ਇਕ ਗਾੜੇ ਵਾਲਾ ਕਹਿੰਦਾ ਮੈਨੂੰ ਮੁੱਖ ਮੰਤਰੀ ਬਣਾਓ ਅਤੇ ਜੋ ਅੰਮ੍ਰਿਤਸਰ ਵਾਲਾ ਸੀ ਮੇਜਰ, ਉਹ ਕਹਿੰਦਾ ਸੀ

ਕਿ ਮੈਨੂੰ ਬਣਾਉ ਦਨੋਂ ਦ ਦ ਗਰੁੱਪ ਲੈ ਕੇ ਬੈਠ ਰਹੇ ਪਰ ਸਾਨੂੰ ਪਤਾ ਹੈ ਕਿ ਅਸੀਂ ਕਿਵੇਂ ਧੱਕੇ ਤ 53 ਐਮ ਐਲ ਏ ਬੱਸ ਵਿਚ ਬਿਠਾ ਕੇ ਲਿਆ ਕੇ, ਇਥੇ ਰਾਜ ਭਵਨ ਸਾਹਮਣੇ ਬਿਠਾ ਦਿੱਤੇ ਕਿ ਅਸੀ ਬਹੁ ਸੰਮਤੀ ਵਿਚ ਹਾ ਉਸ ਵੇਲ ਗਵਰਨਰ ਦਿੱਲੀ ਵਾਲਿਆ ਦੇ ਡਰ ਦੇ ਕਾਰਨ ਸਹੁੰ ਨਾ ਚੁਕਾਵੇ ਉਸ ਵੇਲੇ ਸ੍ਰੀ ਵਾਜਪਾਈ ਜੀ ਲੀਡਰ ਆਫ ਆਪੋਜ਼ੀਸ਼ਨ ਸਨ। ਉਹ ਉਸ ਵੇਲ ਸਾਡੇ ਨਾਲ ਆ ਕੇ ਧਰਨੇ ਤੇ ਬੈਠ ਸਾਰੀ ਰਾਤ ਧਰਨੇ ਤ ਬੈਠੇ ਰਹ ਤੇ ਅਗਲ ਦਿਨ ਸਾਨੂੰ, ਸਾਡੀ ਸਰਕਾਰ ਨੂੰ ਸਹੁੰ ਚੁਕਾਈ ਗਈ ਅਤੇ ਸਰਦਾਰ ਗੁਰਨਾਮ ਸਿੰਘ ਨੂੰ ਮੁੱਖ ਮੰਤਰੀ ਬਣਾਇਆ ਤੇ ਸਰਦਾਰ ਲਛਮਣ ਸਿੰਘ ਨੂੰ ਨੰਬਰ ਦ ਉਤੇ ਰੱਖਿਆ ਗਿਆ ਜਨਸੰਘ ਦੇ ਤਿੰਨ ਮੰਤਰੀ ਬਣਾਏ ਔਰ ਸੀ ਪੀ ਆਈ ਦਾ ਇਕ ਮੰਤਰੀ ਸ੍ਰੀ ਸੱਤਪਾਲ ਡਾਂਗ ਬਣਾਇਆ। ਮੇਰਾ ਕਹਿਣ ਤ ਭਾਵ ਕਿ 1967 ਤੋਂ ਬਾਅਦ, ਇਹ ਮੈ ਤਾਂ ਕਹਿੰਦਾ ਹਾਂ ਕਿ ਉਸ ਵੇਲੇ ਵੱਧ ਅਨਾਜ ਪੈਦਾ ਕਰਨ ਦਾ ਮੌਕਾ ਆਇਆ ਉਸ ਵੇਲੇ ਕਣਕ ਦਾ ਪਹਿਲੀ ਵਾਰ ਭਾਅ 76/ ਰੁਪਏ ਪ੍ਰਤੀ ਕੁਇੰਟਲ ਦਾ ਮਿੱਥਿਆ ਗਿਆ ਔਰ 76/ ਰੁਪਏ ਦੇ ਹਿਸਾਬ ਨਾਲ ਸਰਕਾਰੀ ਖਰੀਦ ਕੀਤੀ ਉਸ ਦਾ ਕਿਸਾਨਾ ਨੂੰ ਏਨਾ ਹੌਸਲਾ ਮਿਲਿਆ ਕਿ ਦ ਤਿੰਨ ਸਾਲ ਦੇ ਵਿਚ ਕਿਸਾਨ ਆਪਣੇ ਆਪ ਤੇ ਨਿਰਭਰ ਹ ਗਏ ਉਹ ਖੇਤੀਬਾੜੀ ਨੂੰ ਮੁਨਾਫੇ ਵਾਲਾ ਧੰਦਾ ਸਮਝਣ ਲੱਗ ਪਏ, ਅਸੀ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਦੇਣ ਨਹੀਂ ਦੇ ਸਕਦੇ ਜਿਨ੍ਹਾਂ ਨੇ 1970 ਦੇ ਵਿਚ ਸਭ ਤੋਂ ਪਹਿਲਾ ਜੀ ਡੀ ਆਰ ਮਸ਼ੀਨਾਂ ਜਰਮਨ ਤ ਲਿਆਂਦੀਆਂ। ਮੈਨੂੰ ਉਹ ਦਿਨ ਵੀ ਯਾਦ ਹੈ ਕਿ ਬੜੀ ਵੱਡੀ ਵਿਰੋਧਤਾ ਹੋਈ ਦਿੱਲੀ ਵਿੱਚ ਪਾਰਲੀਮੈਂਟ ਵਿਚ ਸਾਡੇ ਖਿਲਾਫ ਵਿਰੋਧਤਾ ਹੋਈ ਕਿ ਪੰਜਾਬ ਸਰਕਾਰ ਨੂੰ ਆਗਿਆ ਨਾ ਦਿਉ ਕਿ ਜੀ ਡੀ ਆਰ ਮਸ਼ੀਨਾ .

ਸ੍ਰੀ ਸਭਾਪਤੀ: ਜਥੇਦਾਰ ਜੀ, ਸਮਾਂ ਹੋ ਗਿਆ ਹੈ, ਤੁਸੀਂ ਆਪਣੀ ਸਪੀਚ 18.3.2013 ਨੂੰ ਜਾਰੀ ਰੱਖੋਗੇ। ਹੁਣ ਸਦਨ ਸੋਮਵਾਰ, ਮਿਤੀ 18 ਮਾਰਚ 2013 ਦੇ 2.00 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੁੰਦਾ ਹੈ।

*2.30 ਵਜੇ ਬਾਅਦ ਦੁਪਹਿਰ (ਇਸ * ਉਪਰੰਤ ਸਦਨ, ਸੋਮਵਾਰ, ਮਿਤੀ 18 ਮਾਰਚ, 2013 ਦੇ 2.00 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ।)

APPENDIX

TO

PUNJAB VIDHAN SABHA DEBATES

Friday, the 15th March, 2013

Vol. IV- No. 4

STARRED QUESTION AND ANSWER

ਰਾਏਕੋਟ ਹਲਕੇ ਵਿੱਚ ਸੜਕਾਂ ਦੀ ਮੁਰੰਮਤ

***737. ਸਰਦਾਰ ਗੁਰਚਰਨ ਸਿੰਘ:** ਕੀ ਲੋਕ ਨਿਰਮਾਣ (ਭ ਤੇ ਮ.) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਸੱਚ ਹੈ ਕਿ ਰਾਏਕੋਟ ਹਲਕੇ ਵਿੱਚ ਸੜਕਾਂ ਦੀ ਮੁਰੰਮਤ ਪਿਛਲੇ ਲੰਮੇ ਸਮੇਂ ਤੋਂ ਅਧੂਰੀ ਪਈ ਹੈ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਸੜਕਾਂ ਦੀ ਮੁਰੰਮਤ ਕਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾਣਗੇ?

ਸਰਦਾਰ ਪਰਕਾਸ਼ ਸਿੰਘ ਬਾਦਲ (ਮੁੱਖ ਮੰਤਰੀ): ਨਹੀਂ ਜੀ। ਹਲਕਾ ਰਾਏਕੋਟ ਵਿੱਚ ਪਿਛਲੇ ਸਮੇਂ ਦੌਰਾਨ ਮੁਰੰਮਤ ਕੀਤੀਆਂ ਗਈਆਂ ਲਿੰਕ ਸੜਕਾਂ ਦਾ ਵੇਰਵਾ ਅਨੁਲੱਗ ੳ** ਤੇ ਹੈ। ਇਸ ਤੋਂ ਇਲਾਵਾ ਮਾਰਚ, 2006 ਤੱਕ ਮੁਰੰਮਤ ਕੀਤੀਆਂ ਗਈਆਂ ਲਿੰਕ ਸੜਕਾਂ ਵਿਚੋਂ ਜਿਨ੍ਹਾਂ ਦੀ ਹਾਲਤ ਠੀਕ ਨਹੀਂ ਹੈ, ਦੀ ਮੁਰੰਮਤ ਮਾਰਚ, 2014 ਤੱਕ ਕਰਵਾ ਦਿੱਤੀ ਜਾਵੇਗੀ। (ਅਨੁਲੱਗ ਅ**)

** Placed in the Revisor Branch

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਐਸ.ਏ.ਐਸ. ਨਗਰ ਵੱਲੋਂ ਛਾਪੀ ਗਈ।

9073/07-2016/305/ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ. ਨਗਰ